ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

Vol 18 *Issue 172 Monday, September 09, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374
www.HardeepSivia.com


# ਸਰਕਾਰ ਬਦਲਣ ਦੇ ਮੁੱਦੇ 'ਤੇ ਵੰਡੇ ਹੋਏ ਹਨ ਕੈਨੇਡੀਅਨ : ਸਰਵੇਖਣ ਰਿਪੋਰਟ

ਓਟਵਾ, 8 ਸਤੰਬਰ (ਪੋਸਟ ਬਿਊਰੋ) : ਇੱਕ ਪਾਸੇ ਫੈਡਰਲ ਇਲੈਕਸ਼ਨ ਕੈਂਪੇਨ ਰਸਮੀ ਤੌਰ ਉੱਤੇ ਲਾਂਚ ਕੀਤੇ ਜਾਣ ਦਾ ਸਮਾਂ ਨੇੜੇ ਆਉਂਦਾ ਜਾ ਰਿਹਾ ਹੈ ਉੱਥੇ ਹੀ ਨੈਨੋਜ਼ ਵੱਲੋਂ ਕਰਵਾਏ ਗਏ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਇਸ ਗੱਲ ਨੂੰ ਲੈ ਕੇ ਕੈਨੇਡੀਅਨ ਵੰਡੇ ਹੋਏ ਹਨ ਕਿ ਸਰਕਾਰ ਬਦਲਣ ਦਾ ਸਮਾਂ ਆ ਗਿਆ ਹੈ ਜਾਂ ਨਹੀਂ।



ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਵਿੱਚੋਂ ਪੰਜਵਾਂ ਹਿੱਸਾ ਕੈਨੇਡੀਅਨ ਅਜੇ ਇਸ ਬਾਰੇ ਕੁੱਝ ਵੀ ਤੈਅ ਨਹੀਂ ਕਰ ਪਾ ਰਹੇ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਲ 15 ਸਤੰਬਰ ਤੱਕ ਦਾ ਸਮਾਂ ਹੈ ਕਿ ਉਹ ਗਵਰਨਰ ਜਨਰਲ ਕੋਲ ਜਾ ਕੇ ਸੰਸਦ ਭੰਗ ਕਰਨ ਤੇ ਚੋਣਾਂ ਦਾ ਐਲਾਨ ਕਰਨ ਲਈ ਆਖਣ। ਟਰੂਡੋ ਦੇ ਅਜਿਹਾ ਕਰਨ ਤੋਂ ਬਾਅਦ ਦੇਸ਼ ਭਰ ਵਿੱਚ ਰਸਮੀ ਤੌਰ ਉੱਤੇ ਚੋਣਾਂ ਦਾ ਮਾਹੌਲ ਬਣ ਜਾਵੇਗਾ ਤੇ ਫੈਡਰਲ ਪਾਰਟੀਆਂ ਦੇ ਲੀਡਰ ਆਪਣੇ ਲਈ ਤੇ ਆਪਣੇ ਉਮੀਦਵਾਰਾਂ ਲਈ ਵੋਟਾਂ ਦੀ ਮੰਗ ਕਰਨ ਵਿੱਚ ਰੁੱਝ ਜਾਣਗੇ। ਇਸ ਸਾਲ 21 ਅਕਤੂਬਰ ਨੂੰ ਫੈਡਰਲ ਚੋਣਾਂ ਹੋਣ ਜਾ ਰਹੀਆਂ ਹਨ।

ਨੈਨੋਜ਼ ਵੱਲੋਂ ਕਰਵਾਏ ਗਏ ਇਸ ਨਵੇਂ ਸਰਵੇਖਣ ਵਿੱਚ ਬਹੁਤੇ ਕੈਨੇਡੀਅਨਾਂ ਦਾ ਕਹਿਣਾ ਹੈ ਕਿ ਉਹ ਤਬਦੀਲੀ ਲਈ ਤਿਆਰ ਹਨ। 44 ਫੀ ਸਦੀ ਅਜਿਹੇ ਹਨ ਜਿਹੜੇ ਤਬਦੀਲੀ ਚਾਹੁੰਦੇ ਹਨ ਜਦਕਿ 39 ਫੀ ਸਦੀ ਅਜਿਹੇ ਹਨ ਜਿਹੜੇ ਤਬਦੀਲੀ ਨਹੀਂ ਚਾਹੁੰਦੇ। ਬਾਕੀ ਦੇ 18 ਫੀ ਸਦੀ ਅਜੇ ਇਹ ਤੈਅ ਨਹੀਂ ਕਰ ਪਾਏ ਕਿ ਉਹ ਤਬਦੀਲੀ ਚਾਹੁੰਦੇ ਹਨ ਜਾਂ ਨਹੀਂ। ਪ੍ਰੇਰੀ ਪ੍ਰੋਵਿੰਸਾਂ ਅਜਿਹੀਆਂ ਹਨ ਜਿੱਥੋਂ ਦੇ 58.9 ਫੀ ਸਦੀ ਵਾਸੀਆਂ ਨੂੰ ਲੱਗਦਾ ਹੈ ਕਿ ਤਬਦੀਲੀ ਦਾ ਸਮਾਂ ਆ ਗਿਆ ਹੈ। ਓਨਟਾਰੀਓ ਦੇ 44 ਫੀ ਸਦੀ ਵਾਸੀਆਂ ਨੂੰ ਲੱਗਦਾ ਹੈ ਕਿ ਤਬਦੀਲੀ ਹੋਣੀ ਚਾਹੀਦੀ ਹੈ। ਪਰ ਐਟਲਾਂਟਿਕ ਕੈਨੇਡਾ ਦੇ 51.5 ਫੀ ਸਦੀ ਵਾਸੀ ਇਹ ਮੰਨਦੇ ਹਨ ਕਿ ਅਜੇ ਤਬਦੀਲੀ ਦੀ ਕੋਈ ਲੋੜ ਨਹੀਂ ਹੈ। 41.6 ਫੀ ਸਦੀ ਬ੍ਰਿਟਿਸ਼ ਕੋਲੰਬੀਅਨਜ਼ ਨੂੰ ਵੀ ਤਬਦੀਲੀ ਨਹੀਂ ਚਾਹੀਦੀ। ...ਬਾਕੀ ਪੰਨਾ 6 'ਤੇ

## ਹਾਈਵੇਅ 401 'ਤੇ ਕਈ ਗੱਡੀਆਂ ਟਕਰਾਈਆਂ, ਇੱਕ ਹਲਾਕ, 10 ਜ਼ਖ਼ਮੀ

ਓਨਟਾਰੀਓ, 8 ਸਤੰਬਰ (ਪੋਸਟ ਬਿਊਰੋ) : ਲੈਜ਼ਲੀ ਨੇੜੇ ਹਾਈਵੇਅ 401 ਉੱਤੇ ਕਈ ਗੱਡੀਆਂ ਆਪਸ ਵਿੱਚ ਟਕਰਾਉਣ ਤੋਂ ਬਾਅਦ 86 ਸਾਲ ਮਹਿਲਾ ਦੀ ਮੌਤ ਹੋ ਗਈ ਤੇ ਤਿੰਨ ਬੱਚਿਆਂ ਸਮੇਤ 10 ਹੋਰ ਜ਼ਖ਼ਮੀ ਹੋ ਗਏ।



ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਹਾਦਸੇ ਵਿੱਚ ਚਾਰ ਗੱਡੀਆਂ ਸ਼ਾਮਲ ਸਨ। ਟੋਰਾਂਟੋ ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਮਹਿਲਾ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ 10 ਹੋਰ ਵਿਅਕਤੀ ਇਸ ਹਾਦਸੇ ਵਿੱਚ ਜ਼ਖ਼ਮੀ ਹੋਏ ਹਨ ਜਿਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਅਜੇ ਤੱਕ ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਪੱਛਮ ਵੱਲ ਜਾਣ ਵਾਲੀਆਂ ਹਾਈਵੇਅ 401 ਦੀਆਂ ਸਾਰੀਆਂ ਲੇਨਜ਼ ਨੂੰ ਵਾਰਡਨ ਐਵਨਿਊ ਉੱਤੇ ਬੰਦ ਕਰ ਦਿੱਤਾ ਗਿਆ ਸੀ ਪਰ ਹੁਣ ਇਸ ਲਾਂਘੇ ਨੂੰ ਖੋਲ੍ਹ ਦਿੱਤਾ ਗਿਆ ਹੈ। ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਲਈ ਜਾਂਚ ਚੱਲ ਰਹੀ ਹੈ।

## ਅੰਦਰ ਪੜ੍ਹੋ

ਚੰਦਰਮਾ ਉੱਤੇ ਪਹੁੰਚਿਆ ਲੈਂਡਰ ਵਿਕਰਮ ਲੱਭ ਪਿਆ, ਸੰਪਰਕ ਦੇ ਯਤਨ ਜਾਰੀ



ਪੰਨਾ 3

## 19 ਸਾਲਾ ਬਿਆਂਕਾ ਨੇ ਸੇਰੇਨਾ ਵਿਲੀਅਮਜ਼ ਦੇ 24ਵੇਂ ਖ਼ਿਤਾਬ ਦਾ ਸੁਪਨਾ ਤੋੜਿਆ



ਨਿਊਯਾਰਕ, 8 ਸਤੰਬਰ, (ਪੋਸਟ ਬਿਊਰੋ)- ਸਿਰਫ 19 ਸਾਲ ਉਮਰ ਵਾਲੀ ਬਿਆਂਕਾ ਐਂਡ੍ਰੀਸਕੂ ਕੈਨੇਡਾ ਦੀ ਪਹਿਲੀ ਗਰੈਂਡ ਸਲੈਮ ਚੈਂਪੀਅਨ ਬਣ ਗਈ ਹੈ। ਉਸ ਨੇ 23 ਵਾਰ ਦੀ ਗਰੈਂਡ ਸਲੈਮ ਜੇਤੂ ਅਮਰੀਕਾ ਦੀ ਸੇਰੇਨਾ ਵਿਲੀਅਮਜ਼ ਨੂੰ ਸਿੱਧੇ ਸੈੱਟਾਂ ਵਿਚ 6-3, 7-5 ਨਾਲ ਹਰਾ ਕੇ ਯੂ ਐੱਸ ਓਪਨ ਦਾ ਮਹਿਲਾ ਸਿੰਗਲਜ਼ ਖ਼ਿਤਾਬ ਜਿੱਤਿਆ ਹੈ।

ਐਂਡ੍ਰੀਸਕੂ ਪਿਛਲੇ 15 ਸਾਲਾਂ ਵਿਚ ਸਭ ਤੋਂ ਛੋਟੀ ਉਮਰ ਵਾਲੀ ਗਰੈਂਡ ਸਲੈਮ ਚੈਂਪੀਅਨ ਵੀ ਬਣੀ ਹੈ। ਇਸ ਤੋਂ ਪਹਿਲਾਂ ਯੂ ਐੱਸ ਓਪਨ 2004 ਵਿਚ ਸਵੇਤਲਾਨਾ ਕੁਜ਼ਨੇਤਸੋਵਾ ਨੇ ਛੋਟੀ ਉਮਰ ਵਿੱਚ ਖ਼ਿਤਾਬ ਜਿੱਤਿਆ ਸੀ। ਇਸ ਸਾਲ ਦੇ ਸੈਸ਼ਨ ਵਿਚ ਬਿਆਂਕਾ ਦਾ ਚੋਟੀ ਦੇ 10 ਖਿਡਾਰੀਆਂ ਦੇ ਖ਼ਿਲਾਫ਼ ਰਿਕਾਰਡ 8-0 ਸੀ। ਇਸ ਜਿੱਤ ਨਾਲ ਉਹ ਰੈਂਕਿੰਗ ਵਿਚ ਪੰਜਵੇਂ ਥਾਂ ਆ ਜਾਵੇਗੀ। ਬਿਆਂਕਾ ਨੇ ਮੋਨਿਕਾ ਸੈਲੇਸ ਦੀ ਬਰਾਬਰੀ ਕੀਤੀ ਹੈ, ਜਿਨ੍ਹਾਂ ਨੇ 1990 ਵਿਚ ਚੌਥਾ ਗਰੈਂਡ ਸਲੈਮ ਖੇਡਦੇ ਹੋਏ ਖ਼ਿਤਾਬ ਜਿੱਤਿਆ ਸੀ। ਬਿਆਂਕਾ ਨੇ ਵੀ ਚੌਥਾ ਗਰੈਂਡ ਸਲੈਮ ਖੇਡ ਕੇ ਟਰਾਫੀ ਆਪਣੇ ਨਾਂ ਕਰਾਈ ਹੈ। ...ਬਾਕੀ ਪੰਨਾ 6 'ਤੇ


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272 www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਿਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

INSURANCE
Auto | Home | Business | Trucking | Life
ARMOUR Best rates & Best Coverage
ਵਧੀਆ ਇੰਸ਼ੋਰੈਂਸ ਰੇਟਾਂ ਲਈ ਸੰਪਰਕ ਨੰਬਰ:
RAJESH SOOD (RAJ) CAIB (hons.), MBA (finance), RIBO
416-908-6237
Unit 1, 30 Topflight dr., Mississauga

JOSHI LAW OFFICE
Barrister, Solicitor & Notary Public
info@joshilawoffice.com | joshilawoffice.com
• Immigration
• Real Estate / Commercial Law
• Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# Dr. Randhawa Dentistry

*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਉਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
DENTISTRY
Squire Ellis Dr
Countryside Dr



# APEX

CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com

Laddi



You can
Place Your Business Here
To Reach Wider Audience

For more info Call 905-793-2202 or e-mail ads@punjabipost.ca



Check our Free E-paper
at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



RPC
Royal Pizza & Curry Hut

11am - 11pm | 7 Days a Week
184 Main Street South,
Unit D., Brampton

$8.97 +Tax
X-Large (16") Fully Loaded Pizza *With 5 Toppings (Any)

WE SPECIALIZE IN VEGAN FOOD

UNDER $10 CURRIES WITH FREE NAAN
LOTS TO CHOOSE FROM

905-450-2777
647-906-3295

Kotakpura Aata Chicken
Get $5 Off with Special Coupon from PunjabiPost
Was $25 NOW $20



You can
Place Your Business Here
To Reach Wider Audience

For more info Call 905-793-2202 or e-mail ads@punjabipost.ca



Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਗਿਆ ਗਵਾਚ ਸੀ ਉੱਪ ਗ੍ਰਹਿ ਕੱਲ੍ਹ ਬੇਸ਼ੱਕ,
ਲਿਆ ਇਹ ਭਾਰਤ ਨੇ ਫੇਰ ਹੈ ਟੋਲ ਮੀਆਂ।
ਕੀਤੀ ਬਾਹਲੀ ਕਮਾਲ ਬਈ ਸਾਇੰਸਦਾਨਾਂ,
ਲਿਆਕਤ ਸਿਰੇ ਦੀ ਜਿਨ੍ਹਾਂ ਦੇ ਕੋਲ ਮੀਆਂ।
ਪੂਰਾ ਮੁਲਕ ਰਿਹਾ ਉਨ੍ਹਾਂ ਦੇ ਨਾਲ ਖੜਿਆ,
ਕਿਧਰੇ ਮਨੋਂ ਉਹ ਜਾਣ ਨਹੀਂ ਡੋਲ ਮੀਆਂ।
ਮੋੜਿਆ ਮੁਲਕ ਦੀ ਕਦਰ ਦਾ ਮੁੱਲ ਉਨ੍ਹਾਂ,
ਆਪਣਾ ਖ਼ੂਬ ਨਿਭਾਇਆ ਈ ਰੋਲ ਮੀਆਂ।
ਸਿਆਸੀ ਲਾਭਾਂ ਦੀ ਕਿਸੇ ਨੂੰ ਖਾਹਿਸ਼ ਹੋਊ,
ਸਾਇੰਸਦਾਨਾਂ ਨੂੰ ਖੋਜ ਲਈ ਚਾਹਤ ਮੀਆਂ।
ਜਿਹੜੀ ਲੱਭਤ ਦੀ ਉਨ੍ਹਾਂ ਕਮਾਲ ਕਰ'ਤੀ,
ਉਸ ਨਾਲ ਸਾਰੇ ਸੰਸਾਰ ਨੂੰ ਰਾਹਤ ਮੀਆਂ।

**ਤੀਸ ਮਾਰ ਖਾਂ**

# ਚੰਦਰਮਾ ਉੱਤੇ ਪਹੁੰਚਿਆ ਲੈਂਡਰ ਵਿਕਰਮ ਲੱਭ ਪਿਆ, ਸੰਪਰਕ ਦੇ ਯਤਨ ਜਾਰੀ


ਬੈਂਗਲੁਰੂ, 8 ਸਤੰਬਰ, (ਪੋਸਟ ਬਿਊਰੋ)- ਚੰਦਰਮਾ ਉੱਤੇ ਉਤਾਰੇ ਜਾਣ ਦੇ ਆਖ਼ਰੀ ਪਲ਼ਾਂ ਵਿੱਚ ਧਰਤੀ ਹੇਠਲੇ ਕੰਟਰੋਲ ਰੂਮ ਨਾਲ ਸੰਪਰਕ ਗੁਆ ਬੈਠੇ ਲੈਂਡਰ ਵਿਕਰਮ ਦਾ ਪਤਾ ਲੱਗ ਗਿਆ ਅਤੇ ਚੰਦਰਯਾਨ-2 ਦੇ ਆਰਬਿਟਰ ਨੇ ਚੰਦ ਉੱਤੇ ਵਿਕਰਮ ਦੀ ਥਰਮਲ ਤਸਵੀਰ ਖਿੱਚ ਕੇ ਭੇਜ ਦਿੱਤੀ ਹੈ। ਇਸ ਨਾਲ ਸੰਪਰਕ ਦੇ ਯਤਨ ਜਾਰੀ ਹਨ। ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਦੇ ਮੁਖੀ ਕੇ ਸਿਵਨ ਨੇ ਅੱਜ ਐਤਵਾਰ ਇਹ ਜਾਣਕਾਰੀ ਦਿੱਤੀ ਹੈ।

ਇੰਡੀਅਨ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ ਦੇ ਮੁਖੀ ਕੇ. ਸਿਵਨ ਨੇ ਦੱਸਿਆ ਕਿ 'ਅਸੀਂ ਚੰਦਰਮਾ ਦੀ ਸੱਤ੍ਹਾ ਉੱਤੇ ਲੈਂਡਰ ਲੱਭ ਲਿਆ ਹੈ। ਯਕੀਨੀ ਤੌਰ ਉੱਤੇ ਇਸ ਦੀ ਹਾਰਡ ਲੈਂਡਿੰਗ ਹੋਈ ਹੋਵੇਗੀ।' ਆਰਬਿਟਰ ਨੇ ਜਿਹੜੇ ਕੈਮਰੇ ਨਾਲ ਇਹ ਫੋਟੋ ਲਈ ਹੈ, ਉਹ ਅੱਜ ਤਕ ਕਿਸੇ ਵੀ ਚੰਦਰਮਾ ਮੁਹਿੰਮ ਉੱਤੇ ਵਰਤੇ ਗਏ ਕੈਮਰੇ ਤੋਂ ਵੱਧ ਰੈਜ਼ੋਲੂਸ਼ਨ ਵਾਲਾ ਹੈ। ਕੇ ਸਿਵਨ ਨੇ ਦੱਸਿਆ ਕਿ ਇਸ ਕੈਮਰੇ ਨਾਲ

### * ਬਾਹਲੀ ਤੇਜ਼ ਬ੍ਰੇਕ ਲੱਗਣ ਨਾਲ ਬੇਕਾਬੂ ਹੋਇਆ ਸੀ ਵਿਕਰਮ

ਆਰਬਿਟਰਹਾਈ ਰੈਜ਼ੋਲੂਸ਼ਨ ਫੋਟੋ ਖਿੱਚ ਕੇ ਭੇਜ ਸਕੇਗਾ, ਜੋ ਦੁਨੀਆ ਭਰ ਦੇ ਵਿਗਿਆਨਕਾਂ ਲਈ ਖਾਸ ਅਹਿਮ ਹੋਣਗੀਆਂ। ਲੈਂਡਿੰਗ ਵੇਲੇ ਵਿਕਰਮ ਦੇ ਨੁਕਸਾਨਬਾਰੇ ਸਿਵਨ ਨੇ ਕਿਹਾ, 'ਅਜੇ ਅਸੀਂ ਇਹ ਨਹੀਂ ਜਾਣਦੇ।' ਕੁਝ ਮਾਹਿਰਾਂ ਦੇ ਮੁਤਾਬਕ 'ਹਾਰਡ ਲੈਂਡਿੰਗ', ਜਿਸ ਨੂੰ ਇੱਕਦਮ ਵੱਧ ਬਰੇਕ ਲੱਗਣਾ ਕਿਹਾ ਜਾ ਸਕਦਾ ਹੈ, ਦੇ ਕਾਰਨ ਇਸ ਗੱਲ ਨੂੰ ਨਹੀਂ ਨਕਾਰਿਆ ਜਾ ਸਕਦਾ ਕਿ ਵਿਕਰਮ ਨੂੰ ਨੁਕਸਾਨ- ਪੁੱਜਾ ਹੋਵੇਗਾ।

ਕੇ ਸਿਵਨ ਨੇ ਦੱਸਿਆ ਕਿ ਲੈਂਡਰ ਨੂੰ ਚੰਦ ਦੀ ਸੱਤ੍ਹਾ ਉੱਤੇ ਉਤਾਰਨ ਦੀ ਪ੍ਰਕਿਰਿਆ ਸਹੀ ਚੱਲ ਰਹੀ ਸੀ ਤਾਂ ਸਤ੍ਹਾ ਤੋਂ 2.1 ਕਿਲੋਮੀਟਰ ਉਚਾਈ ਉੱਤੇ ਅਚਾਨਕ ਇਸ ਦਾ ਸੰਪਰਕ ਟੁੱਟ ਗਿਆ। ਇਸ ਲੈਂਡਰ ਵਿੱਚੋਂ ਨਿਕਲਣ ਵਾਲਾ ਰੋਵਰ ਪ੍ਰਗਿਆਨ ਵੀ



ਲੈਂਡਰ ਦੇ ਅੰਦਰ ਹੈ। 'ਸਾਫਟ ਲੈਂਡਿੰਗ' ਹੁੰਦੀ ਤਾਂ ਕੁਝ ਘੰਟੇ ਬਾਅਦ ਰੋਵਰ ਇਸ ਤੋਂ ਨਿਕਲ ਕੇ ਤਜਰਬੇ ਕਰਨ ਲੱਗ ਜਾਣਾ ਸੀ। ਹਾਲ ਦੀ ਘੜੀ ਲੈਂਡਰ ਵਿਕਰਮ ਦਾ ਪਤਾ ਲੱਗਣ ਪਿੱਛੋਂ ਇਸ ਨਾਲ ਸੰਪਰਕ ਦੀਆਂ ਉਮੀਦਾਂ ਵਧ ਗਈਆਂ ਹਨ ਅਤੇ ਇਸ ਬਾਰੇ ਸੰਪਰਕ ਸਥਾਪਤ ਕਰਨ ਦਾ ਹਰ ਯਤਨ ਕੀਤਾ ਜਾਂਦਾ ਰਹੇਗਾ।

ਉਂਜ ਲੈਂਡਰ ਦਾ ਪਤਾ ਲੱਗਣ ਦੇ ਬਾਵਜੂਦ ਇਸ ਨਾਲ ਸੰਪਰਕ ਦੀ ਆਸ ਹਰ ਬੀਤਦੇ ਪਲ਼ ਘਟ ਰਹੀਹੈ। ਇਸਰੋ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਮਾਂ ਤੇਜ਼ੀ ਨਾਲ ਹੱਥੋਂ ਲੰਘ ਰਿਹਾ ਹੈ। ਇਕ ਆਸ ਹੈ ਕਿ ਸ਼ਾਇਦ ਲੈਂਡਰ ਦੀ ਦਿਸ਼ਾ ਸਹੀ ਹੋਵੇ ਤੇ ਇਸ ਉੱਤੇ ਲੱਗੇ ਸੋਲਰ ਪੈਨਲ ਅੱਗੋਂ ਸੂਰਜ ਦੇ ਚਾਨਣਨਾਲ ਉਸ ਦੀਆਂ ਬੈਟਰੀਆਂ ਨੂੰ ਰੀਚਾਰਜ ਕਰ ਦੇਣ, ਪਰ ਇਸ ਦੀ ਸੰਭਾਵਨਾ ਬਹੁਤ ਘੱਟ ਹੈ।

ਇਸ ਦੌਰਾਨ ਭਾਰਤ ਦੇ ਵਿਗਿਆਨਕ ਇਸ ਲੈਂਡਰ ਦਾ ਸੰਪਰਕ ਟੁੱਟਣ ਦੇ ਕਾਰਨ ਲੱਭਣ ਰੁੱਝੇ ਹੋਏ ਹਨ। ਪਹਿਲਾਂ ਮੰਨਿਆ ਗਿਆ ਸੀ ਕਿ ਲੈਂਡਿੰਗ ਵੇਲੇ ਵਿਕਰਮ ਦੀ ਸਪੀਡ ਬਹੁਤ ਜ਼ਿਆਦਾ ਸੀ ਤੇ ਉਸ ਨੂੰ ਰੋਕਣ ਲਈ ਸਹੀ ਬ੍ਰੇਕ ਨਹੀਂ ਲੱਗ ਸਕੀ। ਵਿਗਿਆਨੀਆਂ ਦਾ ਤਾਜ਼ਾ ਅਨੁਮਾਨ ਹੈ ਕਿ ਸ਼ਾਇਦ ਵੱਧ ਤੇਜ਼ ਬ੍ਰੇਕ ਲੱਗਣ ਨਾਲ ਵਿਕਰਮ ਬੇਕਾਬੂ ਹੋ ਗਿਆ ਤੇਸੰਪਰਕ ਟੁੱਟ ਗਿਆ ਸੀ। ਕੁਝ ਵਿਗਿਆਨਕਾਂ ਦਾ ਕਹਿਣਾ ਹੈ ਕਿ ਬਹੁਤ ਤੇਜ਼ ਰਫ਼ਤਾਰ ਨਾਲ ਜਾਂਦੀ ਗੱਡੀ ਜਿਵੇਂ ਤੇਜ਼ ਬ੍ਰੇਕ ਲੱਗਣ ਨਾਲ ਪਲਟ ਜਾਂਦੀ ਹੈ, ਸ਼ਾਇਦ ਉਸੇ ਤਰ੍ਹਾਂ ਵਿਕਰਮ ਨਾਲ ਹੋਇਆ ਹੋਵੇ। ਵਿਗਿਆਨੀਆਂ ਨੇ ਕਿਹਾ ਕਿ ਰਫ ਬ੍ਰੇਕਿੰਗ ਫੇਜ਼ ਵੇਲੇ ਵਿਕਰਮ ਦੇ ਪੈਰ ਹੌਰੀਜੈਂਟਲ ਹਾਲਤ ਵਿਚ ਸਨ ਤੇ ਫਾਈਨ ਬ੍ਰੇਕਿੰਗ ਤੋਂ ਪਹਿਲਾਂ ਪੈਰਾਂ ਨੂੰ 90 ਡਿਗਰੀ ਮੋੜ ਕੇ ਵਰਟੀਕਲ ਕਰਨਾ ਸੀ। ਸ਼ਾਇਦ ਤੇਜ਼ ਬ੍ਰੇਕ ਨਾਲ ਅਵਸਥਾ ਬਦਲ ਗਈ ਤੇ ਸਹੀ ਤਰ੍ਹਾਂ ਲੈਂਡ ਨਹੀਂ ਹੋਇਆ ਸੀ।

# ਪੰਜਾਬ ਦੇ ਲੁਟੇਰੇ ਮੱਧ ਪ੍ਰਦੇਸ਼ ਵਿੱਚੋਂ ਗ੍ਰਿਫਤਾਰ ਕੀਤੇ ਗਏ

ਵਿਦੀਸ਼ਾ, 8 ਸਤੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਲੁੱਟ ਦੀ ਵਾਰਦਾਤ ਕਰ ਕੇ ਭੱਜੇ ਦੋ ਬਦਮਾਸ਼ਾਂ ਨੂੰ ਮੱਧ ਪ੍ਰਦੇਸ਼ ਦੇ ਵਿਦੀਸ਼ਾ 'ਚ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸੂਚਨਾ 'ਤੇ ਕੱਲ੍ਹ ਪੰਜਾਬ ਪੁਲਸ ਦੀ ਟੀਮ ਏਥੇ ਪਹੁੰਚੀ ਹੈ।

ਸੀ ਐਸ ਪੀ ਭਾਰਤ ਭੂਸ਼ਣ ਸ਼ਰਮਾ ਨੇ ਕਿਹਾ ਕਿ ਕੱਲ੍ਹ ਰਾਤ ਪੁਲਸ ਟੀਮ ਵਿਦੀਸ਼ਾ-ਅਸ਼ੋਕਨਗਰ ਰੋਡ 'ਤੇ ਬੇਤਵਾ ਨਦੀ ਨੇੜੇ ਵਾਹਨਾਂ ਦੀ ਚੈਕਿੰਗ ਕਰ ਰਹੀ ਸੀ ਤਾਂ ਪੰਜਾਬ ਦੇ ਨੰਬਰ ਵਾਲੀ ਕਾਰ ਤੋਂ ਸੁਖਪ੍ਰੀਤ ਸਿੰਘ ਪੁੱਤਰ ਜਸਵੀਰ ਸਿੰਘ (24) ਅਤੇ ਦੇਸਾ ਉਰਫ ਦੇਸਰਾਜ ਪੁੱਤਰ ਬੁੱਗਰ (27) ਨੂੰ ਫੜਿਆ ਗਿਆ। ਇਹ ਦੋਵੇਂ ਸੰਗਰੂਰ ਜ਼ਿਲ੍ਹੇ ਦੇ ਦਿੜਬਾ ਥਾਣਾ ਖੇਤਰ ਦੇ ਪਿੰਡ ਲਾਟ ਬਣਜਾਰਾ ਖੁਰਦ ਦੇ ਵਾਸੀ ਹਨ। ਉਨ੍ਹਾਂ ਤੋਂ ਇੱਕ ਦੇਸੀ ਪਿਸਤੌਲ, ਦੋ ਕਾਰਤੂਸ ਤੇ ਕਾਰ ਜ਼ਬਤ ਕੀਤੀ ਗਈ ਹੈ। ਇਹ ਸੰਗਰੂਰ, ਪਟਿਆਲਾ ਆਦਿ ਜ਼ਿਲ੍ਹਿਆਂ ਵਿੱਚ ਲੁੱਟਾਂ ਕਰ ਚੁੱਕੇ ਹਨ। ਦੋਵਾਂ ਨੇ 17 ਜੁਲਾਈ ਤੇ ਇੱਕ ਸਤੰਬਰ ਨੂੰ ਇੱਕ ਇੱਕ ਕਾਰ ਲੁੱਟੀ ਸੀ। ਇਨ੍ਹਾਂ ਵਿੱਚੋਂ ਇੱਕ ਕਾਰ ਨੂੰ ਪੰਜਾਬ 'ਚ ਲੁਕਾ ਕੇ ਰੱਖਿਆ ਅਤੇ ਦੂਜੀ ਕਾਰ ਉਤੇ ਵਿਦੀਸ਼ਾ ਆ ਗਏ। ਦੋਵੇਂ ਬਦਮਾਸ਼ ਸੁੰਨਸਾਨ ਇਲਾਕਿਆਂ 'ਚ ਰਾਤ ਹਥਿਆਰ ਦੇ ਜ਼ੋਰ 'ਤੇ ਲੁੱਟਮਾਰ ਕਰਦੇ ਸਨ। ਇਨ੍ਹਾਂ ਨੇ ਪੰਜਾਬ ਦੇ ਥਾਪੀਹੇੜੀ, ਦਿੜਬਾ 'ਚ ਇੱਕ ਏ ਟੀ ਐੱਮ ਲੁੱਟਣ ਦੀ ਕੋਸ਼ਿਸ਼ ਕੀਤੀ ਤੇ ਪਿੰਡ ਨਿਹਾਲਗੜ੍ਹ ਦਿੜਬਾ 'ਚ ਇੱਕ ਆਦਮੀ ਤੋਂ 15 ਹਜ਼ਾਰ ਰੁਪਏ ਲੁੱਟੇ ਸਨ। ਦੋਵੇਂ ਦੀ ਗ੍ਰਿਫਤਾਰੀ ਦੀ ਸੂਚਨਾ ਪੰਜਾਬ ਪੁਲਸ ਨੂੰ ਦੇ ਦਿੱਤੀ ਗਈ ਤਾਂ ਪਟਿਆਲਾ ਜ਼ਿਲ੍ਹੇ ਤੋਂ ਸਬ ਇੰਸਪੈਕਟਰ ਜੈਪਾਲ ਸਿੰਘ ਚਹਿਲ ਦੀ ਅਗਵਾਈ ਵਿੱਚ ਇੱਕ ਟੀਮ ਕੱਲ੍ਹ ਸ਼ਾਮ ਵਿਦੀਸ਼ਾ ਆ ਗਈ।

# ਟਰੈਫਿਕ ਤੇ ਟਰਾਂਜ਼ਿਟ ਬਾਰੇ ਵਿਚਾਰ ਵਟਾਂਦਰੇ ਲਈ ਕੈਨੇਡਾ ਭਰ ਤੋਂ ਮੇਅਰਜ਼ ਟੋਰਾਂਟੋ ਵਿੱਚ ਹੋਏ ਇੱਕਠੇ

ਟੋਰਾਂਟੋ, 8 ਸਤੰਬਰ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਕੈਨੇਡਾ ਭਰ ਦੀਆਂ ਸਿਟੀਜ਼ ਤੋਂ ਮੇਅਰਜ਼ ਟੋਰਾਂਟੋ ਵਿਖੇ ਇੱਕਠੇ ਹੋਏ। ਇੱਥੇ ਉਨ੍ਹਾਂ ਮਿਊਂਸਪਲ ਟਰਾਂਸਪੋਰਟੇਸ਼ਨ ਅਧਿਕਾਰੀਆਂ ਲਈ ਕੌਮੀ ਕਾਨਫਰੰਸ ਨਾਲ ਰਲ ਕੇ ਟਰਾਂਜ਼ਿਟ ਦਾ ਨਿਰਮਾਣ ਕਰਨ ਤੇ ਇਸ ਸਬੰਧੀ ਵੱਡੇ ਅੜਿਕ ਨੂੰ ਖਤਮ ਕਰਨ ਬਾਰੇ ਗੱਲਬਾਤ ਕੀਤੀ।

ਇਹ ਪ੍ਰਾਈਵੇਟ ਮੀਟਿੰਗ ਦੁਪਹਿਰੇ 1:00 ਵਜੇ ਲਾਅਰੈਂਸ ਮਾਰਕਿਟ ਵਿੱਚ ਰੱਖੀ ਗਈ ਸੀ। ਇਹ ਨੈਸ਼ਨਲ ਐਸੋਸਿਏਸ਼ਨ ਆਫ ਸਿਟੀ ਟਰਾਂਸਪੋਰਟੇਸ਼ਨ ਅਧਿਕਾਰੀਆਂ ਦੀ ਕਾਨਫਰੰਸ ਦੇ ਨਾਲ ਹੋਈ। ਪ੍ਰੈੱਸ ਰਲੀਜ਼ ਅਨੁਸਾਰ ਫੈਡਰੇਸ਼ਨ ਆਫ ਕੈਨੇਡੀਅਨ ਮਿਊਂਸਪੈਲਿਟੀਜ਼ (ਐਫਸੀਐਮ) ਬਿੱਗ ਸਿਟੀ ਮੇਅਰਜ਼ ਕਾਕਸ ਵੱਲੋਂ ਫੈਡਰਲ ਆਗੂਆਂ ਤੋਂ ਸਥਾਈ ਪਬਲਿਕ



ਟਰਾਂਜ਼ਿਟ ਫੰਡਿੰਗ ਮੈਕੇਨਿਜ਼ਮ ਕਾਇਮ ਕਰਨ ਦੀ ਮੰਗ ਕੀਤੀ ਜਾਵੇਗੀ। ਇੱਥੇ ਦੱਸਣਾ ਬਣਦਾ ਹੈ ਕਿ ਮੌਜੂਦਾ 10 ਸਾਲਾ ਟਰਾਂਜ਼ਿਟ ਇਨਫਰਾਸਟ੍ਰਕਚਰ ਫੰਡ ਦੀ 2027 ਵਿੱਚ ਮਿਆਦ ਮੁੱਕੇਗੀ।

ਮੀਟਿੰਗ ਤੋਂ ਪਹਿਲਾਂ ਐਤਵਾਰ ਸਵੇਰੇ ਮੀਡੀਆ ਨਾਲ ਗੱਲਬਾਤ ਕਰਦਿਆਂ ਮੇਅਰ ਜੌਹਨ ਟੋਰੀ ਨੇ ਆਖਿਆ ਕਿ ਕੈਨੇਡਾ ਵਿੱਚ ਅਸੀਂ ਜੋ ਹੁਣ ਤੱਕ ਅਕਸਰ ਨਹੀਂ ਕਰ ਪਾਏ ਉਹ ਹੈ ਟਰੈਫਿਕ ਤੇ ਟਰਾਂਜ਼ਿਟ ਵਰਗੇ ਮੁੱਦਿਆਂ ਉੱਤੇ ਗੱਲ ਕਰਨ ਲਈ ਮੇਅਰਜ਼ ਨੂੰ ਇੱਕ ਮੰਚ ਉੱਤੇ ਇੱਕਠਾ ਕਰਨਾ। ਟੋਰੀ ਨੇ ਆਖਿਆ ਕਿ ਅਸੀਂ ਫੈਡਰਲ ਪਾਰਟੀਆਂ ਤੋਂ ਇਹ ਅਪੀਲ ਕਰਨ ਜਾ ਰਹੇ ਹਾਂ ਕਿ ਉਹ ਵੀ ਟਰਾਂਜ਼ਿਟ ਲਈ ਵੱਧ ਤੋਂ ਵੱਧ ਫੰਡ ਦੇ ਕੇ ਸਾਡੀ ਮਦਦ ਕਰਨ ਤੇ ਅਸੀਂ ਵੀ ਨਵੇਂ ਵਿਚਾਰ ਜੋੜ ਕੇ ਇਸ ਪਾਸੇ ਆਪਣਾ ਯੋਗਦਾਨ ਪਾਈਏ।

# ਵਿਸ਼ਵਕਰਮਾ ਭਵਨ ਮੋਗਾ ਦੇ ਵਿਸਥਾਰ ਦਾ ਕੰਮ ਆਰੰਭ

### ਪੰਜਾਬ ਸਰਕਾਰ ਨੇ ਦਿੱਤੇ 5 ਲੱਖ ਰੁਪਏ



ਮੋਗਾ, 8 ਸਤੰਬਰ (ਗਿਆਨ ਸਿੰਘ): ਮੋਗਾ ਵਿਖੇ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਵਲੋਂ ਨਿਰਮਾਣ ਕੀਤਾ ਵਿਸ਼ਵਕਰਮਾ ਭਵਨ ਆਮ ਲੋਕਾਂ ਦੀ ਸਹੂਲਤ ਲਈ ਹੈ,ਜਿਸਦੀ ਖੁਲ੍ਹੀ ਜਗ੍ਹਾ ਹੋਣ ਕਰਕੇ ਵਿਆਹ ਸਾਦੀਆਂ,ਖੁਸੀ ਦੇ ਸਮਾਗਮ, ਸ਼ੋਕ ਸਮਾਗਮਾਂ ਨੂੰ ਮੋਗਾ ਸ਼ਹਿਰ ਤੋਂ ਇਲਾਵਾ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਅਤੇ ਖਾਸਕਰ ਐਨ.ਆਰ.ਆਈ. ਭਰਾਵਾਂ ਦੀ ਪਹਿਲੀ ਪਸੰਦ ਬਣ ਗਿਆ ਹੈ। ਇਸ ਭਵਨ ਵਿਚ ਰਾਜ ਪੱਧਰ ਦੇ ਸਰਕਾਰੀ ਸਮਾਗਮ ਵੀ ਆਯੋਜਿਤ ਕੀਤੇ ਜਾਂਦੇ ਹਨ। ਲੋਕਾਂ ਦੀ ਆਮਦ ਨੂੰ ਵੇਖਦਿਆਂ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਨੇ ਇਸ ਦਾ ਵਿਸਥਾਰ ਕਰਨ ਦਾ ਪਰੋਗਰਾਮ ਉਲੀਕਿਆ, ਜਿਸ ਲਈ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਪਿਛਲੇ ਵਿਸ਼ਵਕਰਮਾ ਦਿਵਸ਼ ਤੇ ਆਪਣੀ ਅਖਤਿਆਰੀ ਫੰਡ ਵਿਚੋਂ 5 ਲੱਖ ਰੁਪੈ ਦੀ ਗਰਾਂਟ ਦਾ ਐਲਾਨ ਕੀਤਾ ਸੀ। ਸਰਕਾਰੀ ਗਰਾਂਟ ਪ੍ਰਾਪਤ ਹੁੰਦਿਆਂ ਸੁਸਾਇਟੀ ਨੇ ਵਿਸਥਾਰ ਦਾ ਕੰਮ ਆਰੰਭ ਕਰ ਦਿੱਤਾ। ਇਸ ਦੇ ਨਿਰਮਾਣ ਲਈ ਕਈ ਸੰਸਥਾਵਾਂ ਤੇ ਵਿਅਕਤੀ ਆਪਣਾ ਯੋਗਦਾਨ ਪਾ ਰਹੇ ਹਨ।

ਵਿਸ਼ਵਕਰਮਾ ਭਵਨ ਵਿਖੇ ਆਪਣਾ ਯੋਗਦਾਨ ਪਾਉਣ ਲਈ ਟਰੱਕ/ਟਰੇਲਰ ਬਾਡੀ ਮੇਕਰ ਯੂਨੀਅਨ ਨੇ ਸ ਕਰਨੈਲ ਸਿੰਘ ਦੌਧਰੀਆ ਜ਼ਿਲ੍ਹਾ ਚੇਅਰਮੈਨ ਓ.ਬੀ.ਸੀ. ਸੈਲ ਕਾਂਗਰਸ ਪਾਰਟੀ ਨੇ 31 ਹਜਾਰ ਰੁਪੈ ਦਾ ਚੈਕ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਮਾਸਟਰ ਇੰਦਰਜੀਤ ਸਿੰਘ ਨੂੰ ਸੌਂਪਿਆ। ਇਸ ਮੌਕੇ ਸੋਹਣ ਸਿੰਘ ਸੱਗੂ ਸਰਪਰਸਤ, ਚੰਮਕੌਰ ਸਿੰਘ ਝੰਡੇਆਣਾ ਸਾਬਕਾ ਪ੍ਰਧਾਨ, ਤਰਸੇਮ ਸਿੰਘ ਸੱਗੂ, ਗੁਰਦੀਪ ਸਿੰਘ, ਮੁਖਤਿਆਰ ਸਿੰਘ ਪਤੰਗਾ, ਜਰਨੈਲ ਸਿੰਘ, ਅਵਤਾਰ ਸਿੰਘ, ਸਮਹਿੰਦਰ ਸਿੰਘ ਕਲਸੀ,ਅਜਮੇਰ ਸਿੰਘ, ਹਾਕਮ ਸਿੰਘ ਖੋਸਾ ਤੇ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਆਦਿ ਵਿਅਕਤੀ ਸਾਮਲ ਸਨ।

ਮਾਸਟਰ ਇੰਦਰਜੀਤ ਸਿੰਘ ਨੇ ਟਰੱਕ/ਟਰੇਲਰ ਬਾਡੀ ਮੇਕਰ ਯੂਨੀਅਨ ਦਾ ਧੰਨਵਾਦ ਕਰਦਿਆਂ ਦੇਸ਼/ਵਿਦੇਸ਼ ਦੀਆਂ ਮੋਗਾ ਇਲਾਕੇ ਦੀਆਂ ਸੰਗਤਾਂ ਨੂੰ ਭਵਨ ਦੇ ਵਿਸਥਾਰ ਲਈ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਸੰਗਤਾਂ ਸਿੱਧੇ ਤੌਰ ਤੇ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਮੋਗਾ ਦੇ ਸਟੇਟ ਬੈਂਕ ਆਫ ਇੰਡੀਆ ਮੋਗਾ ਦੇ ਖਾਤਾ ਨੰਬਰ 31078933866 IFSC Code SBIN0001775 (SWIFT) ਵਿਚ ਜਮ੍ਹਾਂ ਕਰਵਾ ਸਕਦੇ ਹਨ।

# ਅਲਕਾ ਲਾਂਬਾ ਨੇ ਆਮ ਆਦਮੀ ਪਾਰਟੀ ਛੱਡ ਕੇ ਫਿਰ ਕਾਂਗਰਸ ਦਾ ਪੱਲਾ ਫੜ੍ਹਿਆ

ਨਵੀਂ ਦਿੱਲੀ, 8 ਸਤੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੀ ਵਿਧਾਇਕ ਅਲਕਾ ਲਾਂਬਾ ਨੇ ਕੱਲ੍ਹ ਇਸ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਤੇ ਓਸੇ ਕਾਂਗਰਸ ਵਿੱਚ ਵਾਪਸੀ ਦਾ ਐਲਾਨ ਕੀਤਾ, ਜਿਸ ਤੋਂ ਰਾਜਨੀਤੀ ਸ਼ੁਰੂ ਕੀਤੀ ਸੀ। ਉਸ ਨੇ ਟਵੀਟ ਕੀਤਾ ਕਿ ਗੁੱਡਬਾਇ ਕਹਿਣ ਦਾ ਸਮਾਂ ਆ ਗਿਆ ਹੈ।

ਅਲਕਾ ਲਾਂਬਾ ਨੇ ਕਿਹਾ ਕਿ ਉਹ ਛੇਤੀ ਹੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਮੌਜੂਦਗੀ ਵਿੱਚ ਕਾਂਗਰਸ ਵਿੱਚ ਸ਼ਾਮਲ ਹੋਵੇਗੀ। ਵਰਨਣ ਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਬੁਲਾਰੇ ਸੌਰਭ ਭਾਰਦਵਾਜ ਨੇ ਕਿਹਾ ਸੀ ਕਿ ਪਾਰਟੀ ਉਸ ਦਾ ਅਸਤੀਫਾ ਟਵਿੱਟਰ ਉਤੇ ਵੀ ਮਨਜ਼ੂਰ ਕਰ ਸਕਦੀ ਹੈ। ਚਾਂਦਨੀ ਚੌਕ ਤੋਂ ਵਿਧਾਇਕ ਅਲਕਾ ਲਾਂਬਾ ਨੇ ਆਮ ਆਦਮੀ ਪਾਰਟੀ ਦੇ ਨੇਤਾਵਾਂ ਨੂੰ ਕਿਹਾ ਕਿ ਉਹ ਉਸ ਦਾ ਅਸਤੀਫਾ ਟਵਿੱਟਰ ਉਤੇ ਮਨਜ਼ੂਰ ਕਰ ਲੈਣ। ਇਸ ਦੇ ਨਾਲ ਹੀ ਉਸ ਨੇ ਕਿਹਾ ਕਿ ਇਹ ਅੱਜ ਕੱਲ੍ਹ 'ਖਾਸ ਆਦਮੀ ਪਾਰਟੀ' ਬਣ ਗਈ ਹੈ। ਉਸ ਨੇ ਟਵਿੱਟਰ ਉੱਤੇ ਇਕ ਵੀਡੀਓ ਪੋਸਟ ਕੀਤੀ ਹੈ, ਜਿਸ ਵਿੱਚ ਉਹ ਕਹਿੰਦੀ ਹੈ ਕਿ ਉਸ ਨੇ ਆਪਣਾ ਅਸਤੀਫਾ ਦੇਣ ਲਈ ਭਾਰਦਵਾਜ ਤੋਂ ਸਮਾਂ ਲੈਣ ਦੀ ਕੋਸ਼ਿਸ਼ ਕੀਤੀ, ਪਰ ਪਾਰਟੀ ਨੇ ਉਸ ਨੂੰ ਸਮਾਂ ਨਹੀਂ ਦਿੱਤਾ, ਇਸ ਲਈ ਉਹ ਟਵਿੱਟਰ ਉੱਤੇ ਆਪਣਾ ਅਸਤੀਫਾ ਭੇਜ ਰਹੀ ਹੈ। ਅਲਕਾ ਲਾਂਬਾ ਨੇ ਆਪਣਾ ਸਿਆਸੀ ਕਰੀਅਰ ਕਾਂਗਰਸ ਤੋਂ ਸ਼ੁਰੂ ਕੀਤਾ ਅਤੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਵੀਹ ਸਾਲ ਕਾਂਗਰਸ ਵਿੱਚ ਰਹੀ ਸੀ। ਬੀਤੇ ਮਹੀਨੇ ਉਸ ਨੇ ਐਲਾਨ ਕੀਤਾ ਸੀ ਕਿ ਉਸ ਨੇ ਦਿੱਲੀ ਦੀ ਸੱਤਾਧਾਰੀ ਪਾਰਟੀ ਨੂੰ ਛੱਡਣ ਦਾ ਮਨ ਬਣਾ ਲਿਆ ਹੈ ਤੇ ਉਹ ਆਗਾਮੀ ਵਿਧਾਨ ਸਭਾ ਚੋਣਾਂ ਆਜ਼ਾਦ ਉਮੀਦਵਾਰ ਵਜੋਂ ਲੜੇਗੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79
Automatic & Manual Trucks
1:1 Training
Forklift Training
Reach Truck
Air Brake Classes Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ਼ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਕਾਲ ਕਰੋ:
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ 647-643-7593

ShérGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਸਾਥੀਆਂ ਉੱਤੇ ਪਰਚਾ ਦਰਜ

### * ਡੀ ਸੀ ਨੂੰ ਮੀਟਿੰਗ ਵਿੱਚ ਜਾ ਕੇ ਧਮਕਾਉਣ ਦਾ ਮਾਮਲਾ ਵਧਿਆ



ਬਟਾਲਾ, 8 ਸਤੰਬਰ, (ਪੋਸਟ ਬਿਊਰੋ)- ਡਿਪਟੀ ਕਮਿਸ਼ਨਰ ਗੁਰਦਾਸਪੁਰ ਵਿਪੁਲ ਉਲਵਲ ਨੂੰ ਸਰਕਾਰੀ ਬੈਠਕਵਿੱਚ ਜਾ ਕੇ ਧਮਕਾਉਣ, ਬਦਸਲੂਕੀ ਕਰਨ, ਉਨ੍ਹਾਂ ਦੀ ਇੱਜ਼ਤ ਅਤੇ ਅਕਸ ਖਰਾਬ ਕਰਨ ਤੇ ਡਿਊਟੀ ਵਿੱਚ ਵਿਘਨ ਪਾਉਣ ਦੇ ਦੋਸ਼ ਹੇਠ ਬਟਾਲਾ ਪੁਲਿਸ ਨੇ ਅੱਜ ਐਤਵਾਰ ਆਤਮ ਨਗਰ (ਲੁਧਿਆਣਾ) ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਉਸ ਦੇ ਸਾਥੀਆਂ ਉੱਤੇ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰ ਲਿਆ ਹੈ। ਥਾਣਾ ਸਿਟੀ ਪੁਲਿਸ ਜ਼ਿਲ੍ਹਾ ਬਟਾਲਾ ਵਿਖੇ ਐੱਸ ਡੀ ਐੱਮ ਬਟਾਲਾ ਬਲਬੀਰ ਰਾਜ ਸਿੰਘ ਦੇ ਬਿਆਨਾਂ ਉੱਤੇ ਇਹ ਕੇਸ ਦਰਜ ਹੋਇਆ ਅਤੇ ਸਿਮਰਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਪਾਰਟੀ ਲੁਧਿਆਣਾ ਨੂੰ ਭੇਜਣ ਦੇ ਹੁਕਮ ਜਾਰੀ ਹੋਏ ਹਨ।

ਵਰਨਣ ਯੋਗ ਹੈ ਕਿ ਬਟਾਲਾ ਦੀ ਪਟਾਕਾ ਫੈਕਟਰੀ ਵਿੱਚ ਧਮਾਕੇ ਤੋਂ ਬਾਅਦ 5 ਸਤੰਬਰ ਬਾਅਦ ਦੁਪਹਿਰ ਬਚਾਅ ਕਾਰਜਾਂ ਦਾ ਜਾਇਜ਼ਾ ਲੈਣ ਤੇ ਅਣ-ਪਛਾਣੀਆਂ ਮ੍ਰਿਤਕਾਂ ਦੀਆਂ ਲਾਸ਼ਾਂ ਦੀ ਪਛਾਣ ਕਰਨ ਬਾਰੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੀ ਬੈਠਕ ਚੱਲ ਰਹੀ ਸੀ, ਜਿਸ ਵਿਚ ਐੱਸ ਐੱਸ ਪੀ ਬਟਾਲਾ ਉਪਿੰਦਰਜੀਤ ਸਿੰਘ ਘੁੰਮਣ, ਏਡੀਸੀ (ਜਨਰਲ) ਗੁਰਦਾਸਪੁਰ ਤਜਿੰਦਰਪਾਲ ਸਿੰਘ ਸੰਧੂ, ਸਿਵਲ ਸਰਜਨ ਗੁਰਦਾ-ਸਪੁਰ ਡਾ: ਕਿਸ਼ਨ ਚੰਦ ਤੇ ਕਈ ਹੋਰ ਅਧਿਕਾਰੀ ਸ਼ਾਮਲ ਸਨ ਕਿ ਆਤਮ ਨਗਰ (ਲੁਧਿਆਣਾ) ਤੋਂ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਆਪਣੇ 20 ਸਾਥੀਆਂ ਨਾਲ ਐੱਸ ਐੱਮ ਓ ਦਫ਼ਤਰ ਵਿੱਚ ਜ਼ਬਰਦਸਤੀ ਵੜਨ ਦੀ ਕੋਸ਼ਿਸ਼ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਡਿਊਟੀ ਨਿਭਾਉਣ ਦੇਣ ਤੇ ਬੇਲੋੜਾ ਵਿਘਨ ਨਾ ਪਾਉਣ ਨੂੰ ਕਿਹਾ, ਪਰ ਬੈਂਸ ਨੇ ਡਿਪਟੀ ਕਮਿਸ਼ਨਰ ਨੂੰ ਧਮਕੀ ਦੇਂਦੇ ਢੰਗ ਨਾਲ ਸੰਬੋਧਨ ਕੀਤਾ ਤੇ ਉਨ੍ਹਾਂ ਨਾਲ ਆਏ ਸਾਥੀਆਂ ਨੇ ਮੋਬਾਈਲ ਫੋਨਉੱਤੇ ਵੀਡੀਓ ਬਣਾ ਲਈ, ਜਿਸ ਨੂੰ ਬਾਅਦ ਵਿੱਚ ਸਿਮਰਜੀਤ ਸਿੰਘ ਬੈਂਸ ਤੇ ਉਨ੍ਹਾਂ ਦੇ ਸਾਥੀਆਂ ਨੇ ਕਲਿੱਪਸ ਨੂੰ ਐਡਿਟ ਕਰ ਕੇ ਵਾਇਰਲ ਕਰ ਦਿੱਤਾ, ਜਿਸ ਨਾਲ ਡਿਪਟੀ ਕਮਿਸ਼ਨਰ ਦੀ ਸਾਖ ਨੂੰ ਧੱਕਾ ਲੱਗਾ ਹੈ। ਐੱਸ ਡੀ ਐੱਮ ਬਟਾਲਾ ਬਲਬੀਰ ਰਾਜ ਸਿੰਘ ਨੇ ਇਸ ਦੀ ਸ਼ਿਕਾਇਤ ਵਿੱਚ ਇਹ ਕਿਹਾ ਹੈ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਵਿਪੁਲ ਉਲਵਲ ਨੂੰ ਧਮਕਾਉਣ, ਬਦਸਲੂਕੀ ਕਰਨ, ਉਨ੍ਹਾਂ ਦੇ ਇੱਜ਼ਤ ਤੇ ਅਕਸ ਨੂੰ ਖਰਾਬ ਕਰਨ ਤੇ ਉਨ੍ਹਾਂ ਦੀ ਡਿਊਟੀ ਵਿੱਚ ਵਿਘਨ ਪਾਉਣ ਬਾਰੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਉਸਦੇ ਸਾਥੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਯੋਗ ਕਾਨੂੰਨੀ ਕਾਰਵਾਈ ਕੀਤੀ ਜਾਵੇ। ਥਾਣਾ ਸਿਟੀ ਬਟਾਲਾ ਪੁਲਿਸ ਨੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੇ ਖਿਲਾਫ਼ ਕੇਸ ਦਰਜ ਕਰ ਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਹੋਰ ਸੁਣ ਲਓ: ਚੰਦਰਯਾਨ ਮਿਸ਼ਨ ਦੇ ਸਲਾਹਕਾਰ ਵਿਗਿਆਨੀ ਦਾ ਨਾਂ ਐੱਨ ਆਰ ਸੀ ਵਿੱਚੋਂ ਗ਼ਾਇਬ



ਗੁਵਾਹਾਟੀ, 8 ਸਤੰਬਰ, (ਪੋਸਟ ਬਿਊਰੋ)- ਅਸਾਮ ਸਰਕਾਰ ਨੇ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ (ਐਨਆਰਸੀ) ਦੀ ਜਿਹੜੀ ਅੰਤਿਮ ਸੂਚੀ ਬੀਤੀ 31 ਅਗਸਤ ਨੂੰ ਜਾਰੀ ਕੀਤੀ ਹੈ, ਉਸ ਵਿੱਚ ਲਗਭਗ 19 ਲੱਖ ਲੋਕਾਂ ਦੇ ਨਾਂ ਨਹੀਂ ਹਨ। ਇਨ੍ਹਾਂ ਵਿੱਚ ਚੰਦਰਯਾਨ ਮਿਸ਼ਨ-2 ਦੇ ਸਲਾਹਕਾਰ ਤੇ ਮੁੱਖ ਵਿਗਿਆਨੀ ਜਿਤੇਂਦਰ ਨਾਥ ਗੋਸਵਾਮੀ ਦਾ ਨਾਂ ਵੀ ਨਹੀਂ ਲੱਭ ਰਿਹਾ। ਗੋਸਵਾਮੀ ਦੇ ਨਾਲ ਉਨ੍ਹਾਂ ਦੇ ਪਰਿਵਾਰ ਵਾਲਿਆਂ ਦੇ ਨਾਂ ਵੀ ਸੂਚੀ ਵਿੱਚੋਂ ਗ਼ਾਇਬ ਹਨ।

ਐਨ ਆਰ ਸੀ ਦੀ ਅੰਤਮ ਸੂਚੀ ਵਿੱਚ ਨਾਮ ਨਾ ਹੋਣ ਬਾਰੇ ਡਾ: ਗੋਸਵਾਮੀ ਨੇ ਕਿਹਾ ਕਿ ਉਹ ਆਪਣੇ ਪਰਵਾਰ ਦੇ ਨਾਲ ਪਿਛਲੇ 20 ਸਾਲਾਂ ਤੋਂ ਅਹਿਮਦਾਬਾਦ ਵਿੱਚ ਰਹਿ ਰਹੇ ਹਨ,ਐਨ ਆਰ ਸੀ ਵਿੱਚ ਨਾਂ ਸ਼ਾਮਲ ਕਰਵਾਉਣ ਲਈ ਭਾਵੇਂ ਉਨ੍ਹਾਂ ਨੇ ਜ਼ਰੂਰੀ ਕਦਮ ਨਹੀਂ ਚੁੱਕੇ, ਪਰ ਉਨ੍ਹਾਂ ਦਾ ਕੁਝ ਪਰਵਾਰ ਉਥੇ ਮੌਜੂਦ ਹੈ ਤੇ ਉਨ੍ਹਾਂ ਦੀ ਜੋਰਹਾਟ ਵਿੱਚ ਜ਼ਮੀਨ ਹੈ, ਇਸ ਦੇ ਬਾਵਜੂਦ ਉਨ੍ਹਾਂ ਦੇ ਨਾਂ ਐਨ ਆਰ ਸੀ ਵਿੱਚ ਨਹੀ ਹਨ। ਹੈਰਾਨੀ ਦੀ ਗੱਲ ਡਾ: ਗੋਸਵਾਮੀ ਨੇ ਇਹ ਦੱਸੀ ਕਿ 'ਮੇਰੇ ਭਰਾ ਦਾ ਨਾਂ ਵੀ ਇਸਲਿਸਟ ਵਿੱਚ ਨਹੀਂ ਹੈ। ਮੈਂ ਉਸ ਨਾਲ ਗੱਲ ਕਰਾਂਗਾ ਤੇ ਪੁੱਛਾਂਗਾ ਕਿ ਅੱਗੇ ਕੀ ਕੀਤਾ ਜਾ ਸਕਦਾ ਹੈ। ਸਾਡਾ ਪਰਵਾਰ ਅਹਿਮਦਾਬਾਦ ਰਹਿੰਦਾ ਹੈ ਤੇ ਇਥੇ ਵੋਟ ਦਿੰਦੇ ਹਾਂ। ਇਸ ਲਈ ਮੇਰੇ ਪਰਵਾਰ ਨੂੰ ਸ਼ਾਇਦ ਕੋਈ ਅਸਰ ਨਾ ਪਵੇ।' ਡਾ: ਗੋਸਵਾਮੀ ਅਸਾਮ ਵਿਧਾਨ ਸਭਾ ਦੇ ਸਪੀਕਰ ਹਿਤੇਂਦਰ ਨਾਥ ਗੋਸਵਾਮੀ ਦੇ ਭਰਾ ਹਨ ਤੇ ਮੰਗਲਯਾਨ ਮਿਸ਼ਨ ਨਾਲ ਜੁੜੇ ਹੋਏ ਹਨ। ਉਹ ਚੰਦਰਯਾਨ ਮਿਸ਼ਨ-2 ਦੇ ਵੀ ਸਲਾਹਕਾਰ ਹਨ।

ਮਿਲੀ ਜਾਣਕਾਰੀ ਅਨੁਸਾਰ ਐਨ ਆਰ ਸੀ ਦੀ ਅੰਤਮ ਸੂਚੀ ਵਿੱਚ ਜਿਨ੍ਹਾਂ ਲੋਕਾਂ ਦੇ ਨਾਂ ਨਹੀਂ ਨਿਕਲੇ, ਉਹ ਅਗਲੇ 120 ਦਿਨਾਂ ਵਿੱਚ ਫੌਰਨਰਜ਼ ਟ੍ਰਿਬਿਊਨਲ ਕੋਲ ਦਾਅਵਾ ਕਰ ਸਕਦੇ ਹਨ ਅਤੇ ਇਸ ਤੋਂ ਬਾਅਦ ਉਨ੍ਹਾਂ ਲਈ ਹਾਈ ਕੋਰਟ ਅਤੇ ਸੁਪਰੀਮ ਕੋਰਟ ਦਾ ਰਾਹ ਖੁੱਲ੍ਹਾ ਰਹੇਗਾ। ਭਾਜਪਾ ਦੇ ਕੁਝ ਆਗੂਆਂ ਨੇ ਐਨ ਆਰ ਸੀ ਦੀ ਪ੍ਰਕਿਰਿਆ ਉੱਤੇ ਸਵਾਲ ਚੁੱਕ ਕੇ ਕਿਹਾ ਕਿ ਵੱਡੀ ਗਿਣਤੀ ਵਿੱਚ ਇਥੇ ਦੇ ਲੋਕਾਂ ਦੇ ਨਾਂ ਇਸ ਵਿੱਚ ਨਹੀਂ ਹਨ। ਵਰਨਣ ਯੋਗ ਹੈ ਕਿ ਐਨ ਆਰ ਸੀ ਦੀ ਜਿਹੜੀ ਸੂਚੀ ਪਿਛਲੇ ਦਿਨੀਂ ਜਾਰੀ ਹੋਈ ਸੀ, ਉਸ ਵਿੱਚ 3,11,21,004 ਲੋਕਾਂ ਦੇ ਨਾਂਅ ਆਏਅਤੇ 19,06,657 ਲੋਕਾਂ ਦੇ ਨਾਂ ਇਸ ਸੂਚੀ ਵਿੱਚ ਸ਼ਾਮਲ ਨਹੀਂ ਨਿਕਲੇ।

ਅਸਾਮ ਨਾਲ ਸੰਬੰਧਤ ਨੈਸ਼ਨਲ ਰਜਿਸਟਰ ਆਫ਼ ਸਿਟੀਜ਼ਨ (ਐਨ ਆਰ ਸੀ) ਉਹ ਸਰਵੇਖਣ ਹੈ ਜਿਸ ਦੇ ਦੌਰਾਨ ਅਸਾਮ ਦੇ ਅਸਲੀ ਨਾਗਰਿਕਾਂ ਦਾ ਵੇਰਵਾ ਦਰਜ ਕੀਤਾ ਗਿਆ ਹੈ। ਸਾਲ 2015 ਵਿਚ 3.29 ਕਰੋੜ ਲੋਕਾਂ ਨੇ ਐਨ ਆਰ ਸੀ ਵਿਚ ਨਾਂ ਸ਼ਾਮਲ ਕਰਾਉਣ ਲਈ ਬੇਨਤੀ ਕੀਤੀ ਸੀ। ਇਨ੍ਹਾਂ ਵਿਚੋਂ 2189 ਕਰੋੜ ਲੋਕਾਂ ਨੂੰ ਨਾਗਰਿਕਤਾ ਮਿਲੀ, ਪਰ 40 ਲੱਖ ਦੇ ਕਰੀਬ ਲੋਕ ਆਪਣਾ ਨਾਂ ਦਰਜ ਨਹੀਂ ਕਰਵਾ ਸਕੇ। ਇਹ ਆਸਾਮ ਵਿਚ ਗੈਰ-ਕਾਨੂੰਨੀ ਢੰਗ ਨਾਲ ਆਏ ਹੋਏ ਬੰਗਲਾਦੇਸ਼ੀਆਂ ਵਿਰੁੱਧ ਛੇ ਸਾਲਾ ਅੰਦੋਲਨ ਪਿੱਛੋਂ ਹੋਏ ਸਮਝੌਤੇ ਦਾ ਨਤੀਜਾ ਹੈ, ਜਿਸ ਪਿੱਛੋਂ ਸਮਝੌਤਾ ਹੋਇਆਸੀ ਅਤੇ 1986 ਵਿੱਚ ਨਾਗਰਿਕਤਾ ਐਕਟ (ਸਿਟੀਜ਼ਨਸ਼ਿਪ ਐਕਟ) ਦੀ ਸੋਧ ਕਰਕੇ ਵਿਸ਼ੇਸ਼ ਤਜਵੀਜ ਲਿਆਂਦੀ ਗਈ ਸੀ।

# ਸ਼ੈਹਲਾ ਰਸ਼ੀਦ ਦੇ ਖਿਲਾਫ ਦੇਸ਼ ਧ੍ਰੋਹ ਦਾ ਕੇਸ ਦਰਜ

ਨਵੀਂ ਦਿੱਲੀ, 8 ਸਤੰਬਰ (ਪੋਸਟ ਬਿਊਰੋ)- ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐਨ ਯੂ) ਦਿੱਲੀ ਦੀ ਸਾਬਕਾ ਵਿਦਿਆਰਥੀ ਆਗੂ ਸ਼ੈਹਲਾ ਰਸ਼ੀਦ ਖਿਲਾਫ ਦਿੱਲੀ ਪੁਲਸ ਵੱਲੋਂ ਦੇਸ਼ ਧ੍ਰੋਹ ਦਾ ਮਾਮਲਾ ਦਰਜ ਕੀਤਾ ਗਿਆ ਹੈ। ਨੌਜਵਾਨ ਕਸ਼ਮੀਰੀ ਨੇਤਾ ਸ਼ੈਹਲਾ ਉੱਤੇ ਭਾਰਤੀ ਸੈਨਾ ਖਿਲਾਫ ਝੂਠੀ ਬਿਆਨਬਾਜ਼ੀ ਕਰਨ ਦਾ ਦੋਸ਼ ਹੈ।

ਸ਼ੈਹਲਾ ਰਸ਼ੀਦ ਨੇ 17 ਅਗਸਤ ਨੂੰ ਉਪਰੋ ਥਲੀ ਕਈ ਟਵੀਟ ਕਰ ਕੇ ਕਈ ਗੰਭੀਰ ਦੋਸ਼ ਲਾਉਂਦਿਆਂ ਕਿਹਾ ਸੀ ਕਿ ਹਥਿਆਰਬੰਦ ਫੌਜੀ ਕਸ਼ਮੀਰ ਵਿੱਚ ਰਾਤ ਸਮੇਂ ਜ਼ਬਰਦਸਤੀ ਘਰਾਂ ਵਿੱਚ ਦਾਖਲ ਹੋ ਕੇ ਲੋਕਾਂ ਨਾਲ ਖਿਚ ਧੂਹ ਕਰਦੇ ਹਨ ਅਤੇ ਸ਼ੋਪੀਆਂ ਵਿੱਚ ਚਾਰ ਲੋਕਾਂ ਨੂੰ ਫੌਜੀ ਕੈਂਪ ਵਿੱਚ ਲਿਜਾ ਕੇ ਪੁੱਛਗਿੱਛ ਕਰਨ ਦੇ ਨਾਂਅ ਉਤੇ ਉਨ੍ਹਾਂ ਨਾਲ ਮਾਰਕੁੱਟ ਕੀਤੀ ਗਈ ਹੈ। ਭਾਰਤੀ ਫੌਜ ਨੇ ਇਨ੍ਹਾਂ ਸਭ ਦੋਸ਼ਾਂ ਨੂੰ ਝੂਠਾ ਕਰਾਰ ਦਿੱਤਾ ਤੇ ਸੁਪਰੀਮ ਕੋਰਟ ਦੇ ਵਕੀਲ ਅਲਖ ਅਲੋਕ ਸ੍ਰੀਵਾਸਤਵ ਨੇ ਦਿੱਲੀ ਪੁਲਸ ਕਮਿਸ਼ਨਰ ਅਮੁੱਲਿਆ ਪਟਨਾਇਕ ਕੋਲ ਸ਼ੈਹਲਾ ਰਸ਼ੀਦ ਦੇ ਖਿਲਾਫ ਪੂਰੀ ਤਰ੍ਹਾਂ ਝੂਠੇ ਅਤੇ ਮਨਘੜਤ ਦੋਸ਼ ਲਾਉਣ ਦੀ ਸ਼ਿਕਾਇਤ ਕੀਤੀ ਸੀ। ਇਸ ਤੋਂ ਬਾਅਦ ਦਿੱਲੀ ਪੁਲਸ ਦੇ ਵਿਸ਼ੇਸ਼ ਸੈਲ ਵੱਲੋਂ ਇਸ ਕੇਸ ਦੀ ਜਾਂਚ ਕਰਨ ਦੇ ਬਾਅਦ ਸ਼ੈਹਲਾ ਰਸ਼ੀਦ ਦੇ ਖਿਲਾਫ ਧਾਰਾ 124 ਹੇਠ ਦੇਸ਼ ਧ੍ਰੋਹ ਦਾ ਕੇਸ ਦਰਜ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਸ਼ੈਹਲਾ ਰਸ਼ੀਦ ਸਾਬਕਾ ਆਈ ਏ ਐਸ ਅਧਿਕਾਰੀ ਸ਼ਾਹ ਫੈਸਲ ਵੱਲੋਂ ਬਣਾਈ ਗਈ ਜੰਮੂ ਕਸ਼ਮੀਰ ਪੀਪਲਜ਼ ਮੂਵਮੈਂਟ ਪਾਰਟੀ ਵਿੱਚ ਸ਼ਾਮਲ ਹੋ ਚੁੱਕੀ ਹੈ। ਜੇ ਕੇ ਪੀ ਐਮ ਦੀ ਨੇਤਾ ਸ਼ੈਹਲਾ ਰਸ਼ੀਦ ਦਾ ਕਹਿਣਾ ਹੈ ਕਿ ਉਸ ਦੇ ਖਿਲਾਫ ਕੱਲ੍ਹ ਦਿੱਲੀ ਪੁਲਸ ਵੱਲੋਂ ਦਾਇਰ ਕੀਤਾ ਗਿਆ ਦੇਸ਼ ਧ੍ਰੋਹ ਦਾ ਕੇਸ ਰਾਜਨੀਤੀ ਤੋਂ ਪ੍ਰੇਰਿਤ ਹੋਛੀ ਅਤੇ ਅਫਸੋਸਨਾਕ ਕਾਰਵਾਈ ਹੈ। ਸ਼ੈਹਲਾ ਰਸ਼ੀਦ ਨੇ ਟਵੀਟ ਕਰ ਆਪਣੇ ਖਿਲਾਫ ਦਰਜ ਹੋਏ ਦੇਸ਼ ਧ੍ਰੋਹ ਦੇ ਕੇਸ ਬਾਰੇ ਕਿਹਾ ਹੈ ਕਿ ਇਹ ਕੇਸ ਉਸ ਨੂੰ ਚੁੱਪ ਕਰਵਾਉਣ ਦੀ ਰਾਜਨੀਤੀ ਤੋਂ ਪ੍ਰੇਰਿਤ ਹੋਛੀ ਅਤੇ ਅਫਸੋਸਨਾਕ ਕਾਰਵਾਈ ਹੈ।

# ਸਵਿਟਜ਼ਰਲੈਂਡ ਨੇ ਭਾਰਤੀਆਂ ਦੇ ਗੁਪਤ ਖ਼ਾਤਿਆਂ ਵਾਲੀ ਜਾਣਕਾਰੀ ਸੌਂਪੀ



ਨਵੀਂ ਦਿੱਲੀ, 8 ਸਤੰਬਰ, (ਪੋਸਟ ਬਿਊਰੋ)- ਸਵਿਟਜ਼ਰਲੈਂਡ ਦੇ ਬੈਂਕਾਂ ਵਿੱਚ ਪੈਸੇ ਰੱਖਣ ਵਾਲੇ ਭਾਰਤੀ ਲੋਕਾਂ ਦੇ ਬਾਰੇ ਸੂਚਨਾਵਾਂ ਭਾਰਤ ਨੂੰ ਮਿਲਣ ਲੱਗੀਆਂ ਹਨ। ਸੂਚਨਾ ਸਾਂਝੀ ਕਰਨ ਦੇ ਆਟੋਮੈਟਿਕ ਸਿਸਟਮ ਹੇਠ ਸਵਿਟਜ਼ਰਲੈਂਡ ਨੇ ਇਸ ਮਹੀਨੇ ਪਹਿਲੀ ਵਾਰ ਕੁਝ ਸੂਚਨਾਵਾਂ ਭਾਰਤ ਨੂੰ ਸੌਂਪੀਆਂ ਹਨ। ਪਹਿਲੇ ਦੌਰ ਦੀਆਂ ਇਨ੍ਹਾਂ ਸੂਚਨਾਵਾਂ ਬਾਰੇਭਾਰਤ ਵਿੱਚ ਵਿਸ਼ਲੇਸ਼ਣ ਦੀ ਤਿਆਰੀ ਚੱਲ ਰਹੀ ਹੈ ਤੇ ਖ਼ਾਤੇਦਾਰਾਂ ਦੀ ਪਛਾਣ ਕਰਨ ਲਈ ਇਸ ਸੂਚੀ ਤੋਂ ਮਦਦ ਮਿਲਣ ਦਾ ਅੰਦਾਜ਼ਾ ਲੱਗਦਾ ਹੈ। ਬੈਂਕਾਂ ਤੇ ਰੈਗੂਲੇਟਰੀ ਸੰਸਥਾਵਾਂ ਦੇ ਅਧਿਕਾਰੀ ਦੱਸਦੇ ਹਨ ਕਿ ਇਹ ਸੂਚਨਾਵਾਂ ਉਨ੍ਹਾਂ ਲੋਕਾਂ ਦੇ ਖ਼ਾਤਿਆਂ ਬਾਰੇ ਹਨ, ਜਿਨ੍ਹਾਂ ਨੂੰ ਕਾਰਵਾਈ ਦੇ ਡਰ ਕਾਰਨ ਪਹਿਲਾਂ ਹੀ ਖਾਤਾ ਬੰਦ ਕਰਵਾ ਦਿੱਤਾ ਹੈ।

ਭਾਰਤ ਦੇ ਬੈਂਕ ਅਧਿਕਾਰੀਆਂ ਨੇ ਦੱਸਿਆ ਕਿ ਸਵਿਟਜ਼ਰਲੈਂਡ ਸਰਕਾਰ ਦੇ ਕਹਿਣ ਉੱਤੇਓਥੋਂ ਦੇ ਬੈਕਾਂ ਨੇ ਅੰਕੜੇ ਜਮ੍ਹਾਂ ਕੀਤੇ ਅਤੇ ਭਾਰਤ ਨੂੰ ਸੌਂਪੇ ਹਨ। ਇਨ੍ਹਾਂ ਵਿੱਚ ਹਰ ਉਸ ਖ਼ਾਤੇਦੇ ਲੈਣ-ਦੇਣ ਦਾ ਵੇਰਵਾ ਹੈ, ਜਿਹੜੇ ਸਾਲ 2018 ਵਿੱਚ ਇਕ ਦਿਨਵੀ ਚੱਲੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਖ਼ਾਤਿਆਂਵਿਚਲਾ ਵੇਰਵਾ ਇਨ੍ਹਾਂ ਵਿੱਚ ਅਣਐਲਾਨੀ ਰਕਮ ਰੱਖਣ ਵਾਲੇ ਲੋਕਾਂ ਦੇ ਖ਼ਿਲਾਫ਼ ਸਖ਼ਤ ਕੇਸ ਬਣਾਉਣ ਵਿੱਚ ਸਹਾਇਕ ਹੋ ਸਕਦਾ ਹੈ। ਇਸ ਵਿੱਚ ਜਮ੍ਹਾਂ, ਟਰਾਂਸਫਰ ਅਤੇ ਬਾਂਡਜ਼ ਤੇ ਹੋਰ ਜਾਇਦਾਦ ਬਾਰੇ ਨਿਵੇਸ਼ ਤੋਂ ਮਿਲੀ ਆਮਦਨ ਦੀ ਜਾਣਕਾਰੀ ਦਰਜ ਹੈ।ਕਈ ਬੈਂਕ ਤੇ ਰੈਗੂਲੇਟਰੀ ਅਧਿਕਾਰੀਆਂ ਨੇ ਆਪਣਾ ਨਾਂ ਗੁਪਤ ਰੱਖਣ ਦੀ ਬੇਨਤੀ ਨਾਲ ਦੱਸਿਆ ਕਿ ਇਹ ਜਾਣਕਾਰੀ ਮੁੱਖ ਤੌਰ ਉੱਤੇ ਦੱਖਣੀ-ਪੂਰਬੀ ਏਸ਼ੀਆਈ ਦੇਸ਼ਾਂ, ਅਮਰੀਕਾ, ਬ੍ਰਿਟੇਨ, ਕੁਝ ਅਫਰੀਕੀ ਦੇਸ਼ਾਂ ਅਤੇ ਦੱਖਣੀ ਅਮਰੀਕੀ ਦੇਸ਼ਾਂ ਵਿੱਚ ਰਹਿੰਦੇ ਪਰਵਾਸੀ ਭਾਰਤੀਆਂ ਅਤੇ ਹੋਰ ਕਾਰੋਬਾਰੀਆਂ ਨਾਲ ਸਬੰਧਤ ਹੈ।ਬੈਂਕ ਅਧਿਕਾਰੀਆਂ ਨੇ ਮੰਨਿਆ ਕਿ ਕਿਸੇ ਸਮੇਂ ਪੂਰੀ ਤਰ੍ਹਾਂ ਗੁਪਤ ਰਹੇ ਸਵਿਸ ਬੈਂਕ ਖ਼ਾਤਿਆਂ ਦੇ ਖ਼ਿਲਾਫ਼ ਸੰਸਾਰ ਪੱਧਰ ਉੱਤੇਚੱਲੀ ਮੁਹਿੰਮ ਕਾਰਨ ਪਿਛਲੇ ਕੁਝ ਸਾਲਾਂ ਵਿੱਚ ਇਨ੍ਹਾਂ ਖ਼ਾਤਿਆਂਤੋਂ ਵੱਡੀ ਪੱਧਰ ਉੱਤੇ ਪੈਸੇ ਕੱਢੇ ਤੇ ਕਈ ਖ਼ਾਤੇ ਬੰਦ ਕੀਤੇ ਗਏ ਸਨ। ਸੌਂਪੀ ਗਈ ਜਾਣਕਾਰੀ ਵਿੱਚ ਉਨ੍ਹਾਂ ਖ਼ਾਤਿਆਂ ਦੀਆਂ ਵੀ ਸੂਚਨਾਵਾਂ ਸ਼ਾਮਿਲ ਹਨ, ਜਿਨ੍ਹਾਂ ਨੂੰ 2018 ਵਿੱਚ ਬੰਦ ਕਰਵਾ ਦਿੱਤਾ ਗਿਆ।

ਇਸ ਤੋਂ ਇਲਾਵਾ ਭਾਰਤੀ ਲੋਕਾਂ ਦੇ ਘੱਟੋ-ਘੱਟ ਇੱਕ ਸੌ ਦੇ ਕਰੀਬ ਉਹ ਪੁਰਾਣੇ ਖਾਤੇ ਮਿਲੇ ਹਨ, ਜਿਹੜੇ 2018 ਤੋਂ ਪਹਿਲਾਂ ਬੰਦ ਹੋ ਗਏ ਸਨ। ਸਵਿਟਜ਼ਰਲੈਂਡ ਇਨ੍ਹਾਂ ਖ਼ਾਤਿਆਂ ਦੀ ਜਾਣਕਾਰੀ ਵੀ ਛੇਤੀ ਸੌਂਪਣ ਦੀ ਪ੍ਰਕਿਰਿਆ ਵਿੱਚ ਹੈ। ਇਹ ਖਾਤੇ ਆਟੋਮੋਬਾਈਲ, ਕੈਮੀਕਲਜ਼, ਕੱਪੜਾ, ਰੀਅਲ ਅਸਟੇਟ, ਹੀਰੇ, ਸਟੀਲ ਆਦਿ ਦੇ ਕਾਰੋਬਾਰੀਆਂ ਨਾਲ ਸਬੰਧਤ ਹਨ। ਅਧਿਕਾਰੀਆਂ ਨੇ ਕਿਹਾ ਹੈ ਕਿ ਸਵਿਸ ਬੈਂਕਾਂ ਤੋਂ ਮਿਲੀ ਜਾਣਕਾਰੀ ਦੇ ਵਿਸ਼ਲੇਸ਼ਣ ਵਿੱਚ ਉਨ੍ਹਾਂ ਸੂਚਨਾਵਾਂਦਾ ਵਿਸ਼ੇਸ਼ ਧਿਆਨ ਕੀਤਾ ਜਾ ਰਿਹਾ ਹੈ, ਜਿਹੜੀਆਂ ਸਿਆਸੀ ਸੰਪਰਕ ਵਾਲੇ ਲੋਕਾਂ ਨਾਲ ਸਬੰਧਤ ਹੈ।

# ਦਿੱਲੀ ਗੁਰਦਵਾਰਾ ਕਮੇਟੀ ਉੱਤੇ ਗੁਰਬਾਣੀ ਦੀ ਬੇਅਦਬੀ ਕਰਨ ਦਾ ਦੋਸ਼ ਲੱਗਾ

ਮਾਨਸਾ, 8 ਸਤੰਬਰ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਉੱਤੇਸਿੱਖ ਧਰਮ ਦੇ ਸ਼ਬਦ ਗੁਰੂ ਦੇ ਸਿਧਾਂਤ ਨੂੰ ਖੋਰਾ ਲਾਉਣ ਲਈ ਗੁਪਤ ਰੂਪ ਵਿਚ ਕਾਰਵਾਈਆਂ ਕਰਨ ਦਾ ਦੋਸ਼ ਲਾਇਆ ਗਿਆ ਹੈ। ਇਹ ਦੋਸ਼ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਸੁਖਚੈਨ ਸਿੰਘ ਅਤਲਾ ਨੇ ਲਾਇਆ ਹੈ।

ਇੱਕ ਪੰਜਾਬੀ ਅਖਬਾਰ ਨਾਲ ਗੱਲਬਾਤ ਦੌਰਾਨ ਸੁਖਚੈਨ ਸਿੰਘ ਅਤਲਾਨੇ ਆਖਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਤਨੇਮ ਲਈ ਗੁਰਬਾਣੀ ਦੇ ਗੁਟਕਾ ਸਾਹਿਬ ਛਾਪੇ ਹਨ, ਉਨ੍ਹਾਂ ਉੱਤੇ ਵਪਾਰੀਆਂ ਦਾਧੰਦਾ ਉਤਸ਼ਾਹਤ ਕਰਨ ਲਈ ਇਸ਼ਤਿਹਾਰ ਛਾਪੇ ਜਾ ਰਹੇ ਹਨ ਅਤੇ ਲਿਪੀ-ਅੰਤਰ ਵੀ ਗ਼ਲਤ ਦਰਜ ਕੀਤਾ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਦਿੱਲੀਗੁਰਦੁਆਰਾ ਕਮੇਟੀ ਸਿੱਖ ਸੰਗਤ ਦੇ ਪੈਸੇ ਨਾਲ ਸਿੱਖੀ ਦਾ ਪ੍ਰਚਾਰ ਕਰਨ ਦੀ ਥਾਂ ਨੁਕਸਾਨ ਕਰ ਰਹੀ ਹੈ।ਸੁਖਚੈਨ ਸਿੰਘ ਅਤਲਾ ਨੇ ਇਸ਼ਤਿਹਾਰਾਂ ਵਾਲੇ ਗੁਰਬਾਣੀ ਦੇ ਇਨ੍ਹਾਂ ਗੁਟਕਿਆਂ ਦੇ ਫ਼ੋਟੋਦਿਖਾ ਕੇ ਕਿਹਾ ਕਿ ਸਿੱਖੀ ਦੇ ਸ਼ਬਦ ਗੁਰੂ ਸਿਧਾਂਤ ਨੂੰ ਖੋਰਾ ਲਾ ਰਹੀਆਂ ਤਾਕਤਾਂ ਦੇ ਆਗੂ ਅੱਜ ਸਰਕਾਰਾਂ ਤੇਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਉੱਤੇ ਭਾਰੂ ਹਨ ਅਤੇ ਇਨ੍ਹਾਂ ਤਾਕਤਾਂ ਦੇ ਪ੍ਰਾਈਵੇਟ ਪਬਲਿਸ਼ਰਜ਼ ਵੱਲੋਂ ਲਗਾਤਾਰ ਗੁਰਬਾਣੀ ਦੀਆਂ ਪੋਥੀਆਂ, ਗੁਟਕੇ ਅਤੇ ਸਿੱਖ ਇਤਿਹਾਸ ਦੀ ਰੂਹ ਨੂੰ ਮਾਰਨ ਵਾਲਾ ਮਟੀਰੀਅਲ ਕਿਸੇ ਭੈਅ ਦੇ ਬਿਨਾਂ ਛਾਪ ਕੇ ਵੇਚਿਆ ਜਾ ਰਿਹਾ ਹੈ।

ਇਸ ਸੰਬੰਧ ਵਿੱਚ ਸੁਖਚੈਨ ਸਿੰਘ ਅਤਲਾ ਨੇ ਕਿਹਾ ਕਿ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਦਿੱਲੀ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਵਿੱਚ ਸਿੱਖ ਵਿਰੋਧੀ ਲਾਬੀ ਦੀ ਮਜ਼ਬੂਤ ਪਕੜ ਹੋਈ ਹੈ ਅਤੇ ਇਹੋ ਲਾਬੀ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਫ਼ਿਲਮਾਂ ਬਣਾਉਣ ਅਤੇ ਮਨਜ਼ੂਰੀਆਂ ਦਿਵਾਉਣ ਲਈ ਵਾਰ ਵਾਰ ਸਰਗਰਮ ਹੁੰਦੀ ਹੈ ਤਾਂ ਜੋ ਸਿੱਖ ਫ਼ਲਸਫ਼ੇ ਦਾ ਨੁਕਸਾਨ ਕਰ ਕੇ ਪੈਸਾ ਕਮਾਇਆ ਜਾ ਸਕੇ।

# ਸਵੇਰੇ ਉਠਦਿਆਂ ਮੋਬਾਈਲ ਚੁੱਕ ਲੈਂਦੇ ਹੋ ਤਾਂ ਸਾਵਧਾਨ

ਨਵੀਂ ਦਿੱਲੀ, 8 ਸਤੰਬਰ (ਪੋਸਟ ਬਿਊਰੋ)- ਮੋਬਾਈਲ ਸਾਡੇ ਲੋਕਾਂ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹੋ ਗਿਆ ਹੈ। ਵੀਡੀਓ ਦੇਖਣੀ, ਗਾਣੇ ਸੁਣਨੇ ਜਾਂ ਗੇਮਾਂ ਖੇਡਣੀਆਂ ਹੋਣ, ਸਭ ਕੁਝ ਲਈ ਇਸ ਦੀ ਵਰਤੋਂ ਹੁੰਦੀ ਹੈ। ਏਸੇ ਲਈ ਸੌਣ ਤੋਂ ਪਹਿਲਾਂ ਅਤੇ ਜਾਗਦੇ ਸਾਰ ਵਧੇਰੇ ਲੋਕ ਸਮਾਰਟ ਫੋਨ ਦੀ ਵਰਤੋਂ ਕਰਦੇ ਹਨ। ਰਾਤ ਹਨੇਰੇ ਵਿੱਚ ਮੋਬਾਈਲ ਵਰਤਣ ਦੇ ਨੁਕਸਾਨ ਬਾਰੇ ਲੋਕ ਜਾਣਦੇ ਹੋ, ਪਰ ਸਵੇਰੇ ਉਠਦੇ ਸਾਰ ਸਮਾਰਟ ਫੋਨ ਚੈਕ ਕਰਨਾ ਵੀ ਚੰਗਾ ਨਹੀਂ।

ਯੂ ਕੇ (ਬ੍ਰਿਟੇਨ) ਵਿੱਚ ਲਗਭਗ 2000 ਲੋਕਾਂ ਉੱਤੇ ਇੱਕ ਸਰਵੇ ਮੁਤਾਬਕ ਸਵੇਰੇ ਜਾਗਦੇ ਸਾਰ ਸਭ ਤੋਂ ਪਹਿਲਾਂ ਮੋਬਾਈਲ ਚੈੱਕ ਕਰਨ 'ਤੇ ਦਿਨ ਸ਼ੁਰੂ ਕਰਨ ਨਾਲ ਸਟ੍ਰੈਟਸ ਨਾਲ ਹੁੰਦੀ ਅਤੇ ਦਿਮਾਗ ਦੇ ਵਰਕਿੰਗ ਪ੍ਰੋਸੈੱਸ ਉੱਤੇ ਅਸਰ ਪਾ ਕੇ ਕਾਰਜ ਸਮਰੱਥਾ ਨੂੰ ਪ੍ਰਭਾਵਤ ਕਰਦੀ ਹੈ। ਮਾਹਰਾਂ ਮੁਤਾਬਕ ਜਦੋਂ ਵਿਅਕਤੀ ਜਾਗਣ 'ਤੇ ਸਭ ਤੋਂ ਪਹਿਲਾਂ ਮੇਲ ਜਾਂ ਨੋਟੀਫਿਕੇਸ਼ਨ ਚੈੱਕ ਕਰਦਾ ਹੈ ਤਾਂ ਉਸ ਦਾ ਦਿਮਾਗ ਉਸ ਨਾਲ ਜੁੜੇ ਵਿਚਾਰਾਂ ਨਾਲ ਭਰ ਜਾਂਦਾ ਹੈ ਅਤੇ ਉਹ ਕਿਸੇ ਹੋਰ ਚੀਜ਼ ਬਾਰੇ ਬਿਹਤਰ ਤਰੀਕੇ ਨਾਲ ਨਹੀਂ ਸੋਚਦਾ। ਉਠਣ ਪਿੱਛੋਂ ਇੱਕੋ ਚੀਜ਼ ਬਾਰੇ ਸੋਚਣ ਨਾਲ ਸਟ੍ਰੈਸ ਤੇ ਐਂਗਜ਼ਾਈਟੀ ਲੈਵਲ ਵਧ ਜਾਂਦਾ ਹੈ। ਸਵੇਰ ਸਮੇਂ ਵਧਿਆ ਬੀ ਪੀ ਇਸ ਤਣਾਅ ਉਸ ਨੂੰ ਹੋਰ ਵਧਾ ਦਿੰਦਾ ਹੈ, ਜੋ ਖਤਰਨਾਕ ਹੈ।

ਮਾਹਰਾਂ ਦੇ ਮੁਤਾਬਕ ਇਸ ਦਾ ਅਸਰ ਇਹ ਹੁੰਦਾ ਹੈ ਕਿ ਵਿਅਕਤੀ ਦੇ ਪ੍ਰੈਜ਼ੈਂਟ ਨੂੰ ਪਾਸਟ ਹਾਈਜੈੱਕ ਕਰ ਲੈਂਦਾ ਹੈ ਤੇ ਉਹ ਨਵੇਂ ਦਿਨ ਨੂੰ ਨਵੇਂ ਤਰੀਕੇ ਨਾਲ ਜਿਊਣ ਦੀ ਥਾਂ ਕੱਲ੍ਹ ਬੀਤੇ ਦਿਨ ਮੁਤਾ-ਬਕ ਉਸ ਨੂੰ ਜਿਊਂਦਾ ਹੈ। ਸਵੇਰੇ ਉਠਣ 'ਤੇ ਸਭ ਤੋਂ ਪਹਿਲਾਂ ਮੋਬਾਈਲ ਚੈੱਕ ਕਰਨ ਦੀ ਥਾਂ ਮਿਊਜ਼ਿਕ ਸੁਣਨ ਜਾਂ ਮੈਡੀਟੇਸ਼ਨ ਕਰੋ ਤਾਂ ਦਿਮਾਗ ਰਿਲੈਕਸ ਹੁੰਦਾ ਤੇ ਦਿਨ ਭਰ ਲਈ ਤਿਆਰ ਹੋਣ ਦਾ ਮੌਕਾ ਮਿਲੇਗਾ ਅਤੇ ਹਰ ਚੀਜ਼ 'ਚ ਬਿਹਤਰ ਤਰੀਕੇ ਨਾਲ ਕੀਤੀ ਜਾ ਸਕੇਗੀ।

## ਸੁਪਰੀਮ ਕੋਰਟ ਵੱਲੋਂ ਝਾੜ ਦਿੱਲੀ ਵਿੱਚ ਔਰਤਾਂ ਲਈ ਮੈਟਰੋ ਦੀ ਮੁਫਤ ਸੇਵਾ ਕਿਉਂ?

ਨਵੀਂ ਦਿੱਲੀ, 7 ਸਤੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਮੈਟਰੋ ਵਿੱਚ ਮਹਿਲਾ ਮੁਸਾਫਰਾਂ ਨੂੰ ਮੁਫਤ ਸਫਰ ਕਰਨ ਦੀ ਸਹੂਲਤ ਦੇਣ ਦੇ ਕੇਜਰੀਵਾਲ ਸਰਕਾਰ ਦੇ ਫੈਸਲੇ ਉੱਤੇ ਤਿੱਖੀ ਝਾੜ ਪਾਈ ਹੈ। ਅਦਾਲਤ ਨੇ ਕੇਜਰੀਵਾਲ ਸਰਕਾਰ ਤੋਂ ਪੁੱਛਿਆ ਹੈ ਕਿ ਦਿੱਲੀ ਵਿੱਚ ਔਰਤਾਂ ਲਈ ਮੁਫਤ ਮੈਟਰੋ ਸੇਵਾ ਕਿਉਂ ਕੀਤੀ ਗਈ ਹੈ? ਜਸਟਿਸ ਅਰੁਣ ਮਿਸ਼ਰਾ ਨੇ ਇਸ ਉੱਤੇ ਟਿੱਪਣੀ ਕਰਦਿਆਂ ਕਿਹਾ ਕਿ ਅਜਿਹੇ ਕਦਮ ਨਾਲ ਤਾਂ ਮੈਟਰੋ ਘਾਟੇ ਵਿੱਚ ਚਲੀ ਜਾਏਗੀ। ਅਦਾਲਤ ਨੇ ਸਲਾਹ ਦਿੰਦੇ ਹੋਏ ਕਿਹਾ ਕਿ ਸਰਕਾਰ ਨੂੰ ਲੋਕਾਂ ਦੇ ਪੈਸੇ ਦੀ ਸਹੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਮੁਫਤ ਵਿੱਚ ਸੌਗਾਤਾਂ ਦੇਣ ਤੋਂ ਬਚਣਾ ਚਾਹੀਦਾ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਇਸ ਨਾਲ ਡੀ ਐਮ ਆਰ ਸੀ ਦੀ ਆਮਦਨ ਉੱਤੇ ਮਾੜਾ ਅਸਰ ਪਏਗਾ। ਇੰਝ ਵੀ ਹੋ ਸਕਦਾ ਹੈ ਕਿ ਉਹ ਲਾਭ ਦੀ ਥਾਂ ਘਾਟੇ ਵਿੱਚ ਚਲੀ ਜਾਏ। ਇਸ ਦੇ ਨਾਲ ਦਿੱਲੀ ਸਰਕਾਰ ਨੂੰ ਰਾਹਤ ਦਿੰਦੇ ਹੋਏ ਅਦਾਲਤ ਨੇ ਕੇਂਦਰ ਨੂੰ ਨਿਰਦੇਸ਼ ਦਿੱਤਾ ਕਿ ਦਿੱਲੀ ਮੈਟਰੋ ਦੇ ਚੌਥੇ ਫੇਸ ਲਈ ਜ਼ਮੀਨ ਦੀ ਕੀਮਤ ਦਾ 50 ਫੀਸਦੀ ਭਾਰ ਉਸ ਨੂੰ ਸਹਿਣ ਕਰਨਾ ਚਾਹੀਦਾ ਹੈ। ਇਸ ਮੱਦ ਹੇਠ ਕੇਂਦਰ ਨੂੰ ਲਗਭਗ 600 ਕਰੋੜ ਦੇਣੇ ਚਾਹੀਦੇ ਹਨ।

Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

**MISSISSAUGA $975** — Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000** — Photo Not Available — 27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000** — 23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000** — 1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000** — Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000** — Photo Not Available — 1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000** — Photo Not Available — 77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000** — 17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900** — 7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000** — Photo Not Available — 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000** — Photo Not Available — 470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000** — 23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000** — 5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000** — 693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000** — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000** — 32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd. Seema Bhayana

iccrc

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# 550ਵੇਂ ਪ੍ਰਕਾਸ਼ ਪੁਰਬ ਮੌਕੇ 8 ਤੋਂ 11 ਨਵੰਬਰ ਤੱਕ ਕਰਵਾਇਆ ਜਾਵੇਗਾ ਡੇਰਾ ਬਾਬਾ ਨਾਨਕ ਉਤਸਵ : ਰੰਧਾਵਾ

ਚੰਡੀਗੜ੍ਹ, 8 ਸਤੰਬਰ (ਗਿਆਨ ਸਿੰਘ ): ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਦੀ ਵੱਡੀ ਆਮਦ ਨੂੰ ਦੇਖਦਿਆਂ 8 ਤੋਂ 11 ਨਵੰਬਰ ਨੂੰ ਡੇਰਾ ਬਾਬਾ ਨਾਨਕ ਉਤਸਵ ਕਰਵਾਇਆ ਜਾਵੇਗਾ। ਉਤਸਵ ਦੌਰਾਨ ਰਾਗ ਦਰਬਾਰ, ਸ਼ਬਦ ਕੀਰਤਨ, ਢਾਡੀ/ਵਾਰਾਂ, ਕਵੀਸ਼ਰੀ ਤੋਂ ਇਲਾਵਾ ਸਾਹਿਤ ਤੇ ਕਵੀ ਸੰਮੇਲਨ ਕਰਵਾਇਆ ਜਾਵੇਗਾ। ਸਾਰੇ ਸਮਾਗਮਾਂ ਦਾ ਵਿਸ਼ਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਉਪਦੇਸ਼ਾਂ ਦੁਆਲੇ ਕੇਂਦਰਿਤ ਹੋਵੇਗਾ ਅਤੇ ਪ੍ਰਦਰਸ਼ਨੀਆਂ ਰਾਹੀਂ ਗੁਰੂ ਸਾਹਿਬ ਦੇ ਜੀਵਨ, ਉਦਾਸੀਆਂ ਤੇ ਸਾਖੀਆਂ ਨੂੰ ਦਿਖਾਇਆ ਜਾਵੇਗਾ।



ਇਹ ਖੁਲਾਸਾ ਸਹਿਕਾਰਤਾ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅੱਜ ਇਥੇ ਸੈਕਟਰ 35 ਸਥਿਤ ਮਾਰਕਫੈਡ ਦੇ ਮੁੱਖ ਦਫਤਰ ਵਿਖੇ ਉਤਸਵ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸੱਦੀ ਉਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਨ ਉਪਰੰਤ ਜਾਰੀ ਪ੍ਰੈਸ ਬਿਆਨ ਰਾਹੀਂ ਕੀਤਾ। ਅੱਜ ਦੀ ਮੀਟਿੰਗ ਵਿੱਚ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਅਤੇ ਵੱਖ-ਵੱਖ ਸਿੱਖ ਵਿਦਵਾਨਾਂ ਤੇ ਬੁੱਧੀਜੀਵੀਆਂ ਨੇ ਹਿੱਸਾ ਲਿਆ ਅਤੇ ਮੰਤਰੀ ਨੂੰ ਦੱਸਿਆ ਕਿ ਸਾਰੇ ਪ੍ਰਬੰਧ ਅਤੇ ਤਿਆਰੀਆਂ ਅਕਤੂਬਰ ਦੇ ਆਖਰੀ ਹਫਤੇ ਤੱਕ ਮੁਕੰਮਲ ਹੋ ਜਾਣਗੇ। ਮੀਟਿੰਗ ਦੌਰਾਨ ਸ. ਰੰਧਾਵਾ ਵੱਲੋਂ ਡੇਰਾ ਬਾਬਾ ਨਾਨਕ ਉਤਸਵ ਦੀ ਅਧਿਕਾਰਤ ਵੈਬਸਾਈਟ ਅਤੇ ਫੇਸਬੁੱਕ, ਟਵਿੱਟਰ, ਇੰਸਟਾਗਰਾਮ ਆਦਿ ਦੇ ਸੋਸ਼ਲ ਮੀਡੀਆ ਪਲੇਟਫਾਰਮ ਵੀ ਲਾਂਚ ਕੀਤੇ ਗਏ।

ਰੰਧਾਵਾ ਨੇ ਕਿਹਾ ਕਿ ਅਸੀਂ ਸਾਰੇ ਭਾਗਾਂ ਵਾਲੇ ਹਾਂ ਕਿ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਦਾ ਮੌਕਾ ਮਿਲਿਆ ਹੈ। ਇਸ ਮੌਕੇ ਕਰਤਾਰਪੁਰ ਲਾਂਘਾ ਖੁੱਲ੍ਹਣ ਦੇ ਨਾਲ ਨਾਨਕ ਨਾਮ ਲੇਵਾ ਸੰਗਤ ਦੀ ਵਰ੍ਹਿਆਂ ਤੋਂ ਕੀਤੀ ਜਾ ਰਹੀ ਅਰਦਾਸ ਵੀ ਪੂਰੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਲਈ ਡੇਰਾ ਬਾਬਾ ਨਾਨਕ ਦਰਸ਼ਨੀ ਢਿਉਡੀ ਸਮਾਨ ਹੈ। ਉਨ੍ਹਾਂ ਕਿਹਾ ਕਿ ਲਾਂਘਾ ਖੁੱਲ੍ਹਣ ਦੇ ਨਾਲ ਡੇਰਾ ਬਾਬਾ ਨਾਨਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਜਸ਼ਨਾਂ ਦਾ ਧੁਰਾ ਹੋਵੇਗਾ ਜਿਸ ਲਈ ਸਥਾਨਕ ਪ੍ਰਸ਼ਾਸ਼ਨ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਸ਼ਰਧਾਲੂਆਂ ਦੀ ਆਓ ਭਗਤ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ।

ਸ. ਰੰਧਾਵਾ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਵਿਖੇ ਉਤਸਵ ਦੇ ਸਮਾਗਮਾਂ ਲਈ 30 ਹਜ਼ਾਰ ਸ਼ਰਧਾਲੂਆਂ ਦੀ ਸਮਰੱਥਾ ਵਾਲਾ ਪੰਡਾਲ ਸਜਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ 5000 ਸ਼ਰਧਾਲੂਆਂ ਦੇ ਠਹਿਰਨ ਦੀ ਸਮਰੱਥਾ ਵਾਲੀ ਟੈਂਟ ਸਿਟੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਸ਼ਰਧਾਲੂਆਂ ਲਈ ਠਹਿਰਨ, ਲੰਗਰ, ਪਾਰਕਿੰਗ ਆਦਿ ਦੀ ਸਹੂਲਤ ਤੋਂ ਇਲਾਵਾ ਹੋਰਨਾਂ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦਾ ਪੂਰਾ ਵਧੀਆ ਪ੍ਰਬੰਧ ਕੀਤਾ ਜਾਵੇ। ਉਤਸਵ ਦੌਰਾਨ ਪਾਰਕਿੰਗ ਵਾਲੀ ਥਾਂ ਤੋਂ ਮੁੱਖ ਪੰਡਾਲ ਤੱਕ ਲਿਜਾਣ ਲਈ ਬੱਸਾਂ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਡੇਰਾ ਬਾਬਾ ਨਾਨਕ ਨੂੰ ਖੁਸ਼ਬੂਆਂ ਦਾ ਸ਼ਹਿਰ ਬਣਾਉਣ ਲਈ ਸਾਢੇ ਪੰਜ ਲੱਖ ਖੁਸ਼ਬੂ ਵਾਲੇ ਫੁੱਲਾਂ ਦੇ ਬੂਟੇ ਲਗਾਏ ਜਾਣਗੇ ਜਿਸ ਨਾਲ ਪੂਰਾ ਸ਼ਹਿਰ ਮਹਿਕੇਗਾ। ਇਹ ਸੇਵਾ ਸ੍ਰੀ ਗੰਗਾ ਨਰਸਰੀ ਜ਼ੀਰਕਪੁਰ ਦੇ ਮਨਜੀਤ ਸਿੰਘ ਵੱਲੋਂ ਕੀਤੀ ਜਾਵੇਗੀ।

ਉਤਸਵ ਦੌਰਾਨ ਕਰਵਾਏ ਜਾਣ ਵਾਲੇ ਅਤੇ ਅਗੇਤੇ ਪ੍ਰੋਗਰਾਮਾਂ ਦੇ ਵੇਰਵੇ ਦਿੰਦਿਆਂ ਸਹਿਕਾਰਤਾ ਮੰਤਰੀ ਸ. ਰੰਧਾਵਾ ਨੇ ਦੱਸਿਆ ਕਿ ਪ੍ਰੀ ਫੈਸਟੀਵਲ ਸਮਾਗਮਾਂ ਦੀ ਸ਼ੁਰੂਆਤ ਸਤੰਬਰ ਮਹੀਨੇ ਤੋਂ ਸ਼ੁਰੂ ਹੋ ਜਾਣਗੇ ਜਿਨ੍ਹਾਂ ਵਿੱਚ ਆਨਲਾਈਨ ਯੁਵਕ ਮੇਲਾ ਕਰਵਾਇਆ ਜਾਵੇਗਾ ਜਿਸ ਵਿੱਚ ਸਾਰੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਦੀਆਂ ਟੀਮਾਂ 3 ਗਰੁੱਪ ਅਤੇ 10 ਵਿਅਕਤੀਗਤ ਮੁਕਾਬਲਿਆਂ ਵਿੱਚ ਹਿੱਸਾ ਲੈਣਗੀਆਂ। ਸ਼ਬਦ ਗਾਇਨ, ਢਾਡੀ/ਵਾਰਾਂ, ਕਵੀਸ਼ਰੀ, ਪੇਂਟਿੰਗ ਆਦਿ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੀਆਂ ਟੀਮਾਂ 1 ਤੋਂ 20 ਅਕਤੂਬਰ ਤੱਕ ਵੈਬਸਾਈਟ ਰਾਹੀਂ ਆਪਣੀ ਪੇਸ਼ਕਾਰੀ ਦੇਣਗੀਆਂ ਜਿਨ੍ਹਾਂ ਵਿੱਚ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੀਆਂ ਟੀਮਾਂ ਦੀ ਡੇਰਾ ਬਾਬਾ ਨਾਨਕ ਉਤਸਵ ਦੌਰਾਨ 8 ਨਵੰਬਰ ਤੋਂ ਮੁੱਖ ਸਟੇਜ ਤੋਂ ਪੇਸ਼ਕਾਰੀ ਹੋਵੇਗੀ। ਉਨ੍ਹਾਂ ਕਿਹਾ ਕਿ ਗਰੁੱਪ ਮੁਕਾਬਲੇ ਵਿੱਚ ਪਹਿਲੇ ਸਥਾਨ ਵਾਲੀ ਟੀਮ ਨੂੰ 71 ਹਜ਼ਾਰ ਰੁਪਏ, ਦੂਜੇ ਸਥਾਨ ਲਈ 51 ਹਜ਼ਾਰ ਰੁਪਏ ਤੇ ਤੀਜੇ ਸਥਾਨ ਲਈ 31 ਹਜ਼ਾਰ ਰੁਪਏ ਜਦੋਂ ਕਿ ਵਿਅਕਤੀਗਤ ਮੁਕਾਬਲੇ ਲਈ ਪਹਿਲੇ ਸਥਾਨ ਲਈ 51 ਹਜ਼ਾਰ ਰੁਪਏ, ਦੂਜੇ ਸਥਾਨ ਲਈ 31 ਹਜ਼ਾਰ ਰੁਪਏ ਤੇ ਤੀਜੇ ਸਥਾਨ ਲਈ 21 ਹਜ਼ਾਰ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਇਸੇ ਤਰ੍ਹਾਂ ਲਘੂ ਫਿਲਮਾਂ ਦਾ ਫੈਸਟੀਵਲ ਵੀ ਆਨਲਾਈਨ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ 20 ਸਤੰਬਰ ਤੋਂ ਡੇਰਾ ਬਾਬਾ ਨਾਨਕ ਦੇ 100 ਪਿੰਡਾਂ ਵਿੱਚ ਨੁੱਕੜ ਨਾਟਕ ਖੇਡੇ ਜਾਇਆ ਕਰਨਗੇ। ਇਸੇ ਤਰ੍ਹਾਂ ਸਾਰੇ ਪਿੰਡਾਂ ਤੋਂ ਰਵਾਇਤੀ ਟਰਾਂਸਪੋਰਟ ਸਾਧਨਾਂ ਜਿਵੇਂ ਕਿ ਟਰੈਕਟਰਾਂ, ਗੱਡਿਆਂ ਆਦਿ ਰਾਹੀਂ ਸਰਬ ਸਾਂਝੀਵਾਲਤਾ ਕਾਫਲਾ ਕੱਢਿਆ ਜਾਵੇਗਾ।

ਸ. ਰੰਧਾਵਾ ਨੇ ਅੱਗੇ ਦੱਸਿਆ ਕਿ 8 ਤੋਂ 11 ਨਵੰਬਰ ਤੱਕ ਚੱਲਣ ਵਾਲੇ ਡੇਰਾ ਬਾਬਾ ਨਾਨਕ ਉਤਸਵ ਦੌਰਾਨ ਪ੍ਰਸਿੱਧ ਰਾਗੀਆਂ ਵੱਲੋਂ ਰਾਗ ਦਰਬਾਰ, ਕੀਰਤਨੀ ਜੱਥਿਆਂ ਵੱਲੋਂ ਸ਼ਬਦ ਕੀਰਤਨ, ਢਾਡੀ/ਕਵੀਸ਼ਰਾਂ ਵੱਲੋਂ ਵੱਲੋਂ ਢਾਡੀ/ਵਾਰਾਂ, ਕਵੀਸ਼ਰ ਦਰਬਾਰ ਲਗਾਇਆ ਜਾਵੇਗਾ। ਇਸ ਮੌਕੇ ਕਥਾ ਦਰਬਾਰ ਵੀ ਸਜਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਦੁਰਲੱਭ ਬੀੜਾਂ ਦੇ ਵੀ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਣਗੇ। ਬਹੁਭਾਸ਼ੀ ਕਵੀ ਦਰਬਾਰ ਵਿੱਚ ਦੇਸ਼ ਦੀਆਂ 24 ਭਾਸ਼ਾਵਾਂ ਦੇ ਕਵੀ ਸ਼ਾਮਲ ਹੋਣਗੇ। ਸਾਹਿਤ ਮੇਲੇ ਵਿੱਚ ਵੱਡੇ ਸਾਹਿਤਕਾਰ ਤੇ ਸਿੱਖ ਵਿਦਵਾਨ ਪੈਨਲ ਚਰਚਾ ਅਤੇ ਆਪਣੇ ਪੇਪਰ ਪੜ੍ਹਨਗੇ। ਆਰਟ ਫੈਸਟੀਵਲ ਵਿੱਚ ਸ਼ਿਲਪਕਾਰ ਆਪਣੀਆਂ ਕਲਾ ਕ੍ਰਿਤਾਂ ਸਜਾਉਣਗੇ। ਇਸੇ ਤਰ੍ਹਾਂ ਥਿਏਟਰ ਫੈਸਟੀਵਲ ਵਿੱਚ ਉੱਘੇ ਰੰਗਕਰਮੀ ਹਿੱਸਾ ਲੈਣਗੇ। ਉਨ੍ਹਾਂ ਦੱਸਿਆ ਕਿ ਡੇਰਾ ਬਾਬਾ ਨਾਨਕ ਵਿਖੇ ਮਹਾਰਾਜਾ ਰਣਜੀਤ ਸਿੰਘ ਅਤੇ ਹਰੀ ਸਿੰਘ ਨਲੂਆ ਦਾ ਬੁੱਤ ਵੀ ਲਗਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸ਼ਹਿਰ ਅਤੇ ਆਲੇ ਦੁਆਲੇ ਨੂੰ ਵਿਰਾਸਤੀ ਦਿੱਖ ਦਿੱਤੀ ਜਾ ਰਹੀ ਹੈ।

ਮੀਟਿੰਗ ਵਿੱਚ ਪ੍ਰਮੁੱਖ ਸਕੱਤਰ ਜਲ ਸਰੋਤ ਸਰਵਜੀਤ ਸਿੰਘ, ਸਹਿਕਾਰੀ ਸਭਾਵਾਂ ਦੇ ਰਜਿਸਟਰਾਰ ਵਿਕਾਸ ਗਰਗ, ਮਾਰਕਫੈਡ ਦੇ ਐਮ.ਡੀ. ਵਰੁਣ ਰੂਜ਼ਮ, ਮਿਲਕਫੈਡ ਦੇ ਐਮ.ਡੀ. ਕਮਲਦੀਪ ਸਿੰਘ ਸੰਘਾ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਜਸਕਿਰਨ ਸਿੰਘ, ਪੇਡਾ ਦੇ ਸੀ.ਈ.ਓ. ਨਵਜੋਤ ਪਾਲ ਸਿੰਘ ਰੰਧਾਵਾ, ਪੰਜਾਬ ਖੇਤੀਬਾੜੀ ਵਿਕਾਸ ਬੈਂਕ ਦੇ ਐਮ.ਡੀ. ਚਰਨਦੇਵ ਸਿੰਘ ਮਾਨ, ਮਾਰਕਫੈਡ ਦੇ ਵਧੀਕ ਡਾਇਰੈਕਟਰ (ਜੀ) ਰਾਹੁਲ ਗੁਪਤਾ ਤੇ ਵਧੀਕ ਡਾਇਰੈਕਟਰ (ਡੀ) ਬਾਲ ਮੁਕੰਦ ਸ਼ਰਮਾ, ਸਿੱਖ ਵਿਦਵਾਨ ਅਮਰਜੀਤ ਸਿੰਘ ਗਰੇਵਾਲ, ਸਰਬੱਤ ਦਾ ਭਲਾ ਟਰੱਸਟ ਦੇ ਬਾਨੀ ਐਸ.ਪੀ.ਐਸ.ਓਬਰਾਏ, ਪੰਜਾਬ ਰਾਜ ਸਹਿਕਾਰੀ ਬੈਂਕ ਦੇ ਐਮ.ਡੀ. ਡਾ. ਐਸ.ਕੇ.ਬਾਤਿਸ਼, ਸ਼ੂਗਰਫੈਡ ਦੇ ਜਨਰਲ ਮੈਨੇਜਰ ਹਰਬਖ਼ਸ਼ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕਰਮਜੀਤ ਸਿੰਘ ਚਹਿਲ ਤੇ ਰਵੇਲ ਸਿੰਘ ਔਲਖ, ਪੰਜਾਬ ਡਿਜ਼ੀਟਲ ਲਾਇਬ੍ਰੇਰੀ ਤੋਂ ਦਵਿੰਦਰ ਪਾਲ ਸਿੰਘ, ਕੈਪਟਨ ਜੇ.ਐਸ.ਰੰਧਾਵਾ ਸਣੇ ਸਥਾਨਕ ਸਰਕਾਰਾਂ, ਪਾਵਰਕੌਮ, ਜ਼ਿਲਾ ਪ੍ਰਸ਼ਾਸਨ ਦੇ ਨੁਮਾਇੰਦੇ ਹਾਜ਼ਰ ਸਨ।

# ਪੀ.ਸੀ ਅਤੇ ਪੀ.ਐਨ.ਡੀ.ਟੀ ਐਕਟ ਤਹਿਤ ਦੋਸ਼ ਤੈਅ ਹੋਣ ਜਾਂ ਸਜਾ ਹੋਣ ਉਪਰੰਤ ਤੁਰੰਤ ਸਟੇਟ ਮੈਡੀਕਲ ਕੌਂਸਲ ਨੂੰ ਜਾਣਕਾਰੀ ਦਿੱਤੀ ਜਾਵੇ : ਬਲਬੀਰ ਸਿੱਧੂ

ਚੰਡੀਗੜ੍ਹ, 8 ਸਤੰਬਰ (ਗਿਆਨ ਸਿੰਘ): ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਸਾਰੇ ਸਿਵਲ ਸਰਜਨਾਂ ਨੂੰ ਨਿਰਦੇਸ਼ ਜਾਰੀ ਕਰਕੇ ਸਟੇਟ ਮੈਡੀਕਲ ਕੌਂਸਲ ਅਤੇ ਹੋਰ ਸਬੰਧਤ ਰਜਿਸਟਰਿੰਗ ਅਥਾਰਟੀਆਂ ਨੂੰ ਉਨ੍ਹਾਂ ਡਾਕਟਰ/ਸਕੈਨਿੰਗ ਸੈਂਟਰਾਂ ਦੇ ਸਟਾਫ ਮੈਂਬਰਾਂ ਦੀ ਤੁਰੰਤ ਜਾਣਕਾਰੀ ਦੇਣ ਲਈ ਕਿਹਾ ਹੈ ਜਿਨ੍ਹਾਂ ਡਾਕਟਰਾਂ ਜਾਂ ਸਟਾਫ ਮੈਂਬਰਾਂ ਉੱਤੇ ਪੀ.ਸੀ ਅਤੇ ਪੀ.ਐਨ.ਡੀ.ਟੀ ਐਕਟ ਤਹਿਤ ਅਦਾਲਤ ਵੱਲੋਂ ਦੋਸ਼ ਤਹਿ ਕੀਤੇ ਗਏ ਹੋਣ ਜਾਂ ਸਜ਼ਾ ਕੀਤੀ ਗਈ ਹੋਵੇ।



ਸਟੇਟ ਸੁਪਰਵਾਇਜ਼ਰੀ ਬੋਰਡ ਦੀ ਪਰਿਵਾਰ ਕਲਿਆਣ ਭਵਨ ਵਿੱਚ ਪੀ.ਸੀ ਅਤੇ ਪੀ.ਐਨ.ਡੀ.ਟੀ. ਐਕਟ ਦੇ ਨਿਯਮਾਂ ਦੀ ਪਾਲਣਾ ਕਰਵਾਉਣ ਸਬੰਧੀ ਹੋਈ ਮੀਟਿੰਗ ਦੀ ਅਗਵਾਈ ਕਰਦਿਆਂ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਜੇਕਰ ਕਿਸੇ ਡਾਕਟਰ ਜਾਂ ਸਟਾਫ ਨਰਸ ਜਾਂ ਰਜਿਸਟਰਡ ਸੈਂਟਰ ਵਿਰੁੱਧ ਪੀ.ਸੀ ਅਤੇ ਪੀ.ਐਨ.ਡੀ.ਟੀ ਐਕਟ ਤਹਿਤ ਦੋਸ਼ ਤਹਿ ਹੋਣ ਜਾਂ ਸਜ਼ਾ ਹੋਈ ਹੋਵੇ ਤਾਂ ਸਬੰਧਤ ਜ਼ਿਲ੍ਹਾ ਅਥਾਰਟੀਆਂ ਇਸਦੀ ਸੂਚਨਾ ਤੁਰੰਤ ਹੀ ਸਟੇਟ ਮੈਡੀਕਲ ਕੌਂਸਲ ਜਾਂ ਰਜਿਸਟਰਡ ਕੌਂਸਲ ਕੋਲ ਦਰਜ ਕਰਾਉਣ। ਉਨ੍ਹਾਂ ਇਹ ਵੀ ਕਿਹਾ ਕਿ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਅਦਾਲਤ ਵੱਲੋਂ ਦੋਸ਼ੀ ਪਾਏ ਜਾਂਦੇ ਹਨ ਤਾਂ ਇਹ ਸਿਹਤ ਵਿਭਾਗ ਦੀ ਜਿੰਮੇਵਾਰੀ ਹੈ ਕਿ ਉਹ ਸਬੰਧਤ ਰੈਗੂਲੇਟਰੀ ਅਥਾਰਟੀ ਨੂੰ ਸੂਚਿਤ ਕਰੇ ਤਾਂ ਜੋ ਦੋਸ਼ੀ ਡਾਕਟਰ, ਨਰਸ, ਹੋਰ ਸਟਾਫ ਦੀ ਮੁਅੱਤਲੀ ਅਤੇ ਸਕੈਨਿੰਗ ਸੈਂਟਰ ਵਿਰੁੱਧ ਬਣਦੀ ਯੋਗ ਕਾਰਵਾਈ ਕੀਤੀ ਜਾ ਜਾਵੇ।

ਉਲੰਘਣਾ ਕਰਨ ਵਾਲਿਆਂ ਦੀ ਵੱਡੀ ਗਿਣਤੀ ਵਿੱਚ ਭਰੀ ਹੋ ਜਾਣ 'ਤੇ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਸਿਹਤ ਮੰਤਰੀ ਨੇ ਪੀ.ਸੀ ਅਤੇ ਪੀ.ਐਨ.ਡੀ.ਟੀ ਐਕਟ ਦੀ ਉਲੰਘਣਾ ਕਰਨ ਵਾਲੇ ਡਾਕਟਰਾਂ ਦੀ ਰਿਹਾਈ ਦਾ ਕਾਰਨ ਪਤਾ ਲਗਾਉਣ ਲਈ ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਅਨੁਰਾਗ ਅਗਰਵਾਲ ਨੂੰ ਸਬੰਧਤ ਮਾਮਲਿਆਂ ਦੀ ਡੂੰਘਾਈ ਘੋਖ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਅਗਲੀ ਮੀਟਿੰਗ ਵਿੱਚ ਉਹ ਖੁਦ ਇਨ੍ਹਾਂ ਕੇਸਾਂ ਦਾ ਜਾਇਜ਼ਾ ਵੀ ਲੈਣਗੇ। ਉਨ੍ਹਾਂ ਕਿਹਾ ਕਿ ਇਹ ਚਿੰਤਾ ਦਾ ਵਿਸ਼ਾ ਹੈ ਕਿ ਕੇਸ ਵਿੱਚ ਚਸ਼ਮਦੀਦ ਗਵਾਹ ਜਿਵੇਂ ਫਰਜ਼ੀ ਮਰੀਜ਼ ਜਾਂ ਸਿਹਤ ਵਿਭਾਗ ਦਾ ਅਫ਼ਸਰ ਅਦਾਲਤ ਵਿੱਚ ਆਪਣੇ ਬਿਆਨ ਤੋਂ ਮੁਨਕਰ ਹੋ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਬਹੁਤ ਜਲਦ ਸੂਬਾ ਸਰਕਾਰ ਅਜਿਹੀ ਪ੍ਰਣਾਲੀ ਲਿਆ ਰਹੀ ਹੈ ਜਿਸ ਅਧੀਨ ਅਜਿਹੇ ਦੋਸ਼ੀ ਵਿਅੱਕਤੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਅਨੁਰਾਗ ਅਗਰਵਾਲ ਨੇ ਦੱਸਿਆ ਕਿ ਲਿੰਗ ਨਿਰਾਧਰਣ ਟੈਸਟ ਕਾਰਨ ਮਾਦਾ ਭਰੂਣ ਹੱਤਿਆ ਵਿੱਚ ਸ਼ਾਮਲ ਗ਼ੈਰ-ਮਨੁੱਖੀ ਵਪਾਰ ਵਾਲੇ ਮਾਫੀਏ ਨੂੰ ਠੱਲ੍ਹ ਪਾਉਣ ਲਈ ਉਨ੍ਹਾਂ ਜ਼ਿਲ੍ਹਿਆਂ ਵਿੱਚ ਜਾਂਚ/ਸਟਿੰਗ ਅਪਰੇਸ਼ਨ/ਛਾਪੇਮਾਰੀਆਂ ਵਿੱਚ ਤੇਜ਼ੀ ਲਿਆਉਣ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ ਜਿੱਥੇ ਲਿੰਗ ਅਨੁਪਾਤ ਘੱਟ ਹੈ। ਉਨ੍ਹਾਂ ਬੋਰਡ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਿੱਜੀ ਜਾਸੂਸ ਏਜੰਸੀ ਨਾਲ ਐਮ.ਓ.ਯੂ ਸਹੀਬੱਧ ਕਰਨ ਪਿੱਛੋਂ 20 ਸਟਿੰਗ ਆਪਰੇਸ਼ਨ ਕੀਤੇ ਗਏ ਹਨ ਜਦਕਿ ਤਿੰਨ ਜ਼ਿਲ੍ਹਿਆਂ ਦੇ ਸਿਵਲ ਸਰਜਨਾਂ ਵੱਲੋਂ 4 ਸਟਿੰਗ ਆਪਰੇਸ਼ਨ ਕੀਤੇ ਗਏ ਹਨ।

ਉਨ੍ਹਾਂ ਅੱਗੇ ਕਿਹਾ ਕਿ ਅਲਟਰਾ ਸਾਊਂਡ ਮਸ਼ੀਨਾਂ ਦੀ ਆਨਲਾਈਨ ਰਜਿਸਟਰੇਸ਼ਨ/ ਰੀਨੀਊਵਲ ਦਾ ਕੰਮ ਪ੍ਰਕਿਰਿਆ ਅਧੀਨ ਹੈ ਆਉਣ ਭਵਿੱਖ ਵਿੱਚ ਸਾਰੀਆਂ ਮਸ਼ੀਨਾ ਦੀ ਰਜਿਸਟਰੇਸ਼ਨ,ਰੀਨੀਊਵਲ ਅਤੇ ਕਾਰਜਸ਼ੀਲਤਾ ਰੱਦ ਕਰਨ ਦਾ ਕੰਮ ਸੂਬਾ ਪੱਧਰ 'ਤੇ ਸਰਵਰ ਨਾਲ ਜੋੜਕੇ ਨਿਗਰਾਨੀ ਹੇਠ ਲਿਆਂਦਾ ਜਾਵੇਗਾ ਅਤੇ ਭਵਿੱਖ ਵਿੱਚ ਫਾਰਮ 'ਐਫ' ਆਨਲਾਈਨ ਭਰਨ ਅਤੇ ਜਮ੍ਹਾਂ ਕਰਾਉਣ ਦੀ ਯੋਜਨਾ ਵੀ ਪ੍ਰਕਿਰਿਆ ਅਧੀਨ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹਾ ਤੇ ਸੂਬਾ ਪੱਧਰ 'ਤੇ ਗਰਭਵਤੀ ਔਰਤਾਂ ਦੀ ਮੁੱਢਲੀ ਰਜਿਸਟਰੇਸ਼ਨ ਅਤੇ ਮਦਰ ਚਾਈਲਡ ਟਰੈਕਿੰਗ(ਐਮਸੀਟੀ) ਦੀ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਸਿਵਲ ਸਰਜਨਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਫਿਰੋਜ਼ਪੁਰ(ਦਿਹਾਤੀ) ਦੇ ਵਿਧਾਇਕਾ ਸਤਕਾਰ ਕੌਰ, ਬਠਿੰਡਾ(ਦਿਹਾਤੀ) ਦੇ ਵਿਧਾਇਕਾ ਰੁਪਿੰਦਰ ਕੌਰ, ਸਮਾਜਿਕ ਨਿਆਂ ਤੇ ਘੱਟ-ਗਿਣਤੀਆਂ ਬਾਰੇ ਵਿਭਾਗ ਦੇ ਡਾਇਰੈਕਟਰ ਦੇਵਿੰਦਰ ਸਿੰਘ, ਸਿਹਤ ਮੰਤਰੀ ਦੇ ਸਿਆਸੀ ਸਕੱਤਰ ਹਰਕੇਸ਼ ਚੰਦ ਸ਼ਰਮਾ, ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਡਾ. ਅਵਨੀਤ ਕੌਰ, ਡਾਇਰੈਕਟਰ ਸਿਹਤ ਸੇਵਾਵਾਂ(ਪਰਿਵਾਰ ਭਲਾਈ ) ਡਾ ਰੀਟਾ ਭਾਰਦਵਾਜ, ਪੀ.ਸੀ ਅਤੇ ਪੀਐਨਡੀਟੀ ਦੇ ਪ੍ਰੋਗਰਾਮ ਅਫ਼ਸਰ ਡਾ ਮੁਕੇਸ਼ ਸੌਂਧੀ, ਪੰਜਾਬ ਮੈਡੀਕਲ ਕੌਂਸਲ ਦੇ ਰਜਿਸਟਰਾਰ ਡਾ ਸੰਜੀਵ ਮਹਾਜਨ , ਡਾ ਭਵਨੀਤ ਭਾਰਤੀ ਪੀਜੀਆਈ ਚੰਡੀਗੜ੍ਹ, ਐਡਵੋਕੇਟ ਵੰਦਨਾ ਰਾਣਾ ਅਤੇ ਭਾਈਵਾਲ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਸ਼ਾਮਲ ਸਨ।

# ਪਾਕਿਸਤਾਨ ਲਾਂਘੇ ਪ੍ਰਤੀ ਫੀਸ ਵਸੂਲਣ ਦੇ ਪ੍ਰਸਤਾਵ 'ਤੇ ਮੁੜ ਵਿਚਾਰ ਕਰੇ : ਹਰਨਾਮ ਸਿੰਘ ਖਾਲਸਾ

ਮਹਿਤਾ (ਅਮ੍ਰਿਤਸਰ) 8 ਸਤੰਬਰ (ਗਿਆਨ ਸਿੰਘ): ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਪਾਕਿਸਤਾਨ ਨੂੰ ਕਰਤਾਰਪੁਰ ਲਾਂਘੇ ਰਾਹੀਂ ਗੁਰਦਵਾਰਾ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂ ਤੋਂ 20 ਡਾਲਰ (1400 ਰੁਪੈ) ਫੀਸ ਵਸੂਲਣ ਦੇ ਪ੍ਰਸਤਾਵ 'ਤੇ ਮੁੜ ਵਿਚਾਰ ਕਰਦਿਆਂ ਇਸ ਨੂੰ ਰੱਦ ਕਰਨ ਦੀ ਅਪੀਲ ਕੀਤੀ ਹੈ।



ਪ੍ਰੋ: ਸਰਚਾਂਦ ਸਿੰਘ ਵਲੋਂ ਜਾਰੀ ਬਿਆਨ 'ਚ ਦਮਦਮੀ ਟਕਸਾਲ ਦੇ ਮੁਖੀ ਨੇ ਭਾਰਤ ਅਤੇ ਪਾਕਿਸਤਾਨ ਵਲੋਂ ਆਪਸੀ ਵੱਡੀ ਖਟਾਸ ਅਤੇ ਸਿੱਖ ਵਿਰੋਧੀ ਲਾਬੀ ਵਲੋਂ ਪਾਈਆਂ ਜਾ ਰਹੀਆਂ ਅੜਚਣਾਂ ਦੇ ਬਾਵਜੂਦ ਕਰਤਾਰਪੁਰ ਲਾਂਘੇ ਦੀ ਉਸਾਰੀ ਮੁਕੰਮਲ ਕਰਨ ਦੀ ਵਚਨਬਧਤਾ 'ਤੇ ਤਸਲੀ ਦਾ ਪ੍ਰਗਟਾਵਾ ਕੀਤਾ। ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਲਾਂਘਾ ਦੋਹਾਂ ਦੇਸ਼ਾਂ ਲਈ ਅਮਨ ਦਾ ਪੁਲ ਹੈ ਅਤੇ ਦੋਹਾਂ ਦੇਸ਼ਾਂ ਦਾ ਅਵਾਮ ਅਮਨ ਚਾਹੁੰਦਾ ਹੈ। ਉਹਨਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਕਿਹਾ ਕਿ ਜਿਥੇ ਉਸ ਵਲੋਂ ਸਿੱਖ ਭਾਈਚਾਰੇ ਦਾ ਦਿੱਲ ਜਿਤਣ ਲਈ ਸਿੱਖ ਯਾਤਰੂਆਂ ਲਈ ਵੀਜ਼ਾ ਨਿਯਮਾਂ 'ਚ ਢਿਲ ਦੇਣ, ਮਲਟੀਪਲ ਵੀਜਾ ਅਤੇ ਆਨ ਲਾਇਨ ਵੀਜਾ ਪ੍ਰਣਾਲੀ ਨੂੰ ਧਾਰਮਿਕ ਸੈਰ ਸਪਾਟਾ ਸ਼੍ਰੇਣੀ 'ਚ ਰਖਣ, ਨਨਕਾਣਾ ਸਾਹਿਬ ਰੇਲਵੇ ਸ਼ਟੇਸ਼ਨ ਦਾ ਨਾਮ ਬਦਲ ਕੇ ਬਾਬਾ ਗੁਰੂ ਨਾਨਕ ਰੇਲਵੇ ਸਟੇਸ਼ਨ ਰਖਣ, ਅਗਵਾ ਹੋਈ ਸਿੱਖ ਲੜਕੀ ਦੇ ਮਾਮਲੇ ਨੂੰ ਸੁਲਝਾਉਣ ਅਤੇ ਪਾਕਿਸਤਾਨ 'ਚ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਯਾਦਗਾਰੀ ਬਣਾਉਣ ਲਈ ਸਿੱਖ ਭਾਈਚਾਰੇ ਨੂੰ ਹਰਤਰਾਂ ਸਹੂਲਤਾਂ ਦੇਣ ਵਰਗਾ ਸਾਕਾਰਾਤਮਕ ਹੁੰਗਾਰਾ ਭਰਿਆ ਹੈ ਉਥੇ ਹੀ ਉਹ ਕਰਤਾਰਪੁਰ ਲਾਂਘੇ ਲਈ 20 ਡਾਲਰ ਫੀਸ ਰਖਣ ਦੇ ਪ੍ਰਸਤਾਵ ਨੂੰ ਖਾਰਜ ਕਰਦਿਆਂ ਸਿੱਖਾਂ ਲਈ ਹੋਰ ਖੁਲ ਦਿੱਲੀ ਦਿਖਾਉਣ। ਉਹਨਾਂ ਕਿਹਾ ਕਿ ਲਾਂਘੇ ਪ੍ਰਤੀ ਫੀਸ ਵਸੂਲਣ ਨੂੰ ਸਿਖ ਸੰਗਤਾਂ ਅਤੇ ਜਥੇਬੰਦੀਆਂ ਵਲੋਂ ਧਾਰਮਿਕ ਤੇ ਭਾਵਨਾਤਮਕ ਨਜਰੀਏ ਨਾਲ ਦੇਖਿਅ ਜਾ ਰਿਹਾ ਹੈ। ਇਸ ਵਕਤ ਵਿਸ਼ਵ ਭਰ ਦੀਆਂ ਸਮੂੰਹ ਸਿੱਖ ਸੰਗਤਾਂ ਦੀਆਂ ਨਜ਼ਰਾਂ ਪਾਕਿਸਤਾਨ ਸਰਕਾਰ ਵੱਲ ਲਗੀਆਂ ਹੋਈਆਂ ਹਨ। ਉਹਨਾਂ ਕਿਹਾ ਕਿ ਲਾਂਘਾ ਖੁਲਣ ਅਤੇ ਪਾਕਿਸਤਾਨ 'ਚ ਸਥਿਤ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਨਾਲ ਉਥੇ ਸੈਰ ਸਪਾਟਾ ਨੂੰ ਬੜਾਵਾ ਮਿਲੇਗਾ ਤਾਂ ਜਾਹਿਰ ਹੈ ਆਮਦਨੀ ਵਿਚ ਵੀ ਭਾਰੀ ਵਾਧਾ ਹੋਵੇਗਾ ਅਤੇ ਇਸ ਭਾਈਚਾਰਕ ਸਾਂਝ ਨੂੰ ਮਜਬੂਤ ਕਰਨ ਦੇ ਇਸ ਕਦਮ ਨਾਲ ਕੌਮਾਂਤਰੀ ਪੱਧਰ 'ਤੇ ਪਾਕਿ ਦੇਸ਼ ਪ੍ਰਤੀ ਚੰਗਾ ਸੰਕੇਤ ਜਾਵੇਗਾ ਜੋ ਕਿ ਕਈ ਪਖਾਂ ਤੋਂ ਆਲੋਚਨਾ ਦਾ ਸਾਹਮਣਾ ਕਰ ਰਹੇ ਪਾਕਿਸਤਾਨ ਲਈ ਆਪਣਾ ਅਕਸ ਸੁਧਾਰਨ ਦਾ ਸੁਨਹਿਰੀ ਮੌਕਾ ਸਿੱਧ ਹੋਵੇਗਾ। ਜਿਸ ਨੂੰ ਕਿ ਗਵਾਉਣਾ ਨਹੀਂ ਚਾਹੀਦਾ। ਉਹਨਾਂ ਕਿਹਾ ਕਿ ਫੀਸ ਲਾਂਘੇ ਦੇ ਰੱਖ ਰਖਾਅ ਨਾਲ ਸੰਬੰਧਿਤ ਹੈ ਤਾਂ ਇਹ ਰਕਮ ਮੁਨਾਸਬ ਅਤੇ ਇਨੀ ਕੁ ਹੀ ਹੋਵੇ ਜਿਸ ਨੂੰ ਇਕ ਗਰੀਬ ਸਿੱਖ ਵੀ ਆਸਾਨੀ ਨਾਲ ਅਦਾ ਕਰ ਸਕੇ। ਉਹਨਾਂ ਕਿਹਾ ਕਿ ਆਮ ਯਾਤਰੂਆਂ 'ਤੇ ਵਾਧੂ ਆਰਥਿਕ ਬੋਝ ਨਹੀਂ ਪਾਇਆ ਜਾਣਾ ਚਾਹੀਦਾ, ਜਦ ਕਿ ਇਸ ਵਕਤ ਪਾਕਿਸਤਾਨ ਹਾਈ ਕਮਿਸ਼ਨ ਵਲੋਂ ਯਾਤਰੂਆਂ ਤੋਂ 125 ਰੁਪੈ ਵੀਜਾ ਫੀਸ ਵਸੂਲੀ ਜਾ ਰਹੀ ਹੈ।

ਦਮਦਮੀ ਟਕਸਾਲ ਦੇ ਮੁਖੀ ਨੇ ਪਾਕਿਸਤਾਨ 'ਚ ਸਥਿਤ ਗੁਰਧਾਮਾਂ ਦੀ ਸੇਵਾ ਸੰਭਾਲ ਅਤੇ ਮੁੜ ਉਸਾਰੀ ਕਰਾਉਣ ਦੀ ਲੋੜ 'ਤੇ ਜੋਰ ਦਿਤਾ। ਉਸੇ ਤਰਾਂ ਉਹਨਾਂ ਹਿੰਦੂ ਤੀਰਥ ਅਸਥਾਨਾਂ ਅਤੇ ਮੰਦਰਾਂ ਬਾਰੇ ਵੀ ਮਾਹੌਲ ਉਸਾਰਨ ਦੀ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ।












# ਸਰਕਾਰ ਬਦਲਣ ਦੇ ਮੁੱਦੇ ’ਤੇ ਵੰਡੇ ਹੋਏ ਹਨ ਕੈਨੇਡੀਅਨ : ਸਰਵੇਖਣ ਰਿਪੋਰਟ

...ਪੰਨਾ 1 ਦਾ ਬਾਕੀ

ਔਰਤਾਂ ਦੇ ਮੁਕਾਬਲੇ ਪੁਰਸ਼ ਤਬਦੀਲੀ ਦੇ ਹੱਕ ਵਿੱਚ ਹਨ ਜਦਕਿ 18 ਤੋਂ 34 ਸਾਲ ਉਮਰ ਵਰਗ ਤੇ ਲੋਕਾਂ ਨੂੰ ਤਬਦੀਲੀ ਦੀ ਕੋਈ ਲੋੜ ਨਹੀਂ ਲੱਗਦੀ। ਐਨਡੀਪੀ ਤੇ ਕੰਜ਼ਰਵੇਟਿਵਜ਼ ਆਪਣੀ ਚੋਣ ਮੁਹਿੰਮ ਸ਼ੁਰੂ ਕਰਨ ਲਈ ਕਾਹਲੇ ਪਏ ਹੋਏ ਹਨ। 2015 ਦੇ ਮੁਕਾਬਲੇ ਇਸ ਵਾਰੀ ਚੋਣ ਕੈਂਪੇਨ ਲਈ ਪਾਰਟੀਆਂ ਨੂੰ ਘੱਟ ਸਮਾਂ ਮਿਲੇਗਾ। ਸ਼ਨਿੱਚਰਵਾਰ ਨੂੰ ਐਨਡੀਪੀ ਦੇ ਆਗੂ ਜਗਮੀਤ ਸਿੰਘ ਨੇ ਓਟਵਾ ਸਥਿਤ ਐਨਡੀਪੀ ਦੇ ਹੈੱਡਕੁਆਰਟਰ ਤੇ ਚੋਣ ਰੂਮ ਦਾ ਦੌਰਾ ਕੀਤਾ। ਉੱਥੇ ਉਨ੍ਹਾਂ ਆਪਣੇ ਕੈਂਪੇਨ ਸਟਾਫ ਤੇ ਵਾਲੰਟੀਅਰਜ਼ ਦੀ ਹੌਸਲਾ ਆਫਜ਼ਾਈ ਕੀਤੀ। ਇੱਥੇ ਇੱਕ ਥਾਂ ਉੱਤੇ ਲਿਖਿਆ ਸੀ ਕਿ ਵੱਖਰੇ ਨਤੀਜੇ ਚਾਹੁੰਦੇ ਹੋਂ, ਤਾਂ ਵੱਖਰੀ ਪਾਰਟੀ ਨੂੰ ਮੌਕਾ ਦਿਓ।

ਐਨਡੀਪੀ ਦੀ ਕੈਂਪੇਨ ਡਾਇਰੈਕਟਰ ਜੈਨੀਫਰ ਹੌਵਰਡ ਨੇ ਆਖਿਆ ਕਿ ਜਗਮੀਤ ਸਿੰਘ ਵੱਧ ਤੋਂ ਵੱਧ ਵੋਟਰਾਂ ਤੱਕ ਪਹੁੰਚ ਕਰਨ ਲਈ ਦੇਸ਼ ਭਰ ਦਾ ਦੌਰਾ ਕਰ ਰਹੇ ਹਨ। ਪਰ ਇਸ ਵਾਰੀ ਅਸੀਂ ਸੋਸ਼ਲ ਮੀਡੀਆ ਤੇ ਡਿਜੀਟਲ ਐਡਵਰਟਾਈਜ਼ਿੰਗ ਰਾਹੀਂ ਵੀ ਕੈਨੇਡੀਅਨਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਾਂਗੇ। ਕੰਜ਼ਰਵੇਟਿਵ ਵੀ ਖੁਦ ਨੂੰ ਵੱਖਰਾ ਦਿਖਾਉਣ ਲਈ ਪੂਰਾ ਜ਼ੋਰ ਲਾ ਰਹੇ ਹਨ। ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦੇ ਡਾਇਰੈਕਟਰ ਆਫ ਕਮਿਊਨਿਕੇਸ਼ਨਜ਼ ਬਰੌਕ ਹੈਰੀਸਨ ਨੇ ਆਖਿਆ ਕਿ ਇਸ ਸਮੇਂ ਕੈਨੇਡੀਅਨਜ਼ ਅਰਥਚਾਰੇ ਨੂੰ ਲੈ ਕੇ ਚੰਗਾ ਮਹਿਸੂਸ ਨਹੀਂ ਕਰ ਰਹੇ ਤੇ ਅਗਲੇ ਪੰਜ ਤੋਂ ਦਸ ਸਾਲਾਂ ਲਈ ਉਨ੍ਹਾਂ ਦਾ ਰੌਂਅ ਸਕਾਰਾਤਮਕ ਨਹੀਂ ਹੈ।

ਪਰ ਦੂਜੇ ਪਾਸੇ ਲਿਬਰਲਾਂ ਦਾ ਅਜਿਹਾ ਮੰਨਣਾ ਨਹੀਂ ਹੈ। ਲਿਬਰਲ ਐਮਪੀ ਤੇ ਓਨਟਾਰੀਓ ਕੈਂਪੇਨ ਦੇ ਕੋ-ਚੇਅਰ ਮਾਰਕੋ ਮੈਂਡੀਸਿਨੋ ਨੇ ਦੱਸਿਆ ਕਿ ਪਿਛਲੇ ਹਫਤੇ ਉਹ ਪ੍ਰਧਾਨ ਮੰਤਰੀ ਨਾਲ ਸਨ ਤੇ ਉਨ੍ਹਾਂ ਦੇ ਨਾਲ ਜਾਂਦੇ ਸਮੇਂ ਉਨ੍ਹਾਂ ਦੀ ਊਰਜਾ ਮਹਿਸੂਸ ਹੁੰਦੀ ਹੈ। ਉਹ ਚੰਗੀ ਕੈਂਪੇਨ ਨੂੰ ਪਸੰਦ ਕਰਦੇ ਹਨ। ਚੋਣਾਂ ਵਾਲੇ ਦਿਨ ਵਿੱਚ 50 ਦਿਨ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ। ਅਜਿਹੇ ਵਿੱਚ ਨੈਨੋਜ਼ ਸਰਵੇਖਣ ਮੁਤਾ-ਬਕ ਲਿਬਰਲ ਕੰਜ਼ਰਵੇਟਿਵਾਂ ਦੇ ਮੁਕਾ-ਬਲੇ ਚਾਰ ਅੰਕਾਂ ਨਾਲ ਅੱਗੇ ਚੱਲ ਰਹੇ ਹਨ। ਐਨਡੀਪੀ ਤੇ ਗ੍ਰੀਨ ਪਾਰਟੀ ਵਿੱਚ ਤੀਜੀ ਥਾਂ ਉੱਤੇ ਰਹਿਣ ਲਈ ਤਕੜਾ ਸੰਘਰਸ਼ ਚੱਲ ਰਿਹਾ ਹੈ।

# ਬੰਬਈ ਹਾਈ ਕੋਰਟ ਨੇ ਕਿਹਾ: ਅਦਾਲਤਾਂ ਵਿੱਚ ਟਾਈਮ ਮਸ਼ੀਨ ਹੈ, ਜਿੱਥੇ ਬੰਦੇ ਮਰਦੇ ਹਨ, ਫੈਸਲੇ ਨਹੀਂ ਹੁੰਦੇ

ਮੁੰਬਈ, 8 ਸਤੰਬਰ (ਪੋਸਟ ਬਿਊਰੋ)- ਭਾਰਤੀ ਅਦਾਲਤਾਂ 'ਚ ਮੁਕੱਦਮੇ ਖਤਮ ਹੋਣ 'ਚ ਬਹੁਤਾ ਸਮਾਂ ਲੱਗਣ ਦਾ ਜ਼ਿਕਰ ਕਰਦੇ ਹੋਏ ਬੰਬਈ ਹਾਈ ਕੋਰਟ ਨੇ ਕਿਹਾ ਕਿ ਏਦਾਂ ਲੱਗਦਾ ਹੈ ਜਿਵੇਂ ਅਦਾਲਤ ਵੀ ਟਾਈਮ ਮਸ਼ੀਨ ਹੈ ਜਿੱਥੇ ਕਈ ਕੇਸ ਅਣਮਿੱਥੇ ਸਮੇਂ ਤੱਕ ਚੱਲਦੇ ਰਹਿੰਦੇ ਹਨ। ਕਿਰਾਇਆ ਕੰਟਰੋਲ ਨਾਲ ਸੰਬੰਧਤ ਇੱਕ ਕੇਸ ਵਿੱਚ ਅਦਾਲਤ ਨੇ ਕੱਲ੍ਹ ਕਿਹਾ ਕਿ ਇਹ ਕੇਸ 1986 ਵਿੱਚ ਸ਼ੁਰੂ ਹੋਇਆ ਸੀ, ਇਸ ਤੋਂ ਬਾਅਦ ਕਈ ਅਪੀਲਾਂ ਅਤੇ ਅਰਜ਼ੀਆਂ ਦਾਇਰ ਹੋਈਆਂ, ਪਰ ਮਾਮਲਾ ਨਹੀਂ ਸੁਲਝਿਆ, ਜਦ ਕਿ ਅਸਲ ਮਕਾਨ ਮਾਲਕ ਤੇ ਕਿਰ-ਾਏਦਾਰ ਵੀ ਜਿੰਦਾ ਨਹੀਂ ਰਹੇ। ਜਸਟਿਸ ਦਾਮਾ ਐੱਸ ਨਾਇਡੂ ਨੇ ਕਿਹਾ ਕਿ ਕਈ ਕੇਸਾਂ ਦੇ ਵਿੱਚ ਦੋਵਾਂ ਧਿਰਾਂ ਦੇ ਮੁਦੱਈਆਂ ਦੀ ਮੌਤ ਹੋ ਜਾਂਦੀ ਹੈ, ਪਰ ਕਾਨੂੰਨੀ ਲੜਾਈ ਅਗਲੀਆਂ ਪੀੜ੍ਹੀਆਂ ਵੱਲੋਂ ਕੀਤੀ ਜਾਂਦੀ ਹੈ। ਇਸ ਸ਼ਹਿਰ ਦੀ ਰੁਕਮਣੀ ਬਾਈ ਵੱਲੋਂ ਇਹ ਅਪੀਲ ਦਾਇਰ ਕੀਤੀ ਸੀ। ਅਪੀਲ ਵਿੱਚ ਉਸ ਨੇ ਆਪਣੀ ਜਾਇਦਾਦ 'ਚੋਂ ਕੁਝ ਕਿਰਾਏਦਾਰਾਂ ਨੂੰ ਬਾਹਰ ਕੱਢ ਦੀ ਅਪੀਲ ਕੀਤੀ ਸੀ। ਇਸ ਮਾਮਲੇ ਦੀ ਸੁਣਵਾਈ ਦੌਰਾਨ ਉਸ ਦੀ ਮੌਤ ਹੋ ਗਈ ਤੇ ਉਸ ਦੇ ਵਾਰਸਾਂ ਨੇ ਇਸ ਕਾਨੂੰਨੀ ਲੜਾਈ ਨੂੰ ਸੰਭਾਲ ਲਿਆ ਹੈ।

# 19 ਸਾਲਾ ਬਿਆਂਕਾ ਨੇ ਸੇਰੇਨਾ ਵਿਲੀਅਮਜ਼ ਦੇ 24ਵੇਂ ਖ਼ਿਤਾਬ ਦਾ ਸੁਪਨਾ ਤੋੜਿਆ

...ਪੰਨਾ 1 ਦਾ ਬਾਕੀ

ਸੇਰੇਨਾ ਵਿਲੀਅਮਜ਼ ਨੇ 1999 ਵਿਚ ਪਹਿਲਾ ਗਰੈਂਡ ਸਲੈਮ ਜਿੱਤਿਆ ਸੀ, ਜਦੋਂਐਂਡ੍ਰੀਸਕੂ ਨੇ ਅਜੇ ਜਨਮ ਨਹੀਂ ਲਿਆ ਸੀ। ਬਿਆਂਕਾ ਨੇ ਬਿੱਗ ਹਿਟਿੰਗ ਬਿੱਗ ਸਰਵਿੰਗ ਦੀ ਹਮਲਾਵਰ ਖੇਡ ਖੇਡਦੇ ਹੋਏ ਸੇਰੇਨਾ ਨੂੰ ਹਰਾ ਕੇ ਨਾ ਸਿਰਫ਼ ਆਪਣਾ ਪਹਿਲਾ ਗਰੈਂਡ ਸਲੈਮ ਜਿੱਤਿਆ, ਸਗੋਂ ਸੇਰੇਨਾ ਨੂੰ ਆਪਣਾ ਰਿਕਾਰਡ 24ਵਾਂ ਗਰੈਂਡ ਸਲੈਮ ਜਿੱਤਣ ਤੋਂ ਵੀ ਰੋਕ ਦਿੱਤਾ। 37 ਸਾਲ ਦੀ ਸੇਰੇਨਾ ਨੂੰ ਲਗਾਤਾਰ ਦੂਸਰੇ ਸਾਲ ਫਲਸ਼ਿੰਗ ਮਿਡੋਸ (ਯੂ ਐੱਸ ਓਪਨ) ਦੇ ਫਾਈਨਲ ਦੀ ਹਾਰ ਹੋਈ ਹੈ। ਪਿਛਲੇ ਸਾਲ ਜਾਪਾਨ ਦੀ ਨਾਓਮੀ ਓਸਾਕਾ ਨੇ ਉਸ ਨੂੰ ਹਰਾਇਆ ਸੀ। ਅੱਗੋਂ ਸੇਰੇਨਾ ਨੂੰ ਸਭ ਤੋਂ ਵੱਧ 24 ਗਰੈਂਡ ਸਲੈਮ ਜਿੱਤਣ ਦੇ ਮਾਰਗਰੇਟ ਕੋਰਟ ਦੇ ਰਿਕਾਰਡ ਦੀ ਬਰਾਬਰੀ ਲਈ ਜਨਵਰੀ ਵਿਚ ਹੋਣ ਵਾਲੇ ਸਾਲ ਦੇ ਪਹਿਲੇ ਗਰੈਂਡ ਸਲੈਮ ਆਸਟ੍ਰੇਲੀਅਨ ਓਪਨ ਤਕ ਉਡੀਕ ਕਰਨੀ ਪਵੇਗੀ। ਦੂਜੇ ਪਾਸੇ ਬਿਆਂਕਾ ਓਪਨ ਏਰਾ ਵਿਚ ਯੂ ਐੱਸ ਓਪਨ ਵਾਲੇ ਮੁੱਖ ਡਰਾਅ ਵਿਚ ਸ਼ੁਰੂਆਤ ਦੇ ਨਾਲ ਖ਼ਿਤਾਬ ਜਿੱਤਣ ਵਾਲੀ ਪਹਿਲੀ ਮਹਿਲਾ ਬਣ ਗਈ ਹੈ।



ਯੂ ਐੱਸ ਓਪਨ ਦੀ ਟਰਾਫੀ ਜਿੱਤਣ ਵਾਲੀ ਬਿਆਂਕਾ ਐਂਡ੍ਰੀਸਕੂ ਨੇ ਅਮਰੀਕੀ ਜਨਤਾ ਤੋਂ ਮਾਫ਼ੀ ਮੰਗੀ ਹੈ। ਗਰੈਂਡ ਸਲੈਮ ਜਿੱਤਣ ਵਾਲੀ ਕੈਨੇਡਾ ਦੀਪਹਿਲੀ ਖਿਡਾਰਨ ਬਣੀ ਬਿਆਂਕਾ ਨੇ ਕਿਹਾ: ਮੈਂ ਜਾਣਦੀ ਹਾਂ ਕਿ ਤੁਸੀਂ ਲੋਕ ਸੇਰੇਨਾ ਨੂੰ ਉਨ੍ਹਾਂ ਦਾ ਖ਼ਿਤਾਬ ਜਿੱਤਦੇ ਦੇਖਣ ਆਏ ਸੀ, ਇਸ ਲਈ ਮੈਂ ਤੁਹਾਥੋਂ ਮਾਫ਼ੀ ਮੰਗਦੀ ਹਾਂ। ਬਿਆਂਕਾ ਨਾਲ ਖੜੀ ਸੇਰੇਨਾ ਇਸ ਗੱਲ ਉੱਤੇ ਮੁਸਕੁਰਾ ਪਈ, ਕਿਉਂਕਿ ਉਹ ਜਾਣਦੀ ਸੀ ਕਿ ਬਿਆਂਕਾ ਨੇ ਇਤਿਹਾਸ ਰਚ ਦਿੱਤਾ ਹੈ। ਬਿਆਂਕਾ ਨੇ ਕਿਹਾ ਕਿ ਮੈਂ ਸੇਰੇਨਾ ਵਰਗੀ ਦਿੱਗਜ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ ਤੇ ਇਸ ਕੋਸ਼ਿਸ਼ ਵਿਚ ਕਾਮਯਾਬ ਰਹੀ ਹਾਂ। ਸੇਰੇਨਾ ਵਿਲੀਅਮਜ਼ ਨੇ ਫਾਈਨਲ ਵਿਚ ਆਪਣੇ ਖੇਡ ਦੇ ਪੱਧਰ ਤੋਂ ਨਾਖ਼ੁਸ਼ੀ ਜ਼ਾਹਿਰ ਕੀਤੀ ਹੈ। ਮੈਚ ਪਿੱਛੋਂ ਸੇਰੇਨਾ ਨੇ ਕਿਹਾ ਕਿ ਮੈਨੂੰ ਬਿਆਂਕਾ ਨਾਲ ਪਿਆਰ ਹੈ, ਉਹ ਚੰਗੀ ਕੁੜੀ ਹੈ, ਪਰ ਇਹ ਮੇਰੇ ਲਈ ਟੂਰਨਾਮੈਂਟ ਦਾ ਸਭ ਤੋਂ ਮਾੜਾ ਮੈਚ ਰਿਹਾ। ਮੈਂ ਬਹੁਤ ਖ਼ਰਾਬ ਖੇਡ ਖੇਡੀ। ਪੂਰੇ ਟੂਰਨਾਮੈਂਟ ਵਿਚ ਚੰਗਾ ਖੇਡਣ ਮਗਰੋਂ ਫਾਈਨਲ ਵਿਚ ਅਜਿਹੀ ਖੇਡ ਦੀ ਮੈਨੂੰ ਖ਼ੁਦ ਤੋਂ ਆਸ ਨਹੀਂ ਸੀ। ਮੈਨੂੰ ਲਗਦਾ ਹੈ ਕਿ ਮੈਂ ਏਦੂੰਚੰਗਾ ਖੇਡ ਸਕਦੀ ਸੀ। ਮੈਨੂੰ ਹੋਰ ਕੋਸ਼ਿਸ਼ ਕਰਨੀ ਚਾਹੀਦੀ ਸੀ। ਇਮਾਨਦਾਰੀ ਨਾਲ ਕਹਾਂ ਤਾਂ ਇਹ ਕਾਫੀ ਨਿਰਾਸ਼ਾਜਨਕ ਹੈ। ਮੈਂ ਕਾਫੀ ਨੇੜੇ ਸੀ ਤੇ ਕਾਫੀ ਦੂਰ ਹੋ ਗਈ ਹਾਂ।

# ਹੁਣ ਫਰੀਦਕੋਟ ਵਾਸੀਆਂ ਨੂੰ ਮਿਲੇਗੀ ਸੁੱਧ ਪੀਣ ਵਾਲੇ ਪਾਣੀ ਦੀ ਨਿਰਵਿਘਨ ਸਪਲਾਈ : ਕੁਸ਼ਲਦੀਪ ਢਿੱਲੋਂ

ਫਰੀਦਕੋਟ, 8 ਸਤੰਬਰ (ਗਿਆਨ ਸਿੰਘ): ਫਰੀਦਕੋਟ ਨਿਵਾਸੀਆਂ ਦੀ ਪੀਣ ਵਾਲੇ ਪਾਣੀ ਦੀ ਮੁਸ਼ਕਿਲ ਦੇ ਪੱਕੇ ਹੱਲ ਲਈ ਵਿਧਾਇਕ ਸ: ਕੁਸ਼ਲਦੀਪ ਸਿੰਘ ਢਿੱਲੋਂ ਵੱਲੋਂ ਅੱਜ ਰਾਜਾ ਮਾਈਨਰ (ਫਰੀਦਕੋਟ ਵਾਟਰ ਨਹਿਰ) ਦਾ ਉਦਘਾਟਨ ਕੀਤਾ ਗਿਆ । ਇਸ ਵੱਕਾਰੀ ਪ੍ਰੋਜੈਕਟ ਤੇ ਰਾਜ ਸਰਕਾਰ ਵੱਲੋਂ 5 ਕਰੋੜ 16 ਲੱਖ ਦੀ ਰਾਸ਼ੀ ਮੰਨਜੂਰ ਕੀਤੀ ਗਈ ਸੀ ਜਦਕਿ ਇਸ ਪ੍ਰੋਜੈਕਟ ਨੂੰ 4 ਕਰੋੜ ਰੁਪਏ ਦੀ ਲਾਗਤ ਨਾਲ ਪੂਰਾ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਹੁਣ ਸ਼ਹਿਰ ਵਾਸੀਆਂ ਲਈ 21 ਕਿਊਸਿਕ ਪਾਣੀ ਰਾਜਾ ਮਾਈਨਰ ਤੋਂ ਛੱਡਿਆ ਜਾਵੇਗਾ।

ਇਸ ਮੌਕੇ ਪ੍ਰਭਾਵਸ਼ਾਲੀ ਪ੍ਰੋਗਰਾਮ ਦੌਰਾਨ ਸ਼ਹਿਰ ਵਾਸੀਆਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਫਰੀਦਕੋਟ ਵਾਸੀ ਪਿਛਲੇ ਕਈ ਸਾਲਾਂ ਤੋਂ ਪੀਣ ਵਾਲੇ ਸ਼ੁੱਧ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਸਨ ਜਿਸ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਸ਼ਹਿਰ ਵਾਸੀਆਂ ਨਾਲ ਵਾਅਦਾ ਕੀਤਾ ਸੀ ਅਤੇ ਅੱਜ ਇਹ ਵਾਅਦਾ ਪੂਰਾ ਹੋ ਗਿਆ ਹੈ। ਇਹ ਕੰਮ ਕਰੀਬ 5 ਮਹੀਨੇ ਵਿੱਚ ਮੁਕੰਮਲ ਹੋ ਗਿਆ ਹੈ । ਉਨ੍ਹਾਂ ਦੋਸ਼ ਲਗਾਇਆ ਕਿ ਅਕਾਲੀ ਭਾਜਪਾ ਸਰਕਾਰ ਮੌਕੇ ਇਸ ਪ੍ਰੋਜੈਕਟ ਨੂੰ ਸਿਰਫ ਕਾਗਜਾਂ ਵਿੱਚ ਪੂਰਾ ਕੀਤਾ ਗਿਆ ਸੀ ਜਦੋਂ ਕਿ ਹਕੀਕੀ ਤੌਰ ਤੇ ਉਸ ਸਰਕਾਰ ਵੱਲੋਂ ਕੁਝ ਵੀ ਨਹੀਂ ਕੀਤਾ ਗਿਆ ਸੀ ਤੇ ਨਾ ਹੀ ਇਸ ਪ੍ਰੋਜੈਕਟ ਲਈ ਗਰਾਂਟ ਦਿੱਤੀ ਗਈ ਸੀ ਜਿਸ ਕਾਰਨ ਇਹ ਪ੍ਰੋਜੈਕਟ ਲਟਕ ਗਿਆ ਸੀ।



ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਵਿਸ਼ੇਸ਼ ਯਤਨਾਂ ਸਦਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸ਼ਹਿਰ ਵਾਸੀਆਂ ਨੂੰ ਨਿਰਵਿਘਨ ਪੀਣ ਵਾਲੇ ਪਾਣੀ ਦੀ ਸਪਲਾਈ ਲਈ 5 ਕਰੋੜ 16 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਸੀ ਅਤੇ ਇਸ ਨੂੰ 4 ਕਰੋੜ ਰੁਪਏ ਦੀ ਲਾਗਤ ਨਾਲ ਪੂਰਾ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਖੁਸ਼ੀ ਹੈ ਕਿ ਅੱਜ ਇਹ ਪ੍ਰੋਜੈਕਟ ਸਾਰੀਆਂ ਮੁਸ਼ਕਿਲਾਂ ਨੂੰ ਦੂਰ ਕਰਕੇ ਪੂਰਾ ਹੋ ਗਿਆ ਹੈ ਤੇ ਇਸ ਨੂੰ ਸ਼ਹਿਰ ਵਾਸੀਆਂ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਸ਼ਹਿਰ ਨਿਵਾਸੀਆਂ ਲਈ ਕਿਸੇ ਵੀ ਸੌਗਾਤ ਤੋਂ ਘੱਟ ਨਹੀਂ ਹੈ ਤੇ ਹੁਣ ਪੀਣ ਵਾਲੇ ਪਾਣੀ ਦੀ ਪੱਕੇ ਤੌਰ ਤੇ ਸਮੱਸਿਆ ਹੱਲ ਹੋ ਗਈ ਹੈ। ਉਨ੍ਹਾਂ ਕਿਹਾ ਕਿ ਉਹ ਹਲਕਾ ਨਿਵਾਸੀਆਂ ਦੀ ਸੇਵਾ ਲਈ ਦਿਨ ਰਾਤ ਕੰਮ ਕਰ ਰਹੇ ਹਨ ਅਤੇ ਫਰੀਦਕੋਟ ਸ਼ਹਿਰ ਦੀ ਕਾਇਆ ਕਲਪ ਲਈ 100 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ ਜਿਸ ਤਹਿਤ ਸੜਕਾਂ, ਸੀਵਰੇਜ, ਗਲੀਆਂ ਆਦਿ ਦਾ ਕੰਮ ਜੰਗੀ ਪੱਧਰ ਤੇ ਚੱਲ ਰਿਹਾ ਹੈ । ਉਨ੍ਹਾਂ ਕਿਹਾ ਕਿ ਆਵਾਜਾਈ ਦੀ ਸਹੂਲਤ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਤਲਵੰਡੀ ਰੋਡ ਫਾਟਕ ਤੇ ਪੁੱਲ ਦਾ ਕੰਮ ਜੰਗੀ ਪੱਧਰ ਤੇ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਬਾਬਾ ਫਰੀਦ ਦੀ ਨਗਰੀ ਫਰੀਦਕੋਟ ਮਾਡਲ ਸ਼ਹਿਰ ਵਜੋਂ ਵਿਕਸਤ ਹੋਵੇਗਾ।

ਕੁਸ਼ਲਦੀਪ ਸਿੰਘ ਢਿੱਲੋਂ ਨੇ ਅਕਾਲੀ-ਭਾਜਪਾ ਸਰਕਾਰ ਤੇ ਵਰਦਿਆਂ ਕਿਹਾ ਕਿ ਆਪਣੇ ਆਖਰੀ ਕਾਰਜਕਾਲ ਦੌਰਾਨ ਉਨ੍ਹਾਂ ਵੋਟਾਂ ਵਟੋਰਨ ਦੀ ਖਾਤਰ 1500 ਕਰੋੜ ਰੁਪਏ ਦਾ ਕਰਜ਼ਾ ਚੁੱਕ ਲਿਆ ਅਤੇ ਵੋਟਾਂ ਸਮੇਂ ਫ਼ਰੀਦਕੋਟ ਸ਼ਹਿਰ ਨੂੰ ਮਹਿਜ਼ 5 ਕਰੋੜ ਦੀ ਰਾਸ਼ੀ ਨਾਲ ਸੀਵਰੇਜ ਲਈ ਸ਼ਹਿਰ ਪੁੱਟਵਾ ਦਿੱਤਾ ਅਤੇ ਇਸ ਦਾ ਟੈਂਡਰ ਵੀ ਵੱਧ ਰੇਟ ਨਾਲ ਹੋਏ। ਉਨ੍ਹਾਂ ਦੱਸਿਆ ਕਿ ਕੰਮ ਦੀ ਰਫ਼ਤਾਰ ਢਿੱਲੀ ਹੋਣ ਕਾਰਣ ਕੰਪਨੀ ਨੂੰ ਜੁਰਮਾਨਾ ਵੀ ਕੀਤਾ ਗਿਆ ਹੈ। ਇਸ ਮੌਕੇ ਨਿਗਰਾਨ ਇੰਜੀਨੀਅਰ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ 26.64 ਲੱਖ ਦੀ ਲਾਗਤ ਨਾਲ ਪੀਣ ਵਾਲੇ ਪਾਣੀ ਲਈ ਬਾਜੀਗਰ ਬਸਤੀ,ਹਰਿੰਦਰ ਨਗਰ,ਗਰੀਨ ਐਵਨਿਊ, ਡੋਗਰ ਬਸਤੀ, ਭਾਨ ਸਿੰਘ ਕਲੌਨੀ ਆਦਿ ’ਚ ਜਮੀਨਦੋਜ਼ ਪਾਈਪਾਂ ਪਾਈਆਂ ਜਾ ਚੁੱਕੀਆਂ ਹਨ।

# ਮਦਰਾਸ ਹਾਈ ਕੋਰਟ ਦੀ ਚੀਫ ਜਸਟਿਸ ਨੇ ਬਦਲੀ ਹੋਣ ਦੇ ਵਿਰੁੱਧ ਅਸਤੀਫਾ ਦੇ ਦਿੱਤਾ

ਨਵੀਂ ਦਿੱਲੀ, 8 ਸਤੰਬਰ (ਪੋਸਟ ਬਿਊਰੋ)- ਮਦਰਾਸ ਹਾਈ ਕੋਰਟ ਦੀ ਚੀਫ ਜਸਟਿਸ ਵਿਜੇ ਕੇ ਤਾਹਿਲਰਮਾਨੀ ਨੇ ਕੱਲ੍ਹ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਵਰਨਣ ਯੋਗ ਹੈ ਕਿ ਜਸਟਿਸ ਤਾਹਿਲਰਮਾਨੀ ਨੂੰ ਸੁਪਰੀਮ ਕੋਰਟ ਦੀ ਕਾਲੇਜੀਅਮ ਨੇ ਮਦਰਾਸ ਹਾਈ ਕੋਰਟ ਤੋਂ ਮੇਘਾਲਿਆ ਹਾਈ ਕੋਰਟ ਤਬਦੀਲ ਕਰ ਦਿੱਤਾ ਸੀ।

ਜਸਟਿਸ ਤਾਹਿਲਰਮਾਨੀ ਨੇ ਕਾਲੇਜੀਅਮ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਦੀ ਬੇਨਤੀ ਕੀਤੀ ਸੀ, ਪਰ ਪ੍ਰਵਾਨ ਨਾ ਹੋਣ 'ਤੇ ਉਨ੍ਹਾਂ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਸਰਕਾਰੀ ਸੂਤਰਾਂ ਮੁਤਾਬਕ ਜਸਟਿਸ ਤਾਹਿਲਰਮਾਨੀ ਨੇ ਕੱਲ੍ਹ ਰਾਤ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਆਪਣਾ ਅਸਤੀਫਾ ਭੇਜ ਦਿੱਤਾ ਅਤੇ ਇਸ ਦੀ ਇੱਕ ਕਾਪੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਰੰਜਨ ਗੋਗੋਈ ਨੂੰ ਵੀ ਭੇਜ ਦਿੱਤੀ ਹੈ। ਜਸਟਿਸ ਗੋਗੋਈ ਦੀ ਅਗਵਾਈ ਵਾਲੀ ਕਾਲੇਜੀਅਮ ਨੇ ਹੀ ਜਸਟਿਸ ਤਾਹਿਲਰਮਾਨੀ ਨੂੰ ਮੇਘਾਲਿਆ ਹਾਈ ਕੋਰਟ ਦਾ ਮੁੱਖ ਜੱਜ ਬਣਾ ਕੇ ਭੇਜਣ ਲਈ ਹੁਕਮ ਕੀਤੇ ਸਨ। ਪਿਛਲੇ ਸਾਲ ਅੱਠ ਅਗਸਤ ਨੂੰ ਜਸਟਿਸ ਤਾਹਿਲਰਮਾਨੀ ਨੇ ਮਦਰਾਸ ਹਾਈ ਕੋਰਟ ਦੇ ਚੀਫ ਜਸਟਿਸ ਵਜੋਂ ਸਹੁੰ ਚੁੱਕੀ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Aikam Media Group
Radio Punjab
Monday to Friday 2:00PM to 3:00PM on 89.5 FM
Aikam TV
Every Saturday on Vision TV Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟਰੱਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਿਡ ਰਨ ਲਈ ਲੋੜ ਹੈ
647.456.8520 | 416.904.0715

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਭਵਿਖਤ ਪੁਰਾਨ



ਕਰਨੈਲ ਸਿੰਘ ਟੋਰਾਂਟੋ
416-746-7642

ਏਵੇ ਵੈ ਧਰਮ ਪਰਚੁਰਯੰ ਭਵਿਖਯਤਿ ਯਦਾ ਕਲਉ॥੩੩॥

ਤਦਾ ਵੈ ਲੋਕ ਰਖਯਾਰਥੰ ਮਲੇਛਾਨਾਂ ਨਾਸ ਹੇਤੁਬੇ॥

ਪਸਚਮੇਤੁ ਸੁਭੇ ਦੇਸੇ ਬੇਦੀ ਬੰਸੇ ਚ ਨਾਨਕਉ॥੩੪॥

ਸਵਈਏ ਮਹਲੇ ਪਹਿਲੇ ਕੇ

ਤਥਾ:- ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਅ॥

(ਪੰਨਾ ੧੩੯੦)

ਅਰਥ:- ਜਿਸ ਵਿਆਸ ਮੁਨੀ ਜੀ ਨੇ ਆਪਣੇ ਪਿਤਾ ਪਰਾਸ਼ਰ ਰਿਖੀ ਦੇ ਵਰ ਕਰ ਕੇ ਵਿਆਕਰਣ ਦੁਆਰੇ ਵੇਦਾਂ ਨੂੰ ਵਿਚਾਰਨਾ ਕੀਤਾ ਹੈ, ਉਹ ਵਿਆਸ ਮੁਨੀ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਣਾਂ ਨੂੰ ਗਾਂਵਦਾ ਹੈ।

ਤਥਾ:- ੧. ਸ਼ਿਆਮ ਵੇਦ ਕਉ ਸੋਧ ਕਰਿ ਮਥ ਵੇਦਾਂਤ ਵਿਯਾਸ ਸੁਣ-ਾਇਆ॥

੨. ਤ੍ਰਿਪਤ ਨ ਆਈ ਵੇਦ ਮੱਥ ਅਗਨੀ ਅੰਦਰ ਤਪਤ ਤਪਾਇਆ॥

੩. ਮਾਇਆ ਡੰਡ ਨ ਉਤਰੈ ਜਮ ਡੰਡੇ ਬਹੁ ਦੁਖ ਰੂਆਇਆ।

੪. ਨਾਰਦ ਮੁਨ ਉਪਦੇਸਿਆ ਮਥ ਭਗਵਤ ਗੁਣ ਗੀਤ ਕਰਾਇਆ।

੫. ਵਿਣ ਸਰਣੀ ਨਹੀ ਕੇ ਤਰਾਇਆ॥ ਪੰਨਾ ੧੩੯੦

ਤਥਾ:- ਮਾਰੂ ਮਹਲਾ ੫॥

ਜਿਸੁ ਨਾਮੈ ਕਉ ਤਰਸਹਿ ਬਹੁ ਦੇਵਾ॥ ਸਗਲ ਭਗਤ ਜਾਕੀ ਕਰਦੇ ਸੇਵਾ॥

ਅਨਾਥਾ ਅਨਾਥੁ ਦੀਨ ਦੁਖ ਭੰਜਨੁ ਸੋ ਗੁਰ ਪੂਰੇ ਤੇ ਪਾਇਣਾ॥੩॥

(ਪੰਨਾ ੧੦੭੮)

ਅਰਥ:- ਜਿਸ ਪਰਮੇਸ਼ਰ ਦੇ ਨਾਮ ਨੂੰ ਬਹੁਤੇ ਦੇਵਤੇ ਤਰਸਦੇ ਹਨ ਅਤੇ ਸਾਰੇ ਭਗਤ ਜਿਸ ਪਰਮੇਸ਼ਰ ਦੀ ਸੇਵਾ ਕਰਦੇ ਹਨ। ਜੋ ਅਨਾਥਾਂ ਦਾ ਨਾਥ=ਸੁਆਮੀ ਹੈ ਅਤੇ ਦੀਨ=ਗਰੀਬਾਂ ਦੇ ਦੁਖ ਭੰਜਨੁ=ਨਾਸ਼ ਕਰਨ ਵਾਲਾ ਹੈ। ਉਹ ਪ੍ਰਭੂ ਪੂਰਿਆਂ ਗੁਰੂਆਂ ਪਾਸੋਂ ਪਾਇਆ ਜਾਂਦਾ ਹੈ।

ਨਾਮੁ ਜਿਨਾ ਨੇ ਜਪਿਆ

ਬਸੰਤ ਮਹਲਾ ੫ ਘਰੁ ੧ ਦੁਤਕੀਆ ੧ੳ ਸਤਿਗੁਰ ਪ੍ਰਸਾਦਿ॥

ਸੁਣਿ ਸਾਖੀ ਮਨ ਜਪਿ ਪਿਆਰ॥ ਅਜਾਮਲੁ ਉਧਰਿਆ ਕਹਿ ਏਕ ਬਾਰ॥

ਬਾਲਮੀਕੈ ਹੋਆ ਸਾਧ ਸੰਗੁ॥ ਧ੍ਰੂ ਕਉ ਮਿਲਿਆ ਹਰਿ ਨਿਸੰਗ॥੧॥

ਭਾਵ:- ਸਤਿਗੁਰੂ ਜੀ ਕਥਨ ਕਰਦੇ ਹਨ ਹੇ! ਦੁਨੀਆਂ ਦੇ ਲੋਕੋ ਨਾਮੁ ਦੇ ਜਪਣ ਵਾਲਿਆਂ ਦੀਆਂ ਸਾਖੀਆਂ ਸੁਣਿਆ ਕਰੋ। ਵੇਸ਼ਵਾ ਗਾਮੀ ਹੋਣ ਕਰਕੇ ਸਭ ਤੋਂ ਵੱਡਾ ਪਾਪੀ ਅਜਾਮਲ ਸੰਤਾਂ ਦੀ ਕ੍ਰਿਪਾ ਨਾਲ ਇਕੋ ਵੇਰੀ ਨਾਰਾਇਣ ਨਾਮ ਕਹਿਣ ਕਰਕੇ ਸੰਸਾਰ ਸਮੁੰਦਰ ਤੋਂ ਤਰ ਗਿਆ ਅਤੇ ਬਾਲਮੀਕ, ਨੂੰ ਵੀ ਸੰਤਾਂ ਦੀ ਸੰਗਤ ਹੋਣ ਕਰਕੇ ਉਪਦੇਸ਼ ਮਿਲਿਆ, ਰਾਮ ਰਾਮ ਜਪਣ ਕਰਕੇ ਸੰਸਾਰ ਤੋਂ ਤਰ ਗਿਆ। ਜਿਸ ਵੇਲੇ ਮਤ੍ਰੇਈ ਮਾਂ ਨੇ ਧਰੂ ਨੂੰ ਪਿਤਾ ਉਡਾਨਪਾਦ ਦੀ ਗੋਦੀ ਵਿਚੋਂ ਉਠਾ ਕੇ ਬਾਹਰ ਕੱਢਿਆ, ਧਰੂ ਜੀ ਨੂੰ ਜੰਗਲ ਵਿਚ ਜਾਂਦਿਆਂ ਰਸਤੇ ਵਿਚ ਨਾਰਦ ਮੁਨੀ ਜੀ ਮਿਲੇ। ਨਾਰਦ ਜੀ ਤੋਂ ਉਪਦੇਸ਼ ਲੈ ਕੇ ਇਕਾਂਤ ਜਗ੍ਹਾ ਬੈਠ ਕੇ ਤਪ ਕੀਤਾ, ਸਾਸ ਸਾਸ ਸਿਮਰਨ ਕੀਤਾ। ਉਸ ਤਪ ਦੇ ਬਲ ਕਰਕੇ ਧਰੂ ਭਗਤ ਜੀ ਨੂੰ ਨਿਸੰਗ ਹੀ ਹਰੀ ਮਿ-ਲਆ॥੨॥

ਤੇਰਿਆ ਸੰਤਾਂ ਜਾਚਉ ਚਰਨ ਰੇਨ॥ ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ॥੧॥ ਰਹਾਉ॥

ਅਰਥ:- ਹੇ ਵਾਹਿਗੁਰੂ ਮੈਂ ਤੇਰਿਆਂ ਸੰਤਾਂ ਦੀ ਚਰਨ ਧੂੜੀ ਮੰਗਦਾ ਹਾਂ।

ਆਪ ਕ੍ਰਿਪਾ ਕਰਕੇ ਦੇਣਾ ਕਰੋ, ਮੈਂ ਲੈ ਕੇ ਮੱਥੇ ਪਰ ਲਾਵਾਂ॥੧॥ ਰਹਾਉ॥

ਗਨਿਕਾ ਉਧਰੀ ਹਰਿ ਕਹੈ ਤੋਤ॥ ਗਜਇੰਦ੍ਰ ਧਿਆਇਓ ਹਰਿ ਕੀਓ ਮੋਖ॥

ਅਰਥ:- ਜਿਸ ਵੇਲੇ ਮਹਾਂਪੁਰਸ਼ ਗਨਿਕਾ ਨੂੰ ਤੋਤਾ ਦੇ ਕੇ ਸਿਮਰਨ ਦਾ ਉਪਦੇਸ਼ ਦੇ ਕੇ ਚਲੇ ਗਏ, ਪਿਛੋਂ ਗਨਿਕਾ ਅੰਮ੍ਰਿਤ ਵੇਲੇ ਉਠ ਕੇ ਹਰ ਰੋਜ਼ ਤੋਤੇ ਨੂੰ ਰਾਮ ਰਾਮ ਪੜ੍ਹਾਇਆ ਕਰਦੀ ਸੀ। ਸਾਧੂਆਂ ਦੀ ਕ੍ਰਿਪਾ ਕਰਕੇ ਨਾਮੁ ਜਪਕੇ ਪਾਪਣ ਤੋਂ ਪਵਿੱਤ੍ਰ ਹੋ ਗਈ ਅਤੇ ਸੰਸਾਰ ਤੋਂ ਤਰ ਗਈ।

ਗਜਇੰਦ੍ਰ=ਐਰਾਵਤ ਹਾਥੀ ਨੇ ਪ੍ਰਭੂ ਨੂੰ ਧਿਆਉਣਾ ਕੀਤਾ, ਤਾਂ ਹਰੀ ਨੇ ਹਾਥੀ ਨੂੰ ਤੰਦੂਏ ਦੇ ਤੰਦ ਕੱਟ ਕੇ ਬੰਧਨ ਮੋਖ ਕੀਤਾ।

ਬਿਪ੍ਰ ਸੁਦਾਮੇ ਦਾਲਦੁ ਭੰਜ॥ ਰੇ ਮਨ ਤੂ ਭੀ ਭਜੁ ਗੋਬਿੰਦ॥੨॥

ਅਰਥ:- ਕ੍ਰਿਸ਼ਨ ਭਗਵਾਨ ਨੇ ਆਪਣੇ ਮਿੱਤਰ ਸੁਦਾਮੇ ਬ੍ਰਾਹਮਣ ਦਾ ਦਲਿਦਰ ਕਟ ਦਿਤਾ।

ਅਰਥ:- ਹੇ ਮਨ ਤੂੰ ਭੀ ਗੋਬਿੰਦ ਦਾ ਭਜਨ ਕਰਿ॥੨॥

ਬਧਿਕੁ ਉਧਾਰਿਓ ਖਮਿ ਪ੍ਰਹਾਰ॥ ਕੁਬਿਜਾ ਉਧਰੀ, ਅੰਗੁਸਟ ਧਾਰ॥

ਬਿਦਰੁ ਉਧਾਰਿਓ ਦਾਸਤ ਭਾਇ॥ ਰੇ ਮਨ ਤੂੰ ਭੀ ਹਰਿ ਧਿਆਇ॥੩॥ ਪੰਨਾ ੧੧੯੨

ਅਰਥ:- ਕ੍ਰਿਸ਼ਨ ਜੀ ਦੇ ਚਰਨਾਂ ਵਿਚ ਪਦਮ ਲਿਸ਼ਕ ਰਿਹਾ ਸੀ, ਹਿਰਨ ਦੀਆਂ ਅੱਖਾਂ ਚਮਕਦੀਆਂ ਸਮਝਕੇ ਬਧਕੁ=ਸ਼ਿਕਾਰੀ ਨੇ ਕ੍ਰਿਸ਼ਨ ਜੀ ਦੇ ਚਰਨਾਂ ਵਿਚ ਖਮਿ=ਬਾਣ ਮਾਰਿਆ, ਉਸ ਸ਼ਿਕਾਰੀ ਨੂੰ ਵੀ ਤਾਰ ਦਿਤਾ। ਕੁੱਬੀ ਨੇ ਗੋਪੀ ਚੰਦਨ ਦਾ ਟਿੱਕਾ ਲਾਇਆ ਕ੍ਰਿਸ਼ਨ ਜੀ ਨੇ ਕੁੱਬੀ ਦੇ ਪੈਰ ਉਤੇ ਆਪਣੇ ਪੈਰ ਦਾ ਅੰਗੂਠਾ ਧਾਰ=ਰੱਖ ਕੇ ਸਿੱਧਾ ਉਤੇ ਨੂੰ ਚੁੱਕਿਆ ਤਾਂ ਕੁੱਬੀ ਦਾ ਕੁੱਬ ਕੱਢ ਕੇ ਸਿੱਧਾ ਕਰ ਦਿਤਾ ਅਤੇ ਕੰਸ ਨੂੰ ਮਾਰ ਕੇ ਇਸਦੇ ਘਰ ਜਾਕੇ ਇਸਦੀ ਮਨੋਕਾਮਨਾ ਪੂਰੀ ਕੀਤੀ ਅਤੇ ਸੰਸਾਰ ਸਮੁੰਦਰ ਤੋਂ ਉਧਰੀ=ਤਰ ਗਈ। ਬਿਦਰ ਭਗਤ ਨੂੰ ਦਾਸਾ ਭਾਇ=ਵਾਲੇ ਹੋਣ ਕਰਕੇ ਸੰਸਾਰ ਤੋਂ ਤਾਰ ਦਿਤਾ।

ਜਿਸ ਵੇਲੇ ਕ੍ਰਿਸ਼ਨ ਜੀ ਪਾਂਡਵਾਂ ਨੂੰ ਰਾਜ ਦਾ ਕੁਝ ਹਿੱਸਾ ਦਿਵਾਉਣ ਲਈ ਦੁਰਯੋਧਨ ਪਾਸ ਜਾ ਰਹੇ ਸੀ ਤਾਂ ਕਿਸੇ ਨੇ ਦੁਰਯੋਧਨ ਨੂੰ ਆਕੇ ਦੱਸ ਦਿਤਾ ਕਿ ਕ੍ਰਿਸ਼ਨ ਜੀ ਤੁਹਾਡੇ ਪਾਸ ਆ ਰਹੇ ਹਨ, ਇਹ ਗੱਲ ਸੁਣਕੇ ਦੁਰਯੋਧਨ ਸਿੰਘਾਸਨ ਤੋਂ ਉਠਕੇ ਘੋੜਿਆਂ ਦੇ ਤਬੇਲੇ ਵਿਚ ਚਲਾ ਗਿਆ। ਦੁਰਯੋਧਨ ਦੀ ਕੁਟਲ ਨੀਤੀ ਨੂੰ ਕ੍ਰਿਸ਼ਨ ਜੀ ਸਮਝ ਗਏ। ਕ੍ਰਿਸ਼ਨ ਜੀ ਦੁਰਯੋਧਨ ਪਾਸ ਜਾਣ ਦੀ ਬਜਾਏ ਬਿਦਰ ਦੇ ਘਰ ਚਲੇ ਗਏ। ਉਨ੍ਹਾਂ ਦੇ ਪ੍ਰੇਮ ਸਦਕਾ ਕੇਲੇ ਦੇ ਛਿੱਲੜ ਅਤੇ ਅਲੂਣਾ ਸਾਗ ਖਾ ਕੇ ਸਾਰੀ ਰਾਤ ਉਨ੍ਹਾਂ ਦੇ ਘਰ ਸੁੱਤੇ। ਦਿਨ ਚੜ੍ਹਨ ਨਾਲ ਦੁਰਯੋਧਨ ਨੇ ਆਪਣਾ ਆਦਮੀ ਭੇਜ ਕੇ ਕ੍ਰਿਸ਼ਨ ਜੀ ਨੂੰ ਬੁਲਾਇਆ ਤਾਂ ਕ੍ਰਿਸ਼ਨ ਜੀ ਦੁਰਯੋਧਨ ਪਾਸ ਆ ਗਏ ਤਾਂ ਦੁਰਯੋਧਨ ਨੇ ਕਿਹਾ ਤੁਸੀਂ ਸਾਡੇ ਪਾਸ ਕਿਉਂ ਨਹੀਂ ਸੁੱਤੇ। ਕ੍ਰਿਸ਼ਨ ਜੀ ਕਿਹਾ:

ਰਾਜਨ ਕਉਨੁ ਤੁਮਾਰੈ ਆਵੈ॥ ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੁਹਿ ਭਾਵੈ॥

(ਪੰਨਾ ੧੧੦੫)

ਸੂਹੀ ਮਹਲਾ ੪॥

ਤਥਾ: ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥

ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥ ਪੰਨਾ ੭੩੩

ਪ੍ਰਹਲਾਦ ਰਖੀ ਹਰਿ ਪੈਜ ਆਪ॥ ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ॥

ਜਿਨਿ ਜਿਨਿ ਸੇਵਿਆ ਅੰਤ ਬਾਰ॥ ਰੇ ਮਨ ਸੇਵਿ ਤੂ ਪਰਹਿ ਪਾਰ॥੪॥

(ਪੰਨਾ ੧੧੯੨)

ਅਰਥ:- ਪ੍ਰਹਿਲਾਦ ਭਗਤ ਦੀ ਹਰੀ ਨੇ ਆਪ ਇੱਜ਼ਤ ਰਖੀ ਅਤੇ ਦੁਰਯੋਧਨ ਦੀ ਸਭਾ ਵਿਚ ਬਸਤ੍ਰ ਛੀਨਤ=ਸਾੜੀਆਂ ਉਤਾਰਦਿਆਂ ਹੋਇਆ ਦ੍ਰੋਪਤੀ ਦੀ ਲਾਜ ਰਖੀ=ਇੱਜ਼ਤ ਰੱਖੀ। ਜਿਸ ਵੇਲੇ ਦੁਰਯੋਧਨ ਦੇ ਹੁਕਮ ਨਾਲ ਸਭਾ ਵਿਚ ਸਾੜ੍ਹੀਆਂ ਉਤਾਰਕੇ ਦ੍ਰੋਪਤੀ ਨੂੰ ਨੰਗਿਆਂ ਕਰਨ ਲੱਗੇ ਉਸ ਵੇਲੇ ਦ੍ਰੋਪਤੀ ਦੇ ਪੰਜਾਂ ਪਤੀਆਂ ਵਿਚੋਂ ਤਾਂ ਕੋਈ ਸਹਾਇਤਾ ਨਾ ਕਰ ਸਕਿਆ। ਦ੍ਰੋਪਤੀ ਨੇ ਇਕ ਮਨ ਹੋ ਕੇ ਕ੍ਰਿਸ਼ਨ ਜੀ ਨੂੰ ਅਰਾਧਿਆ। ਉਸ ਵੇਲੇ ਕ੍ਰਿਸ਼ਨ ਜੀ ਆਪਣੀ ਪਟਰਾਣੀ ਰੁਕਮਣੀ ਨਾਲ ਆਪਣੇ ਘਰ ਵਿਚ ਚੌਪੜ ਖੇਡਦੇ ਸੀ, ਖੇਡਦਿਆਂ ਖੇਡਦਿਆਂ ਅਰਬ ਖਰਬ ਕਹਿ ਦਿਤਾ। ਰੁਕਮਣੀ ਨੇ ਕਿਹਾ ਇਹ ਸ਼ਬਦ ਆਪ ਜੀ ਨੇ ਕੀ ਬੋਲਿਆ ਹੈ, ਚੌਪੜ ਵਿਚ ਤਾਂ ਕੋਈ ਅਰਬ ਖਰਬ ਨਹੀਂ ਹੈ। ਉਸ ਵੇਲੇ ਕ੍ਰਿਸ਼ਨ ਜੀ ਨੇ ਟਾਲ-ਮਟੋਲ ਕੀਤਾ। ਰੁਕਮਣੀ ਨੇ ਜ਼ਿੱਦ ਕੀਤੀ ਆਖਿਰ ਪੁੱਛ ਹੀ ਲਿਆ। ਕ੍ਰਿਸ਼ਨ ਜੀ ਨੇ ਕਿਹਾ ਮੇਰੀ ਭਗਤਣੀ ਦ੍ਰੋਪਤੀ ਉਤੇ ਬੜੀ ਭੀੜ ਬਣੀ ਹੋਈ ਹੈ। ਉਸਨੂੰ ਦੁਰਯੋਧਨ ਦੀ ਸਭਾ ਵਿਚ ਨੰਗਿਆਂ ਕਰਨ ਲੱਗੇ ਸਨ ਇਸ ਲਈ ਅਰਬਾਂ ਖਰਬਾਂ ਸਾੜ੍ਹੀਆਂ ਦੇ ਦਿੱਤੀਆਂ ਹਨ। ਹੁਣ ਉਸਨੂੰ ਕੋਈ ਨੰਗਿਆ ਨਹੀਂ ਕਰ ਸਕੇਗਾ।

ਭਾਈ ਗੁਰਦਾਸ ਜੀ ਵਾਰ ੧੦

ਅੰਦਰਿ ਸਭਾ ਦੁਸਾਸਣੈ ਮਥੇ ਵਾਲਿ ਦ੍ਰੋਪਤੀ ਆਂਦੀ।

ਦੂਤਾਂ ਨੇ ਫਰਮਾਇਆ ਨੰਗੀ ਕਰਹੁ ਪੰਚਾਲੀ ਬਾਂਧੀ॥

ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।

ਅਖੀਂ ਮੀਟ ਧਿਆਨੁ ਧਰਿ, ਹਾ! ਹਾ!! ਕ੍ਰਿਸ਼ਨ ਕਰੈ ਬਿਲਲਾਂਦੀ।

ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।

ਹਥ ਮਰੋੜਨਿ ਸਿਰੁ ਧਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।

ਘਰਿ ਆਈ ਠਾਕੁਰ ਮਿਲੇ, ਪੈਜ ਰਹੀ ਬੋਲੇ ਸਰਮਾਂਦੀ।

ਨਾਥ ਅਨਾਥਾਂ ਬਾਣਿ ਧੁਰਾਂਦੀ॥੮॥ ਵਾਰ ੧੦-੮॥

ਜਿਨਿ ਜਿਨਿ ਸੇਵਿਆ ਅੰਤ ਬਾਰ॥ ਰੇ ਮਨ ਸੇਵਿ ਤੂੰ ਪਰਹਿ ਪਾਰਿ॥੪॥

(ਪੰਨਾ ੧੧੯੨)

ਅਰਥ:- ਜਿਨ੍ਹਾਂ ਜਿਨ੍ਹਾਂ ਨੇ ਅੰਤ ਸਮੇਂ ਸੇਵਿਆ=ਸਿਮਰਿਆ ਉਸਦੀ ਇੱਜ਼ਤ ਵਾਹਿਗੁਰੂ ਨੇ ਆਪ ਰੱਖੀ। ਰੇ ਮਨ= ਹੇ ਪਿਆਰੇ ਮਨ ਤੂੰ ਵੀ ਹਰੀ ਦੀ ਸੇਵਾ ਕਰ, ਭਾਵ ਹਰੀ ਦਾ ਸਿਮਰਨ ਕਰ। ਤੂੰ ਵੀ ਸੰਸਾਰ ਸਮੁੰਦਰ ਤੋਂ ਪਾਰ ਪਏਂਗਾ=ਬੰਧਨ ਮੋਖ ਹੋ ਜਾਵੇਂਗਾ॥੪॥

ਭੈਰਉ ਮਹਲਾ ੧॥

ਨਾਮ-ਸਿਮਰਨ ਤੋਂ ਬਿਨਾਂ ਸਭ ਸਾਧਨ ਨਿਹਫਲ ਹਨ।

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ॥

ਰਾਮ ਨਾਮ ਬਿਨੁ ਮੁਕਤਿ ਨਾ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ॥੧॥

(ਪੰਨਾ ੧੧੨੭)

ਅਰਥ:- ਯੱਗ ਕਰਨੇ ਅੱਗ ਵਿਚ ਹਵਨ ਕਰਨੇ, ਪੂਜਾ ਸੇਵਾ ਕਰਨੀ, ਇਸ਼ਟ ਦੇਵ ਦੀ, ਦਾਨ ਪੁੰਨ ਕਰਨੇ, ਜਲ ਧਾਰਾ ਧੂਣੀਆਂ ਵਿਚ ਬੈਠ ਕੇ ਤਪ ਕਰਨਾ! ਇਹਨਾ ਕਰਮਾਂ ਧਰਮਾਂ ਦੇ ਕਰਨ ਨਾਲ ਦੇਹ ਦੁਖੀ ਰਹਿੰਦੀ ਹੈ ਅਤੇ ਮਨ ਵੀ ਦੁਖ ਸਹਾਰਦਾ ਹੈ। ਅੱਗੇ ਪਰਲੋਕ ਵਿਚ ਵੀ ਦੁਖ ਹੀ ਮਿਲਦਾ ਹੈ। ਰਾਮ ਨਾਮ ਸਿਮਰਨ ਤੋਂ ਬਗੈਰ ਜੀਵ ਮੁਕਤੀ ਨਹੀਂ ਪਾ ਸਕਦਾ। ਗੁਰਮੁਖ=ਗੁਰੂਆਂ ਦੁਆਰਾ ਰਾਮ ਦੇ ਨਾਮ ਨੂੰ ਜਪ ਕੇ ਮੁਕਤੀ ਲੈਂਦਾ ਹੈ॥੨॥

ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ॥ ਬਿਖੁ ਖਾਵੈ ਬਿਖੁ ਬੋਲੀ ਬੋਲੈ

ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ॥੧॥ ਰਹਾਉ॥

ਅਰਥ:- ਨਾਮ ਤੋਂ ਹੀਣੇ ਪੁਰਸ਼ ਦਾ ਖਾਣਾ ਵੀ ਵਿਹੁ ਹੈ। ਬੋਲੀ ਦਾ ਬੋਲਣਾ ਵੀ ਜ਼ਹਿਰ ਹੀ ਹੈ। ਨਾਮ ਤੋਂ ਬਿਨਾਂ ਜੀਵਨ ਨਿਹਫਲ ਹੈ, ਅੰਤ ਨੂੰ ਮਰਕੇ ਜੂਨੀਆਂ ਵਿਚ ਭਉਂਦਾ ਹੈ॥੨॥ ਰਹਾਉ॥

ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ॥

ਬਿਨੁ ਗੁਰ ਸ਼ਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝ ਮਰੈ॥੨॥

ਅਰਥ:- ਕੋਈ ਪੁਰਸ਼ ਪੁਸਤਕਾਂ ਦੇ ਪਾਠ ਵਿਆਕਰਣ ਅਨੁਸਾਰ ਕਰਦਾ ਹੈ ਅਤੇ ਤਿਕਾਲ= ਤਿਨ ਟਾਈਮ ਦੇ ਸੰਧਿਆ ਆਦਿਕ ਕਰਮ ਵੀ ਕਰਦਾ ਹੈ। ਤਾਂ ਵੀ ਗੁਰਸ਼ਬਦ ਤੋਂ ਬਿਨਾ ਮੁਕਤੀ ਨਹੀਂ ਪਾ ਸਕਦਾ, ਰਾਮ ਦਾ ਨਾਮ ਸਿਮਰਨ ਤੋਂ ਬਿਨਾਂ ਜੀਵ ਕਰਮਾਂ ਦੇ ਜਾਲ ਵਿਚ ਉਰਝ ਕੇ ਮਰ ਜਾਏਗਾ॥੨॥ (ਪੰਨਾ ੧੧੨੭)

ਹੋਈਆਂ ਭੁਲਾਂ ਦੀ ਮੁਆਫੀ ਚਾਹੁੰਦਾ ਹਾਂ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

# ਕਾਲੇ ਰੀਠੇ ਦੇ ਲੜ ਲਾ 'ਤੀ..

-ਡਾ. ਬਲਵਿੰਦਰ ਸਿੰਘ ਲੱਖੇਵਾਲੀ

ਇਕ ਹਾਰੇ ਦੀ ਮਿੱਟੀ
ਇਕ ਚੁੱਲ੍ਹੇ ਦੀ ਮਿੱਟੀ
ਕਾਲੇ ਰੀਠੇ ਦੇ ਲੜ ਲਾ 'ਤੀ
ਨੀ ਮੈਂ ਚਾਨਣ ਦੀ ਟਿੱਕੀ..

ਰੀਠੇ ਦਾ ਰੁੱਖ ਸਾਡੇ ਨਾਲ ਸਾਹਿਤ ਸੱਭਿਆਚਾਰ, ਧਾਰਮਿਕ, ਵੈਦਿਕ ਅਤੇ ਹੋਰ ਕਈ ਪੱਖਾਂ ਤੋਂ ਗੂੜ੍ਹੀ ਸਾਂਝ ਰੱਖਦਾ ਹੈ। ਉਪਰੋਕਤ ਲੋਕ ਬੋਲੀ ਵਿੱਚ ਪੱਕੇ ਰੰਗ ਦੇ ਮੁੰਡੇ ਦੀ ਤੁਲਨਾ ਕਾਲੇ ਰੀਠੇ ਤੇ ਸਨੁੱਖੀ ਕੁੜੀ ਦੀ ਤੁਲਨਾ ਚਾਨਣ ਦੀ ਟਿੱਕੀ ਨਾਲ ਕੀਤੀ ਗਈ ਹੈ। ਸਮੇਂ ਦੇ ਚੱਲ ਕੇ ਅਸੀਂ ਤਰੱਕੀ ਦੀ ਪੌੜੀ ਚੜ੍ਹਦੇ ਗਏ, ਪਰ ਕੁਦਰਤੀ ਨਿਆਮਤਾਂ ਤੋਂ ਦੂਰ ਹੋ ਗਏ, ਜਿਸ ਦੇ ਫਲਸਰੂਪ ਰੀਠੇ ਵਰਗੇ ਗੁਣਕਾਰੀ ਰੁੱਖ ਹੌਲੀ-ਹੌਲੀ ਜ਼ਿੰਦਗੀ ਵਿੱਚੋਂ ਮੁਨਫੀ ਹੁੰਦੇ ਗਏ। ਵੱਡ ਵਡੇਰੇ ਜਾਂ ਗੁਰੂ ਪੀਰਾਂ ਦਾ ਸਬੰਧ ਰੁੱਖਾਂ ਪੌਦਿਆਂ ਨਾਲ ਬਹੁਤ ਨੇੜਲਾ ਸੀ, ਜਿਸ ਦੀਆਂ ਅਨੇਕਾਂ ਮਿਸਾਲਾਂ ਵੇਖਣ ਨੂੰ ਮਿਲਦੀਆਂ ਹਨ।

ਰੀਠੇ ਦਾ ਨਾਮ ਲੈਂਦੇ ਸਾਰ ਸਭ ਤੋਂ ਪਹਿਲਾਂ ਸਾਡੇ ਮਨ ਵਿੱਚ ਗੁਰਦੁਆਰਾ 'ਰੀਠਾ ਸਾਹਿਬ' ਆਉਂਦਾ ਹੈ, ਜਿਹੜਾ ਯੂ ਪੀ ਵਿੱਚ ਨੈਨੀਤਾਲ ਦੇ ਜ਼ਿਲੇ ਨਾਨਕ-ਮਤਾ ਤੋਂ ਕੁਝ ਮੀਲ ਦੂਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੁੱਖ ਨਾਲ ਵਿਆਕੁਲ ਮਰਦਾਨੇ ਨੂੰ ਜੰਗਲ ਵਿੱਚ ਰੀਠੇ ਦੇ ਰੁੱਖ ਤੋਂ ਰੀਠੇ ਤੋੜ ਕੇ ਖਾਣ ਦਾ ਆਦੇਸ਼ ਦਿੱਤਾ। ਆਮ ਹਾਲਤਾਂ ਵਿੱਚ ਕੌੜੇ ਫਲ ਜਦੋਂ ਮਰਦਾਨੇ ਨੇ ਖਾਧੇ ਤਾਂ ਮਿੱਠੇ ਸਨ। ਮਿੱਠੇ ਰੀਠਿਆਂ ਦਾ ਜ਼ਿਕਰ ਭਾਈ ਕਾਨ੍ਹ ਸਿੰਘ ਨਾਭਾ ਤੇ ਹੋਰ ਕਈ ਇਤਿਹਾਸਕਾਰਾਂ ਦੀਆਂ ਲਿਖਤਾਂ ਵਿੱਚ ਵੇਖਣ ਨੂੰ ਮਿਲਦਾ ਹੈ। ਸਿੱਖ ਇਤਿਹਾਸ ਵਿੱਚ ਗੁਰਦੁਆਰਾ ਰੀਠਾ ਸਾਹਿਬ ਦਾ ਅਹਿਮ ਥਾਂ ਹੈ ਤੇ ਲੋਕ ਮਿੱਠੇ ਰੀਠਿਆਂ ਨੂੰ ਪ੍ਰਸ਼ਾਦ ਦੇ ਰੂਪ ਵਿੱਚ ਲਿਆਉਂਦੇ ਹਨ।

ਉਤਰੀ ਭਾਰਤ ਦੇ ਅਨੇਕਾਂ ਪ੍ਰਦੇਸ਼ਾਂ, ਹਿਮਾਲਿਆਂ ਦੀਆਂ ਨੀਵੀਆਂ ਪਹਾੜੀਆਂ ਵਿੱਚ ਪਾਏ ਜਾਂਦੇ ਇਸ ਰੁੱਖ ਦਾ ਮੂਲ ਸਥਾਨ ਚੀਨ ਮੰਨਿਆ ਜਾਂਦਾ ਹੈ। ਸਮੁੱਚੇ ਵਿਸ਼ਵ ਵਿੱਚ ਇਸ ਨੂੰ 'ਸੋਪਨਟ ਰੁੱਖ' ਦੇ ਰੁੱਖ ਵਜੋਂ ਜਾਣਿਆ ਜਾਂਦਾ ਹੈ। ਰੀਠੇ ਦੇ ਫਲਾਂ ਵਿੱਚ 'ਸੈਪੋਨਿਨ' ਨਾਮੀਂ ਕੈਮੀਕਲ ਹੁੰਦਾ ਹੈ ਜੋ ਸਾਬਣ ਜਾਂ ਹੋਰ ਧੁਆਈ ਵਾਲੇ ਪਦਾਰਥਾਂ ਵਿੱਚ ਵਰਤਿਆ ਜਾਂਦਾ ਹੈ। ਪਿਛਲੇ ਕੁਝ ਸਾਲਾਂ ਵਿੱਚ ਕੁਦਰਤੀ ਉਤਪਾਦਾਂ ਦੀ ਮੰਗ ਵਿਸ਼ਵ ਮੰਡੀ ਵਿੱਚ ਵਧਣ ਨਾਲ ਕਈ ਕੰਪਨੀਆਂ ਭਾਰਤ ਤੋਂ ਰੀਠੇ ਦੇ ਫਲਾਂ ਤੋਂ ਤਿਆਰ ਉਤਪਾਦ ਵਿਦੇਸ਼ਾਂ ਵਿੱਚ ਭੇਜ ਰਹੀਆਂ ਹਨ।

ਦਰਮਿਆਨੇ ਜਿਹੇ ਕੱਦ ਦੇ ਇਸ ਪੱਤਝੜੀ ਰੁੱਖ ਦੀ ਥੋੜ੍ਹੀ-ਥੋੜ੍ਹੀ ਦਿੱਖ ਤੁਣ ਦੇ ਰੱਖ ਵਾਂਗ ਹੁੰਦੀ ਹੈ, ਜੋ ਸਰਦ ਰੁੱਤ ਦੌਰਾਨ ਪੱਤੇ ਝਾੜ ਦਿੰਦਾ ਹੈ, ਮਾਰਚ ਅਪਰੈਲ ਵਿੱਚ ਫਿਰ ਭਰ ਜਾਂਦਾ ਹੈ। ਮਈ ਜੂਨ ਵਿੱਚ ਹਰੀ ਸਫੈਦ ਭਾਅ ਮਾਰਦੇ ਫੁੱਲ ਰੁੱਖ ਉਤੇ ਵਿਖਾਈ ਦਿੰਦੇ ਹਨ, ਜੋ ਨਵੰਬਰ ਦਸੰਬਰ ਤੱਕ ਗੋਲਾਕਾਰ ਜਿਹੇ ਫਲਾਂ ਵਿੱਚ ਬਦਲ ਜਾਂਦੇ ਹਨ। ਭੂਰੇ ਕਾਲੇ ਰੰਗ ਦੇ ਗੁੱਛਿਆਂ ਵਿੱਚ ਲੱਗੇ ਫਲ ਅੰਦਾਜ਼ਨ ਦੋ ਮਹੀਨੇ ਲਟਕਦੇ ਵਿਖਾਈ ਦਿੰਦੇ ਹਨ। ਰੀਠੇ ਦੇ ਫਲ ਵਿੱਚ 2-3 ਬੀਜ ਹੁੰਦੇ ਹਨ, ਜੋ ਅਨੁਕੂਲ ਹਾਲਤਾਂ ਵਿੱਚ ਜ਼ਮੀਨ 'ਤੇ ਕਿਰ ਕੇ ਆਪਣੇ ਆਪ ਵੀ ਪੁੰਗਰ ਆਉਣ ਦੀ ਸਮਰੱਥਾ ਰੱਖਦੇ ਹਨ।

ਪੁਰਾਤਨ ਵੇਲਿਆਂ ਵਿੱਚ ਵੰਨ ਸੁਵੰਨੇ ਸ਼ੈਂਪੂ ਤੇ ਸਾਬਣ ਨਹੀਂ ਹੁੰਦੇ ਸਨ, ਲੋਕ ਸਿਰ ਅਤੇ ਕੱਪੜੇ ਆਦਿ ਧੋਣ ਲਈ ਰੀਠੇ ਦੀ ਵਰਤੋਂ ਕਰਦੇ ਸਨ, ਜੋ ਆਮ ਸਾਬਣ ਨਾਲੋਂ ਬਿਹਤਰ ਮੈਲ ਦੂਰ ਕਰ ਦਿੰਦੇ ਸਨ। ਅਜੋਕੇ ਯੁੱਗ ਵਿੱਚ ਵੀ ਨਾਮੀਂ ਕੰਪਨੀਆਂ ਸਾਬਣ, ਡਿਟਰਜੈਂਟ, ਸ਼ੈਂਪੂ ਆਦਿ ਬਣਾਉਣ ਲਈ ਰੀਠੇ ਵਿਚਲੇ ਸੈਪੋਨਿਨ ਦੀ ਵਰਤੋਂ ਕਰਦੀਆਂ ਹਨ। ਬੀਜਾਂ ਵਿੱਚੋਂ ਨਿਕਲਦਾ ਤੇਲ ਵੀ ਸਾਬਣ ਉਦਯੋਗ ਵਿੱਚ ਵਰਤਿਆ ਜਾਂਦਾ ਹੈ।

ਰੀਠੇ ਦੇ ਵੈਦਿਕ ਗੁਣ ਵੀ ਬਹੁਤ ਹਨ, ਜੋ ਆਯੁਰਵੈਦਿਕ ਪ੍ਰਣਾਲੀ ਵਿੱਚ ਖੂਬ ਵਰਤੇ ਜਾਂਦੇ ਹਨ। ਮੁੱਖ ਰੂਪ ਵਿੱਚ ਰੋਗਾਂ ਦੀ ਗੱਲ ਕਰੀਏ ਥਾਂ ਮਿਰਗੀ, ਕਫ, ਵਾਲਾਂ ਦੇ ਰੋਗ, ਬਵਾਸੀਰ, ਪੇਟ ਰੋਗ, ਔਰਤਾਂ ਦੇ ਗੁਪਤ ਰੋਗ, ਫੁਲਬਹਿਰੀ, ਅੱਖਾਂ ਦੀਆਂ ਬਿਮਾਰੀਆਂ ਆਦਿ ਦੇ ਇਲਾਜ ਲਈ ਰੀਠੇ ਵਰਤੇ ਜਾਂਦੇ ਹਨ। ਪੁਰਾਣੇ ਸਮੇਂ ਵਿੱਚ ਦਾਈਆਂ ਅਣਚਾਹੇ ਗਰਭ ਡੇਗਣ ਲਈ ਰੀਠੇ ਦੀ ਵਰਤੋਂ ਕਰਦੀਆਂ ਸਨ। ਰੀਠੇ ਨੂੰ ਸੱਪ ਜਾਂ ਬਿੱਛੂ ਦੇ ਜ਼ਹਿਰੀਲੇ ਡੰਗ ਵਾਲੇ ਥਾਂ ਲਾਇਆ ਜਾਂਦਾ ਹੈ।

ਕੁੱਲ ਮਿਲਾ ਕੇ ਰੀਠਾ ਮਨੁੱਖੀ ਜ਼ਿੰਦਗੀ ਲਈ ਲਾਭਕਾਰੀ ਸਿੱਧ ਹੁੰਦਾ ਹੈ। ਬਸ਼ਰਤੇ ਅਸੀਂ ਇਸ ਬਾਰੇ ਗਿਆਨ ਰੱਖਦੇ ਹੋਈਏ ਤੇ ਸਾਡੀ ਸੋਚ ਕੁਦਰਤ ਪੱਖੀ ਹੋਵੇ। ਤਰੱਕੀ ਦੀ ਪੌੜੀ ਚੜ੍ਹਨਾ ਸਮੇਂ ਦੀ ਲੋੜ ਹੈ, ਪਰ ਇਸ ਦੇ ਟੰਬੇ ਚੜ੍ਹਦਿਆਂ ਕੁਦਰਤ ਤੋਂ ਦੂਰ ਹੋਣਾ ਚੰਗੀ ਗੱਲ ਨਹੀਂ। ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਰੱਖਿਅਤ ਭਵਿੱਖ ਲਈ ਕੁਦਰਤ ਦੀਅ ਬਖਸ਼ੀਆਂ ਨਿਆਮਤਾਂ ਨੂੰ ਸੰਭਾਲਣਾ ਸਾਡਾ ਫਰਜ਼ ਹੈ।

## ਬਿਊਟੀ ਟਿਪਸ

ਚਿਹਰੇ ਦੀ ਰੌਣਕ ਵਧਾਉਣਗੇ ਫੇਸਪੈਕ

ਚਿਹਰੀ ਦੀ ਨਿਖਰੀ ਰੰਗਤ ਸਾਰਿਆਂ ਦਾ ਮਨ ਮੋਹ ਲੈਂਦੀ ਹੈ। ਤੁਸੀਂ ਚਮੜੀ ਨੂੰ ਖੂਬਸੂਰਤ, ਕੋਮਲ ਅਤੇ ਚਮਕਦਾ ਬਣਾਉਣਾ ਚਾਹੁੰਦੇ ਹੋ ਤਾਂ ਇਨ੍ਹਾਂ ਪੈਕਸ ਨੂੰ ਅਜ਼ਮਾ ਕੇ ਦੇਖੋ :

ਗੈਂਦੇ ਨਾਲ ਚਮਕੇਗਾ ਦਾ ਰੂਪ

ਚਾਰ-ਪੰਜ ਗੈਂਦੇ ਦੇ ਫੁੱਲ ਲੈ ਕੇ ਪੀਸ ਲਓ। ਇਸ ਵਿੱਚ ਇੱਕ ਛੋਟਾ ਚਮਚ ਸ਼ਹਿਦ ਅਤੇ ਦੋ ਚਮਚ ਦੁੱਧ ਮਿਲਾਓ। ਇਸ ਨੂੰ ਚਿਹਰੇ ਅਤੇ ਗਰਦਨ 'ਤੇ ਲਗਾਓ। ਲਗਭਗ ਵੀਹ ਮਿੰਟ ਬਾਅਦ ਚਿਹਰੇ ਨੂੰ ਕੋਸੇ ਪਾਣੀ ਨਾਲ ਧੋ ਲਓ। ਚਮੜੀ ਨਿਖਰ ਉਠੇਗੀ।

ਖਿੜ ਉਠੇਗੀ ਚਮੜੀ

ਤਿੰਨ ਵੱਡੇ ਚਮਚ ਚੀਨੀ, ਇੱਕ ਵੱਡਾ ਚਮਚ ਮਿਲਕ ਪਾਊਡਰ, ਇੱਕ ਵੱਡਾ ਚਮਚ ਸ਼ਹਿਦ ਲੈ ਕੇ ਚੰਗੀ ਤਰ੍ਹਾਂ ਨਾਲ ਮਿਲਾ ਲਓ। ਇਸ ਮਿਸ਼ਰਣ ਨੂੰ ਚਿਹਰੇ 'ਤੇ ਲਗਾਓ ਅਤੇ 15 ਮਿੰਟ ਬਾਅਦ ਠੰਡੇ ਪਾਣੀ ਨਾਲ ਧੋ ਲਓ।

ਦੂਰ ਹੋਣਗੀਆਂ ਛਾਈਆਂ

ਇੱਕ ਬਾਊਲ ਵਿੱਚ ਚਾਰ ਬਾਦਾਮ ਦਾ ਪੇਸਟ, ਇੱਕ ਚਮਚ ਗਾਜਰ ਜਾਂ ਟਮਾਟਰ ਦਾ ਰਸ, ਇੱਕ ਚਮਚ ਸ਼ਹਿਦ, ਇੱਕ ਚਮਚ ਮਲਾਈ ਲੈ ਕੇ ਸਾਰਿਆਂ ਨੂੰ ਚੰਗੀ ਤਰ੍ਹਾਂ ਮਿਕਸ ਕਰ ਲਓ। ਤਿਆਰ ਮਿਸ਼ਣ ਨੂੰ ਚਿਹਰੇ 'ਤੇ ਲਗਾਓ। ਵੀਹ ਮਿੰਟ ਬਾਅਦ ਚਿਹਰਾ ਧੋ ਲਓ। ਇਹ ਪੈਕ ਰੋਜ਼ ਲਗਾਓ। ਕੁਝ ਹੀ ਦਿਨਾਂ ਵਿੱਚ ਛਾਈਆਂ ਦੂਰ ਹੋ ਜਾਣਗੀਆਂ।

ਮੁਹਾਸਿਆਂ ਤੋਂ ਛੁਟਕਾਰਾ

ਤੁਲਸੀ ਅਤੇ ਪੁਦੀਨੇ ਦੀਆਂ ਪੰਜ-ਪੰਜ ਪੱਤੀਆਂ ਲੈ ਕੇ ਪੀਸ ਲਓ। ਇਸ ਪੇਸਟ ਨੂੰ ਮੁਹਾਸਿਆਂ 'ਤੇ ਸਾਰੀ ਰਾਤ ਲੱਗਾ ਰਹਿਣ ਦਿਓ। ਸਵੇਰੇ ਉਠ ਕੇ ਠੰਢੇ ਪਾਣੀ ਨਾਲ ਮੂੰਹ ਧੋ ਲਓ। ਮੁਹਾਸੇ ਅਤੇ ਸੋਜਿਸ਼ ਦੋਵਾਂ ਵਿੱਚ ਲਾਭ ਮਿਲੇਗਾ।

ਤਰੋਤਾਜ਼ਾ ਮਹਿਸੂਸ ਕਰੋ

ਇੱਕ ਵੱਡਾ ਚਮਚ ਅੰਗੂਰ ਦੀ ਰਸ, ਇੱਕ ਚਮਚ ਨਿੰਬੂਦਾ ਰਸ, ਇੱਕ ਚਮਚ ਕਣਕ ਦਾ ਆਟਾ ਅਤੇ ਅੱਧਾ ਚਮਚ ਗੁਲਾਬ ਜਲ ਨੂੰ ਚੰਗੀ ਤਰ੍ਹਾਂ ਨਾਲ ਮਿਲਾਓ। ਤਿਆਰ ਪੈਕ ਨੂੰ ਰੂੰ ਦੀ ਮਦਦ ਨਾਲ ਚਿਹਰੇ 'ਤੇ ਉਪਰ ਵੱਲ ਲਿਜਾਂਦੇ ਹੋਏ ਲਗਾਓ। ਕੁਝ ਦੇਰ ਬਾਅਦ ਠੰਢੇ ਪਾਣੀ ਨਾਲ ਚਿਹਰਾ ਧੋ ਲਓ।

ਰੰਗ ਨਿਖਾਰਨ ਲਈ

ਦੋ ਚਮਚ ਵੇਸਣ, ਇੱਕ ਚਮਚ ਚੰਦਨ ਪਾਊਡਰ, ਦੋ ਚਮਚ ਕੱਚਾ ਦੁੱਧ, ਚੁਟਕੀ ਕੁ ਹਲਦੀ, ਦੋ ਚਾਰ ਬੂੰਦਾਂ ਨਿੰਬੂ ਦਾ ਰਸ, ਇੱਕ ਚਮਚ ਮਲਾਈ ਨੂੰ ਮਿਲਾ ਕੇ ਪੇਸਟ ਬਣਾ ਲਓ। ਇਸ ਪੈਕ ਨੂੰ ਚਿਹਰੇ 'ਤੇ ਲਗਾਓ ਅਤੇ ਸੁੱਕਣ 'ਤੇ ਉਪਰੋਂ ਦੀ ਰਗੜਦੇ ਹੋਏ ਸਾਫ ਕਰੋ। ਚਿਹਰੇ ਨੂੰ ਠੰਢੇ ਪਾਣੀ ਨਾਲ ਧੋ ਲਓ।

ਝੁਰੜੀਆਂ ਹੋਣਗੀਆਂ ਦੂਰ

ਇੱਕ ਚਮਚ ਸੌਂਪ ਪਾਣੀ ਵਿੱਚ ਉਬਾਲ ਕੇ ਕਾੜਾ ਬਣਾ ਲਓ। ਠੰਢਾ ਹੋਣ 'ਤੇ ਉਸ ਵਿੱਚ ਓਨੀ ਮਾਤਰਾ ਵਿੱਚ ਹੀ ਸ਼ਹਿਦ ਮਿਲਾ ਲਓ। ਮਿਸ਼ਰਣ ਨੂੰ ਫੇਸ ਪੈਕ ਦੀ ਤਰ੍ਹਾਂ ਲਗਾ ਕੇ 20 ਮਿੰਟ ਬਪਾਅਦ ਚਿਹਰਾ ਧੋ ਲਓ। ਰੋਜ਼ਾਨਾ ਵਰਤੋਂ ਨਾਲ ਝੁਰੜੀਆਂ ਦੂਰ ਹੋਣਗੀਆਂ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

**Sant Rampal Ji Maharaj Spiritual Discourse in Brampton on Sunday, September 1, 2019 from 10 am to 12pm**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224



# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment

Jagdish Grewal
Sales Representative




(416) 970-5005

Century 21 President Realty Inc Brokerage

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਭਾਰਤ ਵਿੱਚ ਸੂਈ ਤੇ ਤਲਵਾਰ ਦੋਵਾਂ ਤੋਂ ਵੱਧ ਸਰਗਰਮ ਹੈ ਕੈਂਚੀ



ਜਤਿੰਦਰ ਪੰਨੂ

ਸਾਡੇ ਇਹ ਸਤਰਾਂ ਲਿਖਣ ਵੇਲੇ ਤੱਕ ਭਾਰਤ ਦੇ ਲੋਕਾਂ ਨੂੰ ਝਟਕਾ ਦੇਣ ਵਾਲੀ ਇਹ ਵੱਡੀ ਖਬਰ ਮਿਲ ਚੁੱਕੀ ਹੈ ਕਿ ਇਸ ਦੇਸ਼ ਦੀ ਸਰਕਾਰ ਦਾ ਵੱਡੀਆਂ ਖਾਹਿਸ਼ਾਂ ਵਾਲਾ ਅਤੇ ਬਹੁਤ ਪ੍ਰਚਾਰਿਆ ਗਿਆ ਚੰਦਰਯਾਨ-ਦੋ ਮਿਸ਼ਨ ਐਨ ਚੰਦ ਦੀ ਫਿਰਨੀ ਉੱਤੇ ਪਹੁੰਚ ਕੇ ਹੱਥੋਂ ਛੁੱਟਣ ਵਾਲੀ ਗੱਲ ਹੋ ਗਈ ਹੈ। ਇਸ ਦੇ ਨਾਲ ਸਾਨੂੰ ਵੀ ਓਨਾ ਹੀ ਝਟਕਾ ਲੱਗਾ ਹੈ, ਜਿੰਨਾ ਕਿਸੇ ਉਸ ਹੋਰ ਭਾਰਤੀ ਨੂੰ ਲੱਗਾ ਹੋਵੇਗਾ, ਜਿਹੜਾ ਦੇਸ਼ ਦਾ ਨਾਂਅ ਰੋਸ਼ਨ ਹੁੰਦਾ ਵੇਖਣਾ ਚਾਹੁੰਦਾ ਹੈ। ਚੰਦਰਯਾਨ ਮਿਸ਼ਨ ਕਾਮਯਾਬ ਹੁੰਦਾ ਤਾਂ ਭਾਰਤ ਦਾ ਨਾਂਅ ਜਿਹੜਾ ਬਣਨਾ ਸੀ, ਉਹ ਵੱਖਰੀ ਗੱਲ ਸੀ, ਇਸ ਦਾ ਸਮੁੱਚੀ ਮਨੁੱਖਤਾ ਦੇ ਲਈ ਵੀ ਕਈ ਤਰ੍ਹਾਂ ਦਾ ਲਾਭ ਹੋਣਾ ਸੀ, ਜਿਹੜਾ ਹੋਣ ਤੋਂ ਰਹਿ ਗਿਆ ਹੈ। ਅਸੀਂ ਭਾਰਤ ਦੇ ਪ੍ਰਧਾਨ ਮੰਤਰੀ ਦੇ ਇਸ ਵਿਚਾਰ ਨਾਲ ਸਹਿਮਤ ਹਾਂ ਕਿ ਇਹੋ ਜਿਹੇ ਉਤਾਰ-ਚੜ੍ਹਾਅ ਆਉਂਦੇ ਰਹਿੰਦੇ ਅਤੇ ਠੇਡੇ ਵੀ ਲੱਗਦੇ ਰਹਿੰਦੇ ਹਨ, ਇਸ ਲਈ ਦਿਲ ਛੋਟਾ ਕਰਨ ਦੀ ਥਾਂ ਅਗਲੇ ਯਤਨ ਵੱਲ ਧਿਆਨ ਦੇਣਾ ਚਾਹੀਦਾ ਹੈ। ਬਹੁਤ ਸਾਰੇ ਲੋਕ ਸਿਰਫ ਏਥੋਂ ਤੱਕ ਸੀਮਤ ਹੋ ਸਕਦੇ ਹਨ, ਪਰ ਸਾਡੀ ਸੋਚ ਕਿਸੇ ਨੂੰ ਠੀਕ ਲੱਗੇ ਜਾਂ ਨਾ, ਇਹ ਕਹਿਣ ਵਿੱਚ ਸਾਨੂੰ ਝਿਜਕ ਨਹੀਂ ਕਿ ਇਸ ਤਰ੍ਹਾਂ ਦੇ ਕੰਮਾਂ ਮੌਕੇ ਪ੍ਰਧਾਨ ਮੰਤਰੀ ਦਾ ਹਰ ਵਾਰੀ ਮੌਜੂਦ ਹੋਣਾ ਸਾਨੂੰ ਠੀਕ ਨਹੀਂ ਲੱਗਦਾ। ਜਿਹੜਾ ਸਮਾਂ ਸਾਡੇ ਸਾਇੰਸਦਾਨਾਂ ਨੂੰ ਆਪਣੇ ਮਿਸ਼ਨ ਲਈ ਸਮੱਰਪਤ ਕਰਨਾ ਚਾਹੀਦਾ ਹੈ, ਉਸੇ ਦੌਰਾਨ ਜਦੋਂ ਪ੍ਰਧਾਨ ਮੰਤਰੀ ਸਿਰਹਾਣੇ ਜਾ ਬੈਠਦਾ ਹੈ ਤਾਂ ਉਸ ਵਕਤ ਪਰੋ-ਟੋਕੋਲ ਦਾ ਖਿਆਲ ਰੱਖਣ ਲਈ ਕੁਝ ਨਾ ਕੁਝ ਸਮਾਂ ਓਧਰ ਵੀ ਲੱਗਦਾ ਹੈ ਤੇ ਅਸਲ ਕੰਮ ਵੱਲੋਂ ਧਿਆਨ ਲਾਂਭੇ ਪੈਂਦਾ ਹੈ। ਬੱਚਿਆਂ ਨੂੰ ਵੀ ਪੁੱਛੋ ਤਾਂ ਇਹ ਗੱਲ ਕਹਿਣਗੇ ਕਿ ਸਾਰਾ ਕੁਝ ਆਉਂਦਾ ਹੁੰਦਿਆਂ ਵੀ ਜਦੋਂ ਟੀਚਰ ਸਿਰਹਾਣੇ ਆਣ ਖੜੋਂਦਾ ਹੈ ਤਾਂ ਕਈ ਵਾਰ ਏਸੇ ਤਰ੍ਹਾਂ ਦੇ ਦਬਾਅ ਹੇਠ ਬੱਚਿਆਂ ਦੇ ਹੱਥ ਕੰਬਣ ਲੱਗਦੇ ਅਤੇ ਕਈ ਕੁਝ ਭੁੱਲ ਜਾਂਦਾ ਹੈ। ਸਾਇੰਸਦਾਨਾਂ ਦੀ ਪਿੱਠ ਥਾਪੜਨ ਦਾ ਕੰਮ ਦਿੱਲੀ ਵਿੱਚ ਬੈਠੇ ਵੀ ਹੋ ਸਕਦਾ ਹੈ ਤੇ ਉਨ੍ਹਾਂ ਕੋਲ ਇੱਕ ਦਿਨ ਬਾਅਦ ਵੀ ਜਾਇਆ ਜਾ ਸਕਦਾ ਹੈ, ਪਰ ਇਹ ਗੱਲ ਮੌਕੇ ਦੇ ਮਾਲਕਾਂ ਨੂੰ ਕਹਿਣ ਦੀ ਜੁਰਅੱਤ ਸਾਇੰਸਦਾਨਾਂ ਕੀ, ਵੱਡੇ ਅਫਸਰਾਂ ਦੀ ਵੀ ਨਹੀਂ ਹੋ ਸਕਦੀ ਦੇਸ਼ ਦੇ ਪ੍ਰਧਾਨ ਮੰਤਰੀ ਨੇ ਸਾਇੰਸਦਾਨਾਂ ਨੂੰ ਠੀਕ ਕਿਹਾ ਹੈ ਕਿ ਏਦਾਂ ਦੇ ਹਾਦਸੇ ਤੋਂ ਦੁਖੀ ਹੋਣ ਜਾਂ ਹਿੰਮਤ ਛੱਡਣ ਦੀ ਲੋੜ ਨਹੀਂ, ਅਗਲੇ ਕੰਮ ਲਈ ਜੁੱਟ ਜਾਣਾ ਚਾਹੀਦਾ ਹੈ, ਪਰ ਪ੍ਰਧਾਨ ਮੰਤਰੀ ਨੂੰ ਇਹ ਸੋਚਣ ਜੋਗਾ ਵਕਤ ਵੀ ਕੱਢਣਾ ਚਾਹੀਦਾ ਹੈ ਕਿ ਖੁਦ ਉਨ੍ਹਾਂ ਦੇ ਜ਼ਿੰਮੇ ਜਿਹੜਾ ਕੰਮ ਹੈ, ਓਥੇ ਵੀ ਸਥਿਤੀ ਠੀਕ ਨਹੀਂ।

ਆਰਥਿਕ ਮੋਰਚੇ ਉੱਤੇ ਭਾਰਤ ਦੀ ਸਥਿਤੀ ਲਗਾਤਾਰ ਚਿੰਤਾ ਵਾਲੀ ਬਣੀ ਜਾਂਦੀ ਹੈ। ਮਾਰੂਤੀ ਵਰਗੀ ਕਾਰ ਕੰਪਨੀ ਆਪਣੇ ਮੁੱਢ ਤੋਂ ਕਦੀ ਰੁਕਦੀ ਨਹੀਂ ਵੇਖੀ ਸੀ ਤੇ ਇਸ ਹਫਤੇ ਉਸ ਨੂੰ ਆਪਣੇ ਗੁੜਗਾਂਉਂ ਤੇ ਮਾਨੇਸਰ ਵਾਲੇ ਦੋ ਪਲਾਂਟ ਦੋ ਦਿਨ ਬੰਦ ਕਰਨ ਦਾ ਐਲਾਨ ਕਰਨਾ ਪੈ ਗਿਆ ਹੈ। ਕਾਰਨ ਸਿਰਫ ਆਰਥਿਕ ਮੰਦੀ ਹੈ, ਜਿਸ ਨੂੰ ਸਰਕਾਰ ਨਹੀਂ ਮੰਨਦੀ। ਕੰਪਨੀ ਦੇ ਬੰਦ ਦਾ ਕਾਰਨ ਇਹ ਹੈ ਕਿ ਮਾਲ ਬਹੁਤ ਜ਼ਿਆਦਾ ਬਣ ਗਿਆ ਹੈ ਤੇ ਅੱਗੇ ਵਿਕਰੀ ਨਹੀਂ ਹੋ ਰਹੀ। ਪ੍ਰਧਾਨ ਮੰਤਰੀ ਨੂੰ ਉਸ ਤਰ੍ਹਾਂ ਦੀ ਕੋਈ ਚਿੰਤਾ ਹੀ ਨਹੀਂ, ਜਿਹੋ ਜਿਹੀ ਚਿੰਤਾ ਆਮ ਲੋਕਾਂ ਨੂੰ ਹੈ। ਉਹ ਰਾਜਨੀਤੀ ਦੀਆਂ ਅੱਠੋ-ਅੱਠ ਮਾਰ ਰਿਹਾ ਹੈ।

ਭਾਰਤ ਦਾ ਪ੍ਰਧਾਨ ਮੰਤਰੀ ਸਾਰੀ ਦੁਨੀਆ ਨੂੰ ਇਹ ਹੋਕਾ ਦੇਈ ਜਾਂਦਾ ਹੈ ਕਿ ਅਸੀਂ ਟ੍ਰਿਲੀਅਨ ਡਾਲਰ ਇਕਾਨਮੀ ਵਾਲਾ ਦੇਸ਼ ਬਣਨ ਵਾਲੇ ਹਾਂ। ਦੇਸ਼ ਟ੍ਰਿਲੀਅਨ ਡਾਲਰ ਇਕਾਨਮੀ ਵਾਲਾ ਬਣਨ ਨਾਲ ਆਮ ਆਦਮੀ ਦੀ ਜ਼ਿੰਦਗੀ ਉੱਤੇ ਕੀ ਅਸਰ ਪਵੇਗਾ, ਇਹ ਗੱਲ ਕਿਸੇ ਆਮ ਆਦਮੀ ਦੀ ਪੱਲੇ ਨਹੀਂ ਪੈ ਰਹੀ। ਆਮ ਆਦਮੀ ਨੂੰ ਨਾ ਟ੍ਰਿਲੀਅਨ ਦਾ ਪਤਾ ਹੈ, ਨਾ ਉਸ ਇਕਾਨਮੀ ਦੀ ਸਮਝ ਹੈ, ਜਿਸ ਦੀ ਪੂਰੀ ਸਮਝ ਉਸ ਦੇ ਪ੍ਰਧਾਨ ਮੰਤਰੀ ਨੂੰ ਵੀ ਨਹੀਂ ਜਾਪਦੀ, ਪਰ ਲੋਕਾਂ ਨੂੰ ਇਹ ਪਤਾ ਹੈ ਕਿ ਜਦੋਂ ਵੀ ਭਾਰਤ ਦੀ ਆਰਥਿਕ ਤਰੱਕੀ ਦੀ ਗੱਲ ਹੁੰਦੀ ਹੈ, ਆਮ ਘਰਾਂ ਦਾ ਚੁੱਲ੍ਹਾ ਬਾਲਣਾ ਪਹਿਲਾਂ ਤੋਂ ਮਹਿੰਗਾ ਹੋ ਜਾਂਦਾ ਹੈ। ਬਾਜ਼ਾਰ ਵਿੱਚ ਖਾਣ-ਪੀਣ ਅਤੇ ਪਹਿਨਣ ਵਾਲੀ ਹਰ ਚੀਜ਼ ਹੋਰ





ਮਹਿੰਗੀ ਹੋ ਜਾਂਦੀ ਹੈ। ਕਾਰੋਬਾਰੀ ਜਮਾਤ ਦੇ ਜਿਹੜੇ ਲੋਕ ਪਹਿਲਾਂ ਇਸ ਪ੍ਰਧਾਨ ਮੰਤਰੀ ਦੇ ਵਿਖਾਏ ਸੁਫਨਿਆਂ ਨੂੰ ਆਪਣੇ ਕੋਲ ਆਏ ਗ੍ਰਾਹਕਾਂ ਅੱਗੇ ਮੁਫਤ ਪਰੋਸਣ ਦਾ ਕੰਮ ਬੜੇ ਸ਼ੌਕ ਨਾਲ ਕਰਦੇ ਹੁੰਦੇ ਸਨ, ਅੱਜ-ਕੱਲ੍ਹ ਕਰਨ ਤੋਂ ਹਟਦੇ ਜਾਂਦੇ ਹਨ। ਹਾਕਮ ਪਾਰਟੀ ਨਾਲ ਰਾਜਸੀ ਪੱਖੋਂ ਬੱਝੇ ਹੋਏ ਲੋਕ ਅੱਜ ਵੀ ਪਾਰਟੀ ਦਾ ਗੁਣਗਾਨ ਕਰਦੇ ਹੋਏ ਮਿਲ ਜਾਂਦੇ ਹਨ, ਪਰ ਸਿਰਫ ਰਾਜਸੀ ਪੱਖੋਂ ਜੁੜਨ ਤੋਂ ਸਿਵਾ ਹੋਰ ਹਰ ਗੱਲ ਵਿੱਚ ਉਹ ਵੀ ਅਵਾਜ਼ਾਰ ਦਿਖਾਈ ਦੇਂਦੇ ਹਨ। ਪਾਰਟੀ ਉਨ੍ਹਾਂ ਦੀ ਮਜ਼ਬੂਤ ਹੈ ਤੇ ਹਰ ਆਏ ਦਿਨ ਹੋਰ ਮਜ਼ਬੂਤ ਹੋਈ ਜਾਂਦੀ ਹੈ, ਪਰ ਆਪਣੇ ਕੰਮਾਂ ਕਾਰਨ ਮਜ਼ਬੂਤ ਨਹੀਂ ਹੋ ਰਹੀ, ਇਸ ਲਈ ਹੁੰਦੀ ਜਾਂਦੀ ਹੈ ਕਿ ਜਿਹੜਾ ਆਗੂ ਕਿਸੇ ਵੀ ਪਾਰਟੀ ਵੱਲੋਂ ਕਿਸੇ ਵੇਲੇ ਕਿਸੇ ਰਾਜ ਦੀ ਸਰਕਾਰ ਜਾਂ ਕੇਂਦਰ ਦਾ ਕੋਈ ਅਹੁਦਾ ਮਾਣ ਚੁੱਕਾ ਹੈ, ਉਸ ਦੀ ਕੁਝ ਨਾ ਕੁਝ ਕਮਜ਼ੋਰੀ ਲੱਭ ਕੇ ਉਸ ਨੂੰ ਦੇਸ਼ ਦੀ ਕਮਾਨ ਸੰਭਾਲ ਰਹੀ ਪਾਰਟੀ ਵੱਲ ਖਿੱਚਿਆ ਜਾ ਰਿਹਾ ਹੈ। ਜਦੋਂ ਉਹ ਲੋਕ ਇਹ ਵੇਖਦੇ ਹਨ ਕਿ ਕਿਸੇ ਸਮੇਂ ਦਾ ਗ੍ਰਹਿ ਮੰਤਰੀ ਪੀ ਚਿਦੰਬਰਮ ਰਗੜਿਆ ਗਿਆ ਤੇ ਫਲਾਣੇ-ਫਲਾਣੇ ਹੋਰ ਆਗੂਆਂ ਨੂੰ ਸੀ ਬੀ ਆਈ ਦੇ ਇੱਕੋ ਸੰਮਣ ਨਾਲ ਇਹ ਸਮਝ ਪੈ ਗਈ ਹੈ ਕਿ ਦੇਸ਼ ਦੀ ਮੁੱਖ ਧਾਰਾ ਬਾਰੇ ਕਿਸੇ ਸਿਧਾਂਤ ਨਾਲ ਸੋਚਣ ਦੀ ਥਾਂ 'ਰੱਬ ਨੇੜੇ ਕਿ ਘਸੁੰਨ' ਦਾ ਇੱਕੋ ਗਜ਼ ਰਹਿ ਗਿਆ ਹੈ ਤਾਂ ਉਹ 'ਯੋਗ ਸਮੇਂ' ਉੱਤੇ 'ਯੋਗ ਫੈਸਲੇ' ਲੈਣ ਲੱਗ ਪਏ ਹਨ।

ਚੰਦਰਯਾਨ-2 ਆਖਰੀ ਸਿਰੇ ਉੱਤੇ ਪਹੁੰਚ ਕੇ ਸਾਥ ਨਾ ਛੱਡ ਜਾਂਦਾ ਤਾਂ ਅਗਲਾ ਇੱਕ ਮਹੀਨਾ ਇਸ ਦੇ ਆਸਰੇ ਹੀ ਰਾਜਸੀ ਲੀਡਰਸ਼ਿਪ ਦੀ ਇਹੋ ਜਿਹੀ ਮਹਿਮਾ ਗਾਈ ਜਾਣੀ ਸੀ ਕਿ ਕਿਸੇ ਨੂੰ ਹੋਰ ਕੋਈ ਮੁੱਦਾ ਚੇਤੇ ਹੀ ਨਹੀਂ ਸੀ ਆਉਣ ਦਿੱਤਾ ਜਾਣਾ। ਇਹੋ ਜਿਹੇ ਮੁੱਦਿਆਂ ਦੀ ਕ੍ਰਿਪਾ ਹੈ ਕਿ ਦੇਸ਼ ਦੇ ਲੋਕਾਂ ਨੂੰ ਕਦੇ ਇਹ ਯਾਦ ਨਹੀਂ ਰਹਿੰਦਾ ਕਿ ਪ੍ਰਧਾਨ ਮੰਤਰੀ ਨੇ ਪੰਜ ਸਾਲ ਪਹਿਲਾਂ ਕੀ ਕਿਹਾ ਸੀ ਜਾਂ ਪੰਜ ਸਾਲ ਲੰਘਣ ਤੱਕ ਪੰਜ ਸਾਲ ਪਹਿਲਾਂ ਦਾ ਕਿਹਾ ਭੁਲਾਉਣ ਨੂੰ ਕਿਹੜਾ ਦਾਅ ਵਰਤਿਆ ਸੀ, ਉਸ ਦੀ ਥਾਂ ਤੇਜ਼ ਰਫਤਾਰ ਫਿਲਮ ਵਾਂਗ ਨਵਾਂ ਦ੍ਰਿਸ਼ ਅੱਖਾਂ ਮੂਹਰੇ ਆ ਜਾਂਦਾ ਹੈ। ਤਰੱਕੀ ਵੇਖਣ ਦੇ ਲਈ ਮਨ ਕਰਦਾ ਹੋਵੇ ਤਾਂ ਚੰਦਰਯਾਨ-2 ਦੇ ਬਾਅਦ ਚੰਦਰਯਾਨ-3 ਨੂੰ ਉਡੀਕਣ ਦੀ ਲੋੜ ਨਹੀਂ, ਸਰਕਾਰੀ ਅੰਕੜਿਆਂ ਵਿੱਚੋਂ ਹੀ ਬਥੇਰਾ ਕੁਝ ਦਿਖਾਈ ਦੇ ਜਾਂਦਾ ਹੈ। 'ਬੇਟੀ ਬਚਾਓ, ਬੇਟੀ ਪੜ੍ਹਾਓ' ਵਾਲੇ ਦੌਰ ਵਿੱਚ ਦੇਸ਼ ਦੀਆਂ ਧੀਆਂ ਦੇ ਨਾਲ ਉਹੋ ਕੁਝ, ਸਗੋਂ ਉਸ ਤੋਂ ਵੱਧ ਹੋਈ ਜਾ ਰਿਹਾ ਹੈ, ਜਿਹੜਾ ਕੁਝ ਕਾਂਗਰਸੀ ਰਾਜ ਵਿੱਚ ਹੁੰਦਾ ਅਤੇ ਭਾਜਪਾ ਭੰਡੀ ਕਰ ਕੇ ਉਸ ਦੇ ਮੁਕਾਬਲੇ ਆਪਣੇ-ਆਪ ਨੂੰ 'ਵੱਖਰੀ-ਨਿਆਰੀ ਪਾਰਟੀ' ਆਖਦੀ ਹੁੰਦੀ ਸੀ। ਉਨ੍ਹਾਂ ਦੇ ਵਿਧਾਇਕ ਅਤੇ ਮੰਤਰੀ ਜਿਹੜੇ ਪੁੱਠੇ ਕੰਮ ਕਰਿਆ ਕਰਦੇ ਸਨ, ਅੱਜ ਕੱਲ੍ਹ ਉਹੋ ਸਭ, ਸਗੋਂ ਉਨ੍ਹਾਂ ਦਾ ਰਿਕਾਰਡ ਤੋੜਨ ਵਾਂਗ ਭਾਜਪਾ ਦੇ ਆਗੂ ਤੇ ਮੰਤਰੀ ਕਰਦੇ ਹਨ। ਪਹਿਲਾਂ ਹਰ ਸਕੈਂਡਲ ਵਿੱਚ ਉਨ੍ਹਾਂ ਦਾ ਨਾਂਅ ਆਉਂਦਾ ਸੀ, ਅੱਜ ਹਰ ਸਕੈਂਡਲਬਾਜ਼ ਭਾਜਪਾ ਵਿੱਚ ਆਉਣ ਨੂੰ ਕਾਹਲਾ ਹੋਇਆ ਪਿਆ ਹੈ। ਜਿੱਥੇ ਇਹੋ ਜਿਹੀ ਧਾੜ ਇਕੱਠੀ ਹੋਈ ਜਾਂਦੀ ਹੈ, ਓਥੇ ਇਹੋ ਕੁਝ ਹੋਣਾ ਹੈ।

ਸਭ ਤੋਂ ਭੈੜਾ ਹਾਲ ਬੇਰੁਜ਼ਗਾਰੀ ਦੇ ਪੱਖ ਤੋਂ ਹੈ। ਨੌਕਰੀਆਂ ਨਵੀਆਂ ਨਿਕਲ ਨਹੀਂ ਰਹੀਆਂ ਤੇ ਆਰਥਿਕ ਮੰਦੀ ਦੇ ਅਸਰ ਕਾਰਨ ਹੋਰ ਖੇਤਰਾਂ ਵਿੱਚੋਂ ਛਾਂਟੀ ਹੋਣ ਵਾਲਾ ਖਤਰਾ ਪੈਦਾ ਹੋ ਰਿਹਾ ਹੈ। ਹਾਲੇ ਅੱਠ ਮਹੀਨੇ ਪਹਿਲਾਂ ਪਾਰਲੀਮੈਂਟ ਦੇ ਸਾਹਮਣੇ ਇਹ ਗੱਲ ਮੰਨੀ ਗਈ ਕਿ ਦੇਸ਼ ਦੇ ਇੱਕ ਲੱਖ ਦੇ ਕਰੀਬ ਸਕੂਲਾਂ ਵਿੱਚ ਸਿਰਫ ਇੱਕੋ ਅਧਿਆਪਕ ਸਾਰਾ ਕੰਮ ਚਲਾ ਰਿਹਾ ਹੈ। ਇਹੋ ਜਿਹੇ ਸਕੂਲਾਂ ਵਿੱਚ ਅਠਾਰਾਂ ਹਜ਼ਾਰ ਤੋਂ ਵੱਧ ਮੱਧ ਪ੍ਰਦੇਸ਼ ਦੇ ਸਨ, ਜਿੱਥੇ ਭਾਜਪਾ ਦਾ ਚੌਦਾਂ ਤੋਂ ਵੱਧ ਸਾਲ ਰਾਜ ਰਿਹਾ ਤੇ ਪਿਛਲੇ ਦਸੰਬਰ ਵਿੱਚ ਸਰਕਾਰ ਬਦਲੀ ਹੈ। ਦੂਸਰਾ ਨੰਬਰ ਬਾਰਾਂ ਹਜ਼ਾਰ ਏਦਾਂ ਦੇ ਸਕੂਲਾਂ ਨਾਲ ਰਾਜਸਥਾਨ ਦਾ ਹੈ ਅਤੇ ਓਥੇ ਵੀ ਪਿਛਲੇ ਦਸੰਬਰ ਤੱਕ ਭਾਜਪਾ ਸਰਕਾਰ ਸੀ। ਤੀਸਰਾ ਨੰਬਰ ਉੱਤਰ ਪ੍ਰਦੇਸ਼ ਦਾ ਹੈ, ਜਿੱਥੇ ਪਿਛਲੇ ਢਾਈ ਸਾਲਾਂ ਤੋਂ ਭਾਜਪਾ ਦਾ ਰਾਜ ਹੈ ਅਤੇ ਚੌਥਾ ਝਾਰਖੰਡ ਦਾ ਹੈ, ਜਿੱਥੇ ਪਿਛਲੇ ਪੰਜ ਸਾਲਾਂ ਤੋਂ ਭਾਜਪਾ ਦੀ ਅਗਵਾਈ ਹੇਠ ਸਰਕਾਰ ਚੱਲ ਰਹੀ ਹੈ। ਇਨ੍ਹਾਂ ਸਕੂਲਾਂ ਵਾਸਤੇ ਸਰਕਾਰ ਨੂੰ ਕਦੀ ਚੇਤਾ ਹੀ ਨਹੀਂ ਆਇਆ। ਭਾਰਤ ਵਿੱਚ ਜਿੱਥੇ ਹਰ ਸਾਲ ਨਵੇਂ ਸਕੂਲ ਅਤੇ ਕਾਲਜ ਖੁੱਲ੍ਹਣ ਦੀ ਗੱਲ ਸੁਣਿਆ ਕਰਦੀ ਸੀ, ਪਿਛਲੇਰੇ ਸਾਲ ਇੱਕ ਸੌ ਤੋਂ ਵੱਧ ਕਾਲਜ ਬੰਦ ਹੋਣ ਦੀ ਖਬਰ ਆਈ ਸੀ, ਪਿਛਲੇ ਸਾਲ ਅਠੱਤਰ ਬੰਦ ਹੋਏ ਸਨ ਅਤੇ ਅਗਲੇ ਸਾਲ ਪੰਝੱਤਰ ਹੋਰ ਬੰਦ ਹੋਣ ਵਾਲੇ ਸੁਣੇ ਜਾਂਦੇ ਹਨ। ਇਨ੍ਹਾਂ ਵਿਦਿਅਕ, ਟੈਕਨੀਕਲ ਤੇ ਡਾਕਟਰੀ ਕਾਲਜਾਂ ਨੂੰ ਬੰਦ ਕਰਨ ਦੀ ਨੌਬਤ ਕਿਉਂ ਆ ਰਹੀ ਹੈ, ਇਸ ਬਾਰੇ ਸੋਚਣ ਦੀ ਨਾ ਕੋਈ ਲੋੜ ਸਮਝਦਾ ਹੈ ਤੇ ਕਿਸੇ ਕੋਲ ਇਸ ਕੰਮ ਜੋਗਾ ਸਮਾਂ ਹੀ ਬਚਿਆ ਹੈ।

ਇੱਕੋ ਮਕਸਦ ਸਰਕਾਰ ਦਾ ਰਹਿ ਗਿਆ ਹੈ ਕਿ ਸਾਰੇ ਦੇਸ਼ ਵਿੱਚ ਇੱਕੋ ਪਾਰਟੀ ਦਾ ਏਦਾਂ ਦਾ ਰਾਜ ਹੋਣਾ ਚਾਹੀਦਾ ਹੈ ਕਿ ਵਿਚਾਲੇ ਕਿਸੇ ਹੋਰ ਦਾ ਝੰਡਾ ਦਿਖਾਈ ਨਾ ਦੇਵੇ। ਲੋਕਤੰਤਰ ਇਹ ਤਾਂ ਨਹੀਂ ਹੁੰਦਾ। ਲੋਕਤੰਤਰ ਵਿੱਚ ਹਰ ਕਿਸਮ ਦੇ ਵਿਚਾਰਾਂ ਨੂੰ ਥਾਂ ਦੇਣੀ ਹੁੰਦੀ ਹੈ। ਏਥੇ ਹਰ ਹੋਰ ਸੋਚ ਨੂੰ ਠੱਪ ਕੇ ਸਿਰਫ ਇੱਕੋ ਪਾਰਟੀ ਤੇ ਇੱਕੋ ਸੋਚ ਦੇ ਰਾਜ ਦੀ ਕਲਪਨਾ ਨੂੰ ਲੋਕਤੰਤਰ ਦਾ ਨਵਾਂ ਨਮੂਨਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇੱਕ ਅਖਾਣ ਹੈ ਕਿ ਸੂਈ ਦਾ ਕੰਮ ਤਲਵਾਰ ਨਹੀਂ ਕਰ ਸਕਦੀ ਤੇ ਤਲਵਾਰ ਦਾ ਕੰਮ ਸੂਈ ਨਹੀਂ ਕਰ ਸਕਦੀ। ਸਾਡਾ ਲੋਕਤੰਤਰ ਇਸ ਜਿੱਲ੍ਹਣ ਵਿੱਚ ਫਸਿਆ ਜਾਪਦਾ ਹੈ, ਜਿੱਥੇ ਸਿਊਣ-ਪਰੋਣ ਦਾ ਆਪਣਾ ਕੰਮ ਸੂਈ ਕਰੀ ਜਾਂਦੀ ਹੈ, ਜਿਸ ਵਿੱਚ ਪੁਲਾੜ ਵਿਗਿਆਨੀਆਂ ਤੇ ਸਿਹਤ ਸੇਵਾਵਾਂ ਤੋਂ ਲੈ ਕੇ ਵਿਕਾਸ ਦੇ ਹਰ ਖੇਤਰ ਦੇ ਲੋਕ ਸ਼ਾਮਲ ਹਨ। ਦੇਸ਼ ਦੀ ਰਾਖੀ ਦਾ ਤਲਵਾਰ ਵਾਲਾ ਕੰਮ ਫੌਜ ਅਤੇ ਹੋਰ ਸੁਰੱਖਿਆ ਸੇਵਾਵਾਂ ਦੇ ਲੋਕ ਵੀ ਕਰੀ ਜਾ ਰਹੇ ਹਨ। ਇਨ੍ਹਾਂ ਦੋਵਾਂ ਸੂਈ ਅਤੇ ਤਲਵਾਰ ਦੇ ਵਿਚਾਲੇ ਹੋਰ ਤਿੱਖੀ ਚੀਜ਼ ਕੈਂਚੀ ਉੱਭਰਦੀ ਜਾਪਦੀ ਹੈ, ਜਿਹੜੀ ਇਸ ਦੇਸ਼ ਦੀ ਏਕਤਾ ਨੂੰ ਪੈਂਦੇ ਕਿਸੇ ਲੰਗਾਰ ਨੂੰ ਸਿਊਣ ਤੇ ਭਰਨ ਦਾ ਕੰਮ ਕਰਨ ਜੋਗੀ ਤਾਂ ਨਹੀਂ, ਚੀਰਨ ਅਤੇ ਲੀਰਾਂ ਕਰਨ ਦੀ ਮਾਹਰ ਹੈ। ਉਹ ਕੈਂਚੀ ਹੀ ਇਸ ਵਕਤ ਵੇਖ ਕੇ ਅਣਗੌਲੀ ਕੀਤੀ ਜਾ ਰਹੀ ਹੈ।

# ਐੱਨ ਆਰ ਸੀ : ਭਾਰਤ ਸਰਕਾਰ ਨੇ ਆਸਾਮ ਤੋਂ ਸਬਕ ਨਹੀਂ ਸਿਖਿਆ

-ਵਿਰਾਗ ਗੁਪਤਾ-
(ਐਡਵੋਕੇਟ ਸੁਪਰੀਮ ਕੋਰਟ)

ਆਸਾਮ ਵਿੱਚ 3.12 ਕਰੋੜ ਦੀ ਆਬਾਦੀ ਵਿੱਚ ਲਗਭਗ 19 ਲੱਖ ਲੋਕ ਨੈਸ਼ਨਲ ਸਿਟੀਜ਼ਨ ਰਜਿਸਟਰ (ਭਾਵ ਐੱਨ ਆਰ ਸੀ) ਵਾਲੀ ਸੂਚੀ 'ਚੋਂ ਬਾਹਰ ਹੋ ਗਏ ਹਨ। ਸੁਪਰੀਮ ਕੋਰਟ ਦੇ ਹੁਕਮ ਨਾਲ ਅਨੇਕ ਸਾਲਾਂ ਤੋਂ ਚੱਲ ਰਹੀ ਇਸ ਕਾਰਵਾਈ ਵਿੱਚ ਲਗਭਗ 1600 ਕਰੋੜ ਰੁਪਏ ਦੇ ਖਰਚ ਪਿੱਛੋਂ ਨਤੀਜਾ ਜ਼ੀਰੋ ਰਿਹਾ। ਇਸ ਦੇ ਨਤੀਜਿਆਂ ਤੋਂ ਸੱਤਾਧਾਰੀ ਧਿਰ ਭਾਜਪਾ, ਵਿਰੋਧੀ ਧਿਰ ਕਾਂਗਰਸ ਤੇ ਖੇਤਰੀ ਦਲਾਂ ਸਮੇਤ ਸਭ ਧਿਰਾਂ ਨਾਖੁਸ਼ ਹਨ। ਆਸਾਮ ਵਿੱਚ ਐੱਨ ਆਰ ਸੀ ਦੇ ਟਰਾਇਲ ਰੰਨ ਦੀ ਅਸਫਲਤਾ ਤੋਂ ਸਬਕ ਸਿੱਖਣ ਦੀ ਥਾਂ ਇਸ ਨੂੰ ਦਿੱਲੀ, ਪੱਛਮੀ ਬੰਗਾਲ, ਤੇਲੰਗਾਨਾ, ਮਹਾਰਾਸ਼ਟਰ, ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਉੜੀਸਾ ਅਤੇ ਹਰਿਆਣਾ ਆਦਿ ਵਿੱਚ ਲਾਗੂ ਕਰਨ ਦੀ ਗੱਲ ਸ਼ੁਰੂ ਹੋ ਗਈ ਹੈ।

ਪਾਰਲੀਮੈਂਟ ਅਤੇ ਵਿਧਾਨ ਸਭਾ ਵਿੱਚ ਮੰਤਰੀਆਂ ਨੇ ਬਿਆਨਾਂ ਨਾਲ ਆਸਾਮ 'ਚ ਘੁਸਪੈਠ ਦੇ ਸੰਕਟ ਦੀ ਭਿਆਨਕ ਤਸਵੀਰ ਦੱਸੀ ਸੀ, ਜਿਹੜਾ ਐੱਨ ਆਰ ਸੀ ਤੋਂ ਮਿਲੇ ਅੰਕੜਿਆਂ ਨਾਲ ਮੇਲ ਨਹੀਂ ਖਾਂਦੀ। ਕਾਂਗਰਸ ਨੇਤਾ ਅਤੇ ਓਦੋਂ ਦੇ ਮੁੱਖ ਮੰਤਰੀ ਹਿਤੇਸ਼ਵਰ ਸੈਕੀਆ ਨੇ ਸਾਲ 1992 ਵਿੱਚ ਤੀਹ ਲੱਖ, ਕਮਿਊਨਿਸਟ ਨੇਤਾ ਅਤੇ ਓਦੋਂ ਦੇ ਕੇਂਦਰੀ ਗ੍ਰਹਿ ਮੰਤਰੀ ਇੰਦਰਜੀਤ ਗੁਪਤਾ ਨੇ ਸਾਲ 1997 ਵਿੱਚ ਚਾਲੀ ਲੱਖ, ਕਾਂਗਰਸ ਨੇਤਾ ਅਤੇ ਕੇਂਦਰੀ ਮੰਤਰੀ ਸ੍ਰੀਪ੍ਰਕਾਸ਼ ਜੈਸਵਾਲ ਨੇ ਸਾਲ 2004 ਵਿੱਚ 50 ਲੱਖ ਅਤੇ ਮੌਜੂਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਸਾਮ ਵਿੱਚ ਚਾਲੀ ਲੱਖ ਘੁਸਪੈਠੀਆਂ ਦੇ ਹੋਣ ਦਾ ਦਾਅਵਾ ਕੀਤਾ ਸੀ। ਆਸਾਮ ਵਿੱਚ ਐੱਨ ਆਰ ਸੀ ਰਜਿਸਟਰ ਬਣਾਉਣ ਦੀ ਸ਼ੁਰੂਆਤ 2013 ਵਿੱਚ ਹੋਈ, ਜਿਸ ਦੀ 2017 ਦੀ ਮੁੱਢਲੀ ਰਿਪੋਰਟ ਵਿੱਚ ਕਰੀਬ 1.39 ਕਰੋੜ ਲੋਕਾਂ ਨੂੰ ਬਾਹਰ ਰੱਖ ਦਿੱਤਾ ਗਿਆ। ਪਿਛਲੇ ਸਾਲ ਜੁਲਾਈ 2018 ਦੀ ਡਰਾਫਟ ਐੱਨ ਆਰ ਸੀ ਵਿੱਚ ਇਹ ਗਿਣਤੀ ਘਟ ਕੇ ਕਰੀਬ 41 ਲੱਖ ਹੋ ਗਈ। ਆਸਾਮ ਦੇ ਮੰਤਰੀ ਅਤੇ ਭਾਜਪਾ ਨੇਤਾ ਹੇਮੰਤ ਬਿਸਵਾ ਸਰਮਾ ਅਨੁਸਾਰ ਸਹੀ ਮੁੜ ਨਿਰੀਖਣ ਹੋਣ ਉਤੇ 19 ਲੱਖ 'ਚੋਂ ਸਿਰਫ ਨੌਂ ਲੱਖ ਲੋਕ ਐੱਨ ਆਰ ਸੀ ਵਿੱਚੋਂ ਬਾਹਰ ਅਤੇ ਵਿਦੇਸ਼ੀ ਮੰਨੇ ਜਾਣਗੇ। ਆਸਾਮ ਵਿੱਚ ਘੁਸਪੈਠੀਆਂ ਦੀ ਗਿਣਤੀ ਦਾ ਗੁਬਾਰਾ ਫਟਣ ਮਗਰੋਂ ਸਾਰੇ ਦੇਸ਼ ਵਿੱਚ ਸ਼ਰਨਾਰਥੀਆਂ ਅਤੇ ਘੁਸਪੈਠੀਆਂ ਦੇ ਅੰਕੜਿਆਂ 'ਤੇ ਵੀ ਸਵਾਲੀਆ ਨਿਸ਼ਾਨ ਲੱਗਣ ਲੱਗੇ ਹਨ। ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਦੇਸ਼ ਵਿੱਚ ਘੁਸਪੈਠੀਆਂ ਦੀ ਗਿਣਤੀ ਦੋ ਕਰੋੜ ਦੱਸੀ ਸੀ, ਪਰ ਕਈ ਨੇਤਾ ਭਾਰਤ ਵਿੱਚ ਚਾਰ ਕਰੋੜ ਵਿਦੇਸ਼ੀ ਘੁਸਪੈਠੀਆਂ ਦਾ ਦਾਅਵਾ ਕਰਦੇ ਹਨ। ਆਸਾਮ ਵਿੱਚ ਐੱਨ ਆਰ ਸੀ ਦੀ ਅੰਤਿਮ ਲਿਸਟ ਨਾਲ ਨੇਤਾਵਾਂ ਤੇ ਖੁਫੀਆ ਏਜੰਸੀਆਂ ਦੇ ਦਾਅਵਿਆਂ ਉਤੇ ਵੱਡੇ ਸਵਾਲ ਖੜ੍ਹੇ ਹੋ ਗਏ ਹਨ। ਰਾਜਨੇਤਾਵਾਂ ਦੀ ਉਦਾਸੀਨਤਾ ਤੇ ਅਫਸਰਾਂ ਦੇ ਨਿਕੰਮੇਪਣ ਕਾਰਨ ਆਧਾਰ ਅਤੇ ਕੌਮੀ ਸਿਟੀਜ਼ਨ ਰਜਿਸਟਰ ਨੂੰ ਤਾਲਮੇਲ ਵਜੋਂ ਲਾਗੂ ਨਹੀਂ ਕੀਤਾ ਗਿਆ, ਜਿਸ ਨਾਲ ਵਿੱਤੀ ਬੋਝ ਨਾਲ ਪ੍ਰਸ਼ਾਸਨਿਕ ਅਰਾਜਕਤਾ ਵੀ ਵਧ ਸਕਦੀ ਹੈ।

ਐੱਨ ਆਰ ਸੀ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਦੇ ਵਿਵਾਦ ਨਾਲ ਗਿਣਤੀ ਵਿੱਚ ਕਈ ਗੁਣਾਂ ਹੇਰ-ਫੇਰ ਹੁੰਦਾ ਹੈ। ਆਸਾਮ ਦੇ ਮੰਤਰੀ ਹੇਮੰਤ ਬਿਸਵਾ ਸਰਮਾ ਅਨੁਸਾਰ ਐੱਨ ਆਰ ਸੀ ਪ੍ਰਕਿਰਿਆ ਵਿੱਚ ਕਿਸੇ ਸ਼ਰਨਾਰਥੀ ਸਰਟੀਫਿਕੇਟ ਨੂੰ ਮਾਨਤਾ ਨਾ ਦੇਣ ਕਾਰਨ ਲੱਖਾਂ ਹਿੰਦੂ ਬਿਨਾਂ ਵਜ੍ਹਾ ਐੱਨ ਆਰ ਸੀ ਵਿੱਚੋਂ ਬਾਹਰ ਹੋ ਗਏ ਹਨ, ਪਰ ਉਨ੍ਹਾਂ ਦੇ ਦਸਤਾਵੇਜ਼ਾਂ ਦੀ ਸੱਚਾਈ ਉੱਤੇ ਸਥਾਨਕ ਨੇਤਾਵਾਂ ਵੱਲੋਂ ਸਵਾਲੀਆ ਨਿਸ਼ਾਨ ਲਾਏ ਜਾ ਰਹੇ ਹਨ। ਆਲ ਆਸਾਮ ਸਟੂਡੈਂਟਸ ਯੂਨੀਅਨ (ਆਸੂ) ਅਤੇ ਆਸਾਮ ਪਬਲਿਕ ਵਰਕਸ (ਏ ਪੀ ਡਬਲਯੂ) ਸੰਗਠਨ ਦੇ ਨੇਤਾਵਾਂ ਅਨੁਸਾਰ 10 ਦੀ ਥਾਂ 15 ਦਸਤਾਵੇਜ਼ਾਂ ਨੂੰ ਮਾਨਤਾ ਦੇਣ ਨਾਲ ਲੱਖਾਂ ਲੋਕਾਂ ਨੂੰ ਗੈਰ ਕਾਨੂੰਨੀ ਤੌਰ ਉੱਤੇ ਐੱਨ ਆਰ ਸੀ 'ਚ ਸ਼ਾਮਲ ਕਰ ਲਿਆ ਗਿਆ ਹੈ।

ਸੰਵਿਧਾਨ ਦੇ ਅਨੁਸਾਰ ਧਾਰਮਿਕ ਆਧਾਰ ਉੱਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ, ਇਸ ਲਈ ਐੱਨ ਆਰ ਸੀ ਫਾਰਮ ਵਿੱਚ ਧਰਮ ਦਾ ਕੋਈ ਕਾਲਮ ਨਹੀਂ ਰੱਖਿਆ ਗਿਆ, ਪਰ ਭਾਜਪਾ ਇਸ ਮੁੱਦੇ ਉਤੇ ਰਾਸ਼ਟਰਵਾਦ ਦੀ ਗੇਂਦ ਖੇਡਦੇ ਹੋਏ ਸ਼ਰਨਾਰਥੀ ਹਿੰਦੂਆਂ ਲਈ ਭਾਰਤੀ ਨਾਗਰਿਕਤਾ ਦੀ ਮੰਗ ਕਰ ਰਹੀ ਹੈ। ਇਸ ਰਾਜ ਦੇ ਮਾਟੀ ਪੁੱਤਰ ਨੇਤਾ, ਆਸਾਮ ਸਮਝੌਤੇ ਹੇਠ ਹਿੰਦੂ ਅਤੇ ਮੁਸਲਿਮ ਸਾਰੇ ਘੁਸਪੈਠੀਆਂ ਦੀ ਬਰਖਾਸਤਗੀ ਦੀ ਮੰਗ ਕਰ ਰਹੇ ਹਨ। ਹਿੰਦੂ, ਜੈਨ, ਬੋਧੀ ਅਤੇ ਈਸਾਈਆਂ ਨੂੰ ਸ਼ਰਨਾਰਥੀ ਮੰਨ ਕੇ ਉਨ੍ਹਾਂ ਨੂੰ ਨਾਗਰਿਕਤਾ ਦੇਣ ਲਈ ਭਾਜਪਾ ਸਰਕਾਰ ਨੇ ਪਿਛਲੀ ਸਰਕਾਰ ਵੇਲੇ ਲੋਕ ਸਭਾ ਵਿੱਚ ਨਾਗਰਿਕਤਾ ਕਾਨੂੰਨ ਪਾਸ ਕਰਾਇਆ ਸੀ। ਅਗਲੀ ਜਨਗਣਨਾ ਸੰਨ 2021 'ਚ ਹੋਵੇਗੀ, ਜਿਸ ਨਾਲ ਪੂਰੇ ਦੇਸ਼ ਵਿੱਚ ਐੱਨ ਆਰ ਸੀ ਲਾਗੂ ਕਰਨ ਦੀ ਗੱਲ ਅਮਿਤ ਸ਼ਾਹ ਵੱਲੋਂ ਕੀਤੀ ਜਾ ਰਹੀ ਹੈ। ਇਸ ਮੁੱਦੇ 'ਤੇ ਫਿਰ ਪੇਚਾ ਨਾ ਪਵੇ, ਇਸ ਲਈ ਸੰਘ ਪਰਵਾਰ ਵੱਲੋਂ ਨਵੇਂ ਨਾਗਰਿਕਤਾ ਕਾਨੂੰਨਾਂ ਨੂੰ ਤੁਰੰਤ ਬਣਾਉਣ ਦੀ ਮੰਗ ਹੋ ਰਹੀ ਹੈ।

ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਸੰਨ 1951 ਵਿੱਚ ਪਹਿਲੀ ਜਨਗਣਨਾ ਵੇਲੇ ਆਸਾਮ ਦੇ ਨਾਲ ਹੀ ਦੇਸ਼ ਦੇ ਹੋਰ ਰਾਜਾਂ ਵਿੱਚ ਐੱਨ ਆਰ ਸੀ ਭਾਵ ਭਾਰਤੀ ਨਾਗਰਿਕਤਾ ਰਜਿਸਟਰ ਬਣਾਇਆ ਗਿਆ ਸੀ। ਬੰਗਲਾ ਦੇਸ਼ ਜੰਗ ਪਿੱਛੋਂ ਲੱਖਾਂ ਸ਼ਰਨਾਰਥੀ ਅਤੇ ਘੁਸਪੈਠੀਏ ਆਸਾਮ 'ਚ ਵੱਸਣ ਨਾਲ ਉਥੇ ਕਈ ਹਿੰਸਕ ਅੰਦੋਲਨ ਹੋਏ? ਸ਼ਾਂਤੀ ਲਈ ਓਦੋਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੱਲੋਂ ਕੀਤੇ ਆਸਾਮ ਸਮਝੌਤੇ ਅਨੁਸਾਰ 25 ਮਾਰਚ 1971 ਤੋਂ ਬਾਅਦ ਆਏ ਸਾਰੇ ਵਿਦੇਸ਼ੀਆਂ ਨੂੰ ਆਸਾਮ ਵਿੱਚੋਂ ਬਾਹਰ ਕੱਢਿਆ ਜਾਣਾ ਸੀ। ਇਸ ਸਮਝੌਤੇ ਮਗਰੋਂ ਵੱਡਾ ਕਾਨੂੰਨੀ ਸਵਾਲ ਉੱਠ ਪਿਆ, ਜਿਸ ਦਾ 35 ਸਾਲ ਬਾਅਦ ਅਜੇ ਤੱਕ ਹੱਲ ਨਹੀਂ ਹੋਇਆ। ਭਾਰਤ ਦੇ ਹੋਰ ਰਾਜਾਂ ਵਿੱਚ 1951 ਤੋਂ ਪਹਿਲਾਂ ਆਏ ਹੋਏ ਸਾਰੇ ਲੋਕਾਂ ਨੂੰ ਭਾਰਤੀ ਨਾਗਰਿਕ ਮੰਨਿਆ ਜਾਂਦਾ ਹੈ, ਪਰ ਆਸਾਮ ਵਿਚ ਮਾਰਚ 1971 ਦੀ ਸਮਾਂ ਹੱਦ ਮਿਥੀ ਗਈ ਹੈ, ਇਸ ਲਈ ਨਾਗਰਿਕਤਾ ਕਾਨੂੰਨ 1955 ਦੀ ਧਾਰਾ 6-ਏ ਅਤੇ ਮਾਰਚ 1991 ਦੀ ਸਮਾਂ ਹੱਦ ਨੂੰ ਰੱਦ ਕਰਨ ਲਈ ਸੁਪਰੀਮ ਕੋਰਟ 'ਚ ਮੰਗ ਕੀਤੀ ਗਈ। ਪਟੀਸ਼ਨ ਕਰਤਾਵਾਂ ਅਨੁਸਾਰ ਆਸਾਮ ਲਈ ਬਣਾਏ ਵਿਸ਼ੇਸ਼ ਨਿਯਮ ਨਾਲ ਸੰਵਿਧਾਨ ਵਿੱਚ ਦਿੱਤੀ ਬਰਾਬਰੀ ਅਤੇ ਕਾਨੂੰਨ ਦੇ ਸ਼ਾਸਨ ਦੇ ਸਿਧਾਂਤਾਂ ਦੀ ਉਲੰਘਣਾ ਹੁੰਦੀ ਹੈ। ਇਸ ਉਤੇ 13 ਵੱਡੇ ਸਵਾਲ ਉਠਾਏ ਗਏ, ਜਿਨ੍ਹਾਂ ਦੀ ਜਾਂਚ ਲਈ ਸੁਪਰੀਮ ਕੋਰਟ ਨੇ ਫਰਵਰੀ 2018 'ਚ ਪੰਜ ਜੱਜਾਂ ਦਾ ਸੰਵਿਧਾਨਕ ਬੈਂਚ ਬਣਾਉਣ ਦਾ ਹੁਕਮ ਦਿੱਤਾ ਸੀ।

ਆਧਾਰ ਕਾਰਡ ਕੇਸ ਵਿੱਚ ਵੀ ਸੁਪਰੀਮ ਕੋਰਟ ਨੇ ਨੌਂ ਜੱਜਾਂ ਦੇ ਬੈਂਚ ਨੇ ਪਹਿਲਾਂ ਪ੍ਰਾਈਵੇਸੀ ਦਾ ਫੈਸਲਾ ਦਿੱਤਾ ਸੀ, ਜਿਸ ਤੋਂ ਬਾਅਦ ਆਧਾਰ ਕਾਰਡ ਕੇਸ ਦੀ ਛੋਟੇ ਬੈਂਚ ਵੱਲੋਂ ਸੁਣਵਾਈ ਹੋਈ। ਅਯੁੱਧਿਆ ਵਿਵਾਦ 'ਤੇ ਮੇਰੀ ਕਿਤਾਬ ਦੇ ਛਪਣ ਪਿੱਛੋਂ ਤਿੰਨ ਜੱਜਾਂ ਦੀ ਥਾਂ ਪੰਜ ਜੱਜਾਂ ਦੇ ਬੈਂਚ ਦਾ ਗਠਨ ਹੋਇਆ, ਜਿਸ ਦੇ ਕੋਲ ਸੁਣਵਾਈ ਹੋ ਰਹੀ ਹੈ। ਸਵਾਲ ਇਹ ਹੈ ਕਿ 13 ਮੁੱਦਿਆਂ ਉੱਤੇ ਸੰਵਿਧਾਨਕ ਬੈਂਚ ਵੱਲੋਂ ਫੈਸਲਾ ਲਏ ਬਿਨਾਂ ਦੋ ਜੱਜਾਂ ਦੇ ਛੋਟੇ ਬੈਂਚ ਨੇ ਹਫੜਾ-ਦਫੜੀ ਵਿੱਚ ਐਨ ਆਰ ਸੀ ਦੀ ਪ੍ਰਕਿਰਿਆ ਨੂੰ ਅੱਗੇ ਵਧਾ ਕੇ ਲੱਖਾਂ ਲੋਕਾਂ ਦੀ ਜ਼ਿੰਦਗੀ ਨਾਲ ਟਰਾਇਲ ਕਿਉਂ ਕੀਤਾ। ਅਗਲਾ ਸਵਾਲ ਇਹ ਹੈ ਕਿ ਐੱਨ ਆਰ ਸੀ ਵਿੱਚ ਜਿਨ੍ਹਾਂ ਦਾ ਨਾਂਅ ਨਹੀਂ, ਉਨ੍ਹਾਂ ਨੂੰ ਕਦੋਂ ਅਤੇ ਕਿਵੇਂ ਹੁਕਮ ਦਿੱਤਾ ਜਾਵੇਗਾ? ਕੀ ਐੱਨ ਆਰ ਸੀ ਤਾਲਮੇਲ ਅਧਿਕਾਰੀਆਂ ਨੂੰ ਲਿਸਟ ਬਣਾਉਣ ਦੇ ਨਾਲ ਹੁਕਮ ਦੇਣ ਦਾ ਵੀ ਅਧਿਕਾਰ ਹੈ? ਹੁਕਮ ਤੋਂ ਬਿਨਾਂ ਪੀੜਤ ਇਹ ਲੋਕ ਵਿਦੇਸ਼ੀਆਂ ਲਈ ਬਣਾਏ ਟ੍ਰਿਬਿਊਨਲ ਨੂੰ ਅਪੀਲ ਕਿਵੇਂ ਕਰਨਗੇ? ਸਵਾ ਤਿੰਨ ਕਰੋੜ ਕੇਸਾਂ ਦੇ ਬੋਝ ਨਾਲ ਦੱਬੀਆਂ ਅਦਾਲਤਾਂ ਦੀ ਵਿਵਸਥਾ ਇਨ੍ਹਾਂ ਨਵੇਂ ਕੇਸਾਂ ਦਾ ਬੋਝ ਕਿਵੇਂ ਉਠਾਵੇਗੀ? ਫਰਜ਼ੀ ਦਸਤਾਵੇਜ਼ਾਂ ਦੇ ਆਧਾਰ ਉਤੇ ਐਨ ਆਰ ਸੀ ਵਿੱਚ ਅਨੇਕ ਘੁਸਪੈਠੀਏ ਸ਼ਾਮਲ ਹੋ ਗਏ, ਪਰ ਭਾਰਤੀ ਨਾਗਰਿਕਾਂ ਨੂੰ ਇਸ ਵਿੱਚ ਸ਼ਾਮਲ ਹੋਣ ਦੀ ਲੰਬੀ ਲੜਾਈ ਲੜਨੀ ਪਵੇਗੀ। ਦਸਤਾਵੇਜ਼ਾਂ ਦਾ ਅਨੁਵਾਦ, ਕੋਰਟ ਫੀਸ, ਵਕੀਲਾਂ ਦੀ ਫੀਸ ਸਣੇ ਅਨੇਕ ਖਰਚਿਆਂ ਅਤੇ ਕੇਸਾਂ ਦੇ ਜੰਜਾਲ 'ਚ ਘੁਸਪੈਠੀਆਂ ਦੇ ਨਾਲ ਭਾਰਤੀ ਨਾਗਰਿਕਾਂ ਨੂੰ ਐੱਨ ਆਰ ਸੀ ਵਿੱਚ ਪਿਸਣਾ ਹੋਵੇਗਾ। ਐੱਨ ਆਰ ਸੀ ਵਿੱਚੋਂ ਬਾਹਰ ਕੀਤੇ ਲੋਕਾਂ ਨੂੰ ਰਾਜ ਸਰਕਾਰ ਨੇ ਕਾਨੂੰਨੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਹੈ ਤਾਂ ਸਰਕਾਰ ਦੇ ਖਰਚੇ ਉੱਤੇ ਸਰਕਾਰ ਵਿਰੁੱਧ ਅਦਾਲਤਾਂ ਵਿੱਚ ਲੜਾਈ ਕਿਵੇਂ ਹੋਵੇਗੀ? ਸੰਵਿਧਾਨ ਅਨੁਸਾਰ ਵਿਦੇਸ਼ੀ ਘੁਸਪੈਠੀਆਂ ਨੂੰ ਭਾਰਤੀ ਨਾਗਰਿਕਤਾ ਅਤੇ ਹੋਰ ਅਧਿਕਾਰ ਨਹੀਂ ਦਿੱਤੇ ਜਾ ਸਕਦੇ, ਇਸ ਦੇ ਬਾਵਜੂਦ ਆਸਾਮ ਦੇ ਮੁੱਖ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰਾਲਾ ਐੱਨ ਆਰ ਸੀ ਵਿੱਚੋਂ ਬਾਹਰ ਕੱਢੇ ਲੋਕਾਂ ਵਿਰੁੱਧ ਸਜ਼ਾ ਯੋਗ ਕਾਰਵਾਈ ਤੋਂ ਇਨਕਾਰ ਕਿਉਂ ਕਰਦੇ ਹਨ?

ਕਈ ਲੱਖ ਰੋਹਿੰਗਿਆ ਲੋਕ ਨਾਜਾਇਜ਼ ਤੌਰ 'ਤੇ ਘੁਸਪੈਠ ਕਰ ਕੇ ਨਿਰਧਾਰਤ ਵੱਖ-ਵੱਖ ਰਾਜਾਂ 'ਚ ਵਸ ਗਏ ਅਤੇ ਉਨ੍ਹਾਂ 'ਚੋਂ ਜ਼ਿਆਦਾਤਰ ਲੋਕਾਂ ਨੇ ਆਧਾਰ ਅਤੇ ਰਾਸ਼ਨ ਕਾਰਡ ਵਰਗੇ ਦਸਤਾਵੇਜ਼ ਬਣਾ ਲਏ। ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਬਾਹਰ ਕੱਢਣ ਦੀ ਕੋਈ ਰੋਕ ਨਹੀਂ ਲਾਈ, ਇਸ ਦੇ ਬਾਵਜੂਦ ਸਰਕਾਰ ਅਜੇ ਤੱਕ ਕਿਸੇ ਰੋਹਿੰਗਿਆ ਨੂੰ ਭਾਰਤ ਤੋਂ ਬਾਹਰ ਨਹੀਂ ਭੇਜ ਸਕੀ। ਮਾਰਚ 2019 ਦੇ ਅੰਕੜਿਆਂ ਅਨੁਸਾਰ ਆਸਾਮ ਵਿੱਚ 1.17 ਲੱਖ ਲੋਕਾਂ ਨੂੰ ਵਿਦੇਸ਼ੀ ਨਾਗਰਿਕ ਮੰਨੇ ਜਾਣ ਪਿੱਛੋਂ ਡਿਟੈਂਸ਼ਨ ਕੈਂਪਾਂ ਵਿੱਚ ਰੱਖਿਆ ਗਿਆ ਹੈ। ਐੱਨ ਆਰ ਸੀ ਵਿੱਚੋਂ ਬਾਹਰ ਕੀਤੇ ਲੋਕ ਜੇ ਘੁਸਪੈਠੀਏ ਸਾਬਤ ਹੋ ਗਏ ਤਾਂ ਬੰਗਲਾ ਦੇਸ਼ ਉਨ੍ਹਾਂ ਨੂੰ ਨਹੀਂ ਲਵੇਗਾ, ਕੀ ਲੱਖਾਂ ਲੋਕਾਂ ਨੂੰ ਸਰਕਾਰੀ ਖਰਚੇ 'ਚ ਕੈਂਪਾਂ ਵਿੱਚ ਰੱਖਿਆ ਜਾਵੇਗਾ? ਐੱਨ ਆਰ ਸੀ ਬਾਰੇ ਲੋਕਾਂ ਦੀ ਨਾਗਰਿਕਤਾ ਦੇ ਨਾਲ ਸਰਕਾਰ ਅਤੇ ਅਦਾਲਤਾਂ ਉੱਤੇ ਵੀ ਸਵਾਲ ਖੜ੍ਹੇ ਹੋ ਗਏ ਹਨ।

# ਬੇਵਕਤ ਬੁੱਢਾ ਹੋਇਆ ਪਰਉਪਕਾਰੀ ਬੰਦਾ

-ਪ੍ਰੀਤਮਾ ਦੋਮੇਲ

ਸਾਡੇ ਪਿੰਡ ਦੇ ਬਾਪੂ ਜੀ ਦੇ ਹਾਣ ਦੇ ਮੁੰਡਿਆਂ 'ਚੋਂ ਕੋਈ ਵੀ ਚੌਥੀ ਛੇਵੀਂ ਜਮਾਤ ਤੋਂ ਅੱਗੇ ਨਹੀਂ ਸੀ ਟੱਪਿਆ, ਪਰ ਬਾਪੂ ਜੀ ਨੇ ਫਸਟ ਡਵੀਜ਼ਨ ਵਿੱਚ ਦਸਵੀਂ ਪਾਸ ਕਰ ਲਈ। ਇਕ ਦਿਨ ਸਾਡੇ ਬਾਬਾ ਜੀ ਆਪਣੇ ਆੜ੍ਹਤੀਏ ਕੋਲ ਬੈਠੇ ਸਨ ਕਿ ਬਾਪੂ ਜੀ ਦੀ ਗੱਲ ਚੱਲ ਪਈ। ਆੜ੍ਹਤੀ ਨੇ ਸੁਝਾਅ ਦਿੱਤਾ ਕਿ ਮੁੰਡੇ ਨੂੰ ਅੱਗੇ ਪੜ੍ਹਾਇਆ ਜਾਵੇ। ਸਮੱਸਿਆ ਫੇਰ ਰੁਪਇਆਂ ਦੀ ਸੀ। ਉਸ ਨੇ ਝੱਟ 500 ਰੁਪਏ ਬਾਬਾ ਜੀ ਦੇ ਅੱਗੇ ਰੱਖ ਦਿੱਤੇ ਤੇ ਇਸ ਤਰ੍ਹਾਂ ਬਾਪੂ ਜੀ ਮਹਿੰ-ਦਰਾ ਕਾਲਜ ਦੇ ਵਿਦਿਆਰਥੀ ਬਣ ਗਏ। ਬਾਪੂ ਜੀ ਜਦ ਦੋ ਵਾਰ ਐਫ ਏ ਵਿੱਚੋਂ ਫੇਲ੍ਹ ਹੋ ਗਏ ਤਾਂ ਬਾਬਾ ਜੀ ਨੇ ਬਾਪੂ ਨੂੰ ਕੋਈ ਨੌਕਰੀ ਕਰਨ ਲਈ ਕਿਹਾ। ਉਦੋਂ 10ਵੀਂ ਪਾਸ ਬੰਦੇ ਪਟਵਾਰੀ ਲੱਗ ਜਾਂਦੇ ਸਨ। ਬਾਪੂ ਜੀ ਕਿਸੇ ਰਿਸ਼ਤੇਦਾਰ ਦੀ ਸਿਫਾਰਸ਼ ਨਾਲ ਪਟਵਾਰੀ ਲੱਗ ਗਏ।

ਮੇਰਾ ਬੀ ਏ ਦਾ ਨਤੀਜਾ ਨਿਕਲਿਆਂ ਕਾਫੀ ਦਿਨ ਹੋ ਚੁੱਕੇ ਸਨ ਤੇ ਐਮ ਏ ਦੇ ਦਾਖਲੇ ਦੀ ਆਖਰੀ ਤਰੀਕ ਆ ਚੁੱਕੀ ਸੀ। ਮੈਂ ਛੁੱਟੀਆਂ ਵਿੱਚ ਆਪਣੇ ਦਾਦਾ-ਦਾਦੀ ਕੋਲ ਪਿੰਡ ਆਈ ਹੋਈ ਸਾਂ। ਬਾਪੂ ਜੀ ਦੋ ਕੁ ਦਿਨਾਂ ਤੋਂ ਪਿੰਡ ਹੀ ਸਨ, ਸ਼ਾਇਦ ਮੇਰੇ ਦਾਖਲੇ ਲਈ ਪੈਸਿਆਂ ਦੇ ਜੁਗਾੜ ਲਈ ਰੁਕੇ ਹੋਏ ਸਨ। ਇਕ ਦਿਨ ਮੈਂ ਅਖੀਰ ਪੁੱਛ ਲਿਆ, ਬਾਪੂ ਜੀ ਤੁਸੀਂ ਮੈਨੂੰ ਕਦੋਂ ਚੰਡੀਗੜ੍ਹ ਪੜ੍ਹਨ ਲਈ ਛੱਡਣ ਜਾਓਗੇ। ਬਾਪੂ ਜੀ ਪਹਿਲਾਂ ਹੀ ਪਰੇਸ਼ਾਨ ਸਨ। ਖਿਝ ਕੇ ਬੋਲੇ, ਕਦੇ ਨਹੀਂ। ਚੁੱਪ ਕਰਕੇ ਬੈਠੀ ਰਹਿ। ਮੇਰਾ ਰੋਣਾ ਨਿਕਲ ਗਿਆ।

ਮੈਂ ਹੌਲੀ-ਹੌਲੀ ਰੋਂਦੀ ਰਹੀ। ਕੋਲ ਹੀ ਸਾਡਾ ਸੀਰੀ ਜੀਤਾ ਚਾਚਾ ਬੈਠਾ ਸੀ। ਇਹ ਮੇਰੇ ਬਚਪਨ ਤੋਂ ਹੀ ਸਾਡੇ ਨਾਲ ਸੀਰੀ ਦਾ ਕੰਮ ਕਰਦਾ ਆ ਰਿਹਾ ਸੀ। ਮੈਨੂੰ ਰੋਂਦੀ ਦੇਖ ਕੇ ਬੋਲਿਆ, ਬਾਈ ਕੀ ਗੱਲ? ਆਹ ਕੁੜੀ ਕਾਹਤੋਂ ਰੋ ਰਹੀ ਏ?'

'ਕੁਸ਼ ਨਹੀਂ ਜੀਤਿਆ, ਇਸ ਨੂੰ ਛੋਟੀ-ਛੋਟੀ ਗੱਲ ਤੋਂ ਰੋਣ ਦੀ ਆਦਤ ਹੈ।'

'ਨਹੀਂ ਬਾਈ ਐਵੇਂ ਨਹੀਂ ਰੋਂਦੀ। ਜ਼ਰੂਰੀ ਕੋਈ ਵੱਡੀ ਗੱਲ ਹੈ, ਤੂੰ ਦੱਸ ਮੈਨੂੰ ਇਸ ਨੂੰ ਕੀ ਚਾਹੀਦੈ।' ਉਹ ਗੰਭੀਰ ਹੋ ਕੇ ਬੋਲਿਆ।

'ਕੀ ਦੱਸਾਂ ਜੀਤ ਸਿੰਹਾਂ ਤੈਨੂੰ, ਅੱਗੇ ਪੜ੍ਹਨ ਨੂੰ ਕਹਿੰਦੀ ਐ। ਚੰਡੀਗੜ੍ਹ ਮੇਰੇ ਕੋਲ ਐਨੇ ਪੈਸੇ ਨਹੀਂ, ਜੋ ਇਸ ਨੂੰ ਉਥੇ ਦਾਖਲ ਕਰਾ ਸਕਾਂ ਤੇ ਦਾਖਲੇ ਦੀ ਵੀ ਅੱਜ ਅਖੀਰਲੀ ਤਰੀਕ ਹੈ।'

'ਕਿੰਨੇ ਕੁ ਪੈਸੇ ਚਾਹੀਦੇ ਨੇ।' ਜੀਤੇ ਨੇ ਫੇਰ ਪੁੱਛਿਆ।

ਬਾਪੂ ਜੀ ਨੇ ਐਵੇਂ ਹੀ ਕੁਝ ਹਿਸਾਬ ਜਿਹਾ ਲਾ ਕੇ ਉਸ ਨੂੰ ਥੋੜ੍ਹੇ ਜ਼ਿਆਦਾ ਹੀ ਪੈਸੇ ਦੱਸ ਦਿੱਤੇ।

ਸਭ ਆਪੋ-ਆਪਣੇ ਕੰਮਾਂ 'ਚ ਲੱਗ ਪਏ। ਰੁਕ-ਰੁਕ ਕੇ ਮੀਂਹ ਪੈ ਰਿਹਾ ਸੀ। ਬੁਦਲੀ ਨਦੀ ਭਰੀ ਹੋਈ ਵਹਿ ਰਹੀ ਸੀ। ਦੋ ਕੁ ਘੰਟਿਆਂ ਬਾਅਦ ਜੀਤਾ ਚਾਚਾ ਪਾਣੀ ਨਾਲ ਗੱਚੋ-ਗੱਚ ਕੱਪੜਿਆਂ ਸਮੇਤ ਬਾਪੂ ਜੀ ਸਾਹਮਣੇ ਆ ਖੜਾ ਹੋਇਆ ਤੇ ਆਪਣੀ ਡੱਬ 'ਚੋਂ ਕੁਝ ਮੁੜੇ ਤੁੜੇ ਨੋਟ ਕੱਢ ਕੇ ਬੋਲਿਆ, 'ਫੜ ਇਹ ਪੈਸੇ ਤੇ ਕੁੜੀ ਨੂੰ ਲੈ ਕੇ ਤੁਰਦਾ ਹੋ। ਇਸ ਨੂੰ ਉਸ ਸਕੂਲ ਵਿੱਚ ਦਾਖਲ ਕਰਾ ਦੇ, ਜਿਥੇ ਇਹ ਕਹਿੰਦੀ ਹੈ। ਨਦੀ ਵਿੱਚ ਵੀ ਪਾਣੀ ਬਹੁਤ ਸੀ। ਮੈਂ ਤਾਂ ਉਪਰਲੇ ਪਾਸਿਓਂ ਸਲੌਂਕੇ ਵੱਲ ਹੋ ਕੇ ਤੁਹਾਡੇ ਆੜ੍ਹਤੀ ਕੋਲ ਪੁੱਜਿਆ ਸਾਂ। ਚੱਲ ਆਪਾਂ ਨਦੀ ਵੱਲ ਨੂੰ ਚੱਲਦੇ ਹਾਂ, ਮੀਂਹ ਰੁਕ ਗਿਆ ਹੈ, ਸ਼ਾਇਦ ਨਦੀ ਵੀ ਉਤਰ ਗਈ ਹੋਵੇ। ਹਾਂ ਮੰਨੀ, ਤੂੰ ਜਲਦੀ ਮੂੰਹ ਹੱਥ ਧੋ ਕੇ ਤਿਆਰ ਹੋ ਜਾ।'

ਬਾਪੂ ਜੀ ਡੌਰ ਭੌਰ ਕਦੇ ਜੀਤੇ ਵੱਲ ਤੇ ਕਦੇ ਨੋਟਾਂ ਵੱਲ ਦੇਖ ਰਹੇ ਸਨ।

'ਦੇਖਦਾ ਕੀ ਏਂ? ਚੱਲ ਖੜਾ ਹੈ, ਦੋ ਘੰਟੇ ਚੰਡੀਗੜ੍ਹ ਪਹੁੰਚਣ ਨੂੰ ਲੱਗਦੇ ਨੇ।' ਜੀਤੇ ਨੇ ਬਾਪੂ ਜੀ ਨੂੰ ਕਿਹਾ।

ਮੀਂਹ ਰੁਕ ਗਿਆ ਸੀ ਤੇ ਨਦੀ ਵਿੱਚ ਗੋਡੇ-ਗੋਡੇ ਪਾਣੀ ਰਹਿ ਗਿਆ ਸੀ। ਅਸੀਂ ਇਕਨੋਮਿਕਸ ਵਿਭਾਗ ਦੇ ਦਫਤਰ ਦੇ ਬੰਦ ਹੋਣ ਤੋਂ ਅੱਧਾ ਘੰਟਾ ਪਹਿਲਾਂ ਪੁੱਜ ਕੇ ਸਾਰੀਆਂ ਫਾਰਮੈਲਿਟੀਆਂ ਪੂਰੀਆਂ ਕਰ ਲਈਆਂ ਸਨ। ਮੈਂ ਜੀਤੇ ਚਾਚੇ ਦੀ ਮਿਹਰਬਾਨੀ ਕਰਕੇ ਐਮ ਏ (ਪਹਿਲਾ ਭਾਗ) ਦੀ ਵਿਦਿਆਰਥਣ ਬਣ ਗਈ। ਮੈਂ ਐਮ ਏ ਕਰ ਲਈ, ਨੌਕਰੀ ਲੱਗ ਗਈ ਤੇ ਵਿਆਹ ਹੋ ਗਿਆ। ਇਕ ਦਿਨ ਮੈਂ ਬਾਬਾ ਜੀ ਕੋਲ ਬੈਠੀ ਸਾਂ। ਉਹ ਬੋਲੇ, 'ਪੁੱਤ ਤੈਨੂੰ ਆਪਣਾ ਜੀਤਾ ਯਾਦ ਹੈ।'

'ਕੌਣ ਜੀਤਾ ਬਾਬਾ ਜੀ?' ਮੈਨੂੰ ਕੁਝ ਯਾਦ ਨਾ ਆਇਆ ਕਿ ਉਹ ਕਿਸ ਦੀ ਗੱਲ ਕਰ ਰਹੇ ਸਨ।

'ਭਾਈ ਉਹੋ ਜੀਤਾ ਜਿਹੜਾ ਆਪਣੇ ਨਾਲ ਸਾਂਝੀ (ਸੀਰੀ) ਹੁੰਦਾ ਸੀ।'

'ਅੱਛਾ ਜੀਤਾ ਚਾਚਾ ਉਹ ਨੂੰ ਕੀ ਹੋਇਆ।' ਮੈਂ ਝੱਟ ਪੁੱਛਿਆ।

'ਹੋਇਆ ਕੁਸ਼ ਨਹੀਂ, ਉਂਜ ਤਾਂ ਉਹ ਚੰਗਾ ਭਲਾ ਹੈ। ਬਸ ਉਸ ਦਾ ਵਿਆਹ ਹੀ ਨਹੀਂ ਹੋਇਆ।'

'ਕਿਉਂ, ਵਿਆਹ ਕਿਉਂ ਨਹੀਂ ਹੋਇਆ?' ਮੈਂ ਪੁੱਛਿਆ।

'ਉਸ ਦੇ ਵਿਆਹ ਵਾਲੇ ਪੈਸੇ ਜੋ ਤੇਰੇ ਲੇਖੇ ਗਏ ਸਨ।'

'ਉਹ ਕਿਵੇਂ?' ਮੈਂ ਹੈਰਾਨ ਹੋ ਗਈ।

ਬਾਬਾ ਜੀ ਹਉਕਾ ਭਰ ਕੇ ਬੋਲੇ, 'ਜੀਤੇ ਨੇ ਮੈਨੂੰ ਦੱਸਿਆ ਸੀ ਕਿ ਉਹ ਅੱਠ ਭੈਣ ਭਰਾ ਸਨ। ਉਸ ਦੀ ਮਾਂ ਕਹਿੰਦੀ ਸੀ ਕਿ ਸਾਰਿਆਂ ਦੇ ਵਿਆਹ ਕਰਨ ਜੋਗੇ ਤਾਂ ਉਨ੍ਹਾਂ ਕੋਲ ਪੈਸੇ ਹੈ ਨਹੀਂ। ਇਸ ਕਰਕੇ ਜੇ ਤੂੰ ਵਿਆਹ ਕਰਾਉਣਾ ਹੈ ਤਾਂ ਆਪਣੇ ਪੈਸੇ ਜੋੜ ਲੈ ਤਾਂ ਅਸੀਂ ਤੇਰਾ ਵਿਆਹ ਕਰ ਦਿਆਂਗੇ। ਫੇਰ ਮੈਂ ਪੁੱਛਿਆ ਤਾਂ ਉਸ ਨੇ ਮੈਨੂੰ ਕਿਹਾ: ਤਾਇਆ ਮੇਰੇ ਹਿੱਸੇ ਦੇ ਜਿਹੜੇ ਪੈਸੇ ਬਣਦੇ ਨੇ, ਉਹ ਤੂੰ ਮੈਨੂੰ ਨਾ ਦੇਵੀਂ, ਆਪਣੇ ਆੜ੍ਹਤੀ ਕੋਲ ਜਮ੍ਹਾਂ ਕਰਵਾਉਂਦਾ ਰਹੀਂ। ਜਦ ਵਿਆਹ ਜੋਗੇ ਹੋ ਜਾਣਗੇ, ਮੈਂ ਲੈ ਲਵਾਂਗਾ'।

'ਅੱਛਾ ਫੇਰ ਕੀ ਹੋਇਆ।' ਮੈਂ ਸਵਾਲ ਕੀਤਾ।

'ਪੈਸੇ ਤਾਂ ਜੁੜ ਵੀ ਗਏ, ਪਰ ਫੇਰ ਤੇਰੀ ਪੜ੍ਹਾਈ ਲਈ ਤੇਰੇ ਬਾਪੂ ਜੀ ਨੂੰ ਲੋੜ ਪੈ ਗਈ ਤੇ ਉਸ ਰੱਬ ਦੇ ਬੰਦੇ ਨੇ ਆਪਣੀ ਸਾਰੀ ਜਮ੍ਹਾਂ ਪੂੰਜੀ ਤੇਰੇ ਬਾਪੂ ਜੀ ਨੂੰ ਦੇ ਦਿੱਤੀ। ਉਸ ਤੋਂ ਬਾਅਦ ਉਸ ਨੇ ਫੇਰ ਪੈਸੇ ਜੋੜਨੇ ਸ਼ੁਰੂ ਕੀਤੇ, ਪਰ ਆਉਂਦੇ ਸਾਲ ਵਿੱਚ ਮਾਂ ਤੁਰ ਗਈ ਤੇ ਬਾਪ ਵੀ। ਭੈਣ ਭਾਈ ਆਪੋ ਆਪਣੇ ਰਾਹ ਪੈ ਗਏ ਤੇ ਇਸ ਵੱਲ ਕਿਸੇ ਨੇ ਧਿਆਨ ਹੀ ਨਹੀਂ ਦਿੱਤਾ ਤੇ ਇਸ ਤਰ੍ਹਾਂ ਵਿਆਹ ਵਾਲੀ ਉਮਰ ਹੀ ਲੰਘ ਗਈ।' ਬਾਬਾ ਜੀ ਉਦਾਸ ਹੋ ਗਏ।

ਅਗਲੇ ਦਿਨ ਮੈਂ ਸਪੈਸ਼ਲ ਜੀਤੇ ਚਾਚੇ ਨੂੰ ਬੁਲਾਇਆ। ਅਧ ਕਚਰੀ ਦਾੜ੍ਹੀ ਵਾਲਾ ਕਮਜ਼ੋਰ ਜਿਹਾ ਬੰਦਾ ਜਦ ਸੋਟੀ ਟੇਕਦਾ ਹੌਲੀ-ਹੌਲੀ ਚੱਲਦਾ ਹੋਇਆ ਮੇਰੇ ਸਾਹਮਣੇ ਆ ਕੇ ਖੜਾ ਹੋਇਆ ਤਾਂ ਮੱਲੋ-ਮੱਲੀ ਮੇਰੀਆਂ ਅੱਖਾਂ ਭਰ ਆਈਆਂ। 'ਪਛਾਣਦਾ ਏਂ ਜੀਤਿਆ, ਇਹ ਕੌਣ ਹੈ।'

'ਨਹੀਂ ਕੌਣ ਹੈ ਇਹ ਬੀਬੀ?' ਉਸ ਨੇ ਬੇਪਛਾਣੀ ਜਿਹੀ ਨਜ਼ਰ ਨਾਲ ਮੇਰੇ ਵੱਲ ਦੇਖ ਕੇ ਪੁੱਛਿਆ।

'ਇਹ ਤੇਰੇ ਬੜੇ ਭਾਈ ਦੀ ਉਹ ਕੁੜੀ ਹੈ, ਜਿਸ ਨੂੰ ਤੂੰ ਕਾਲਜ 'ਚ ਦਾਖਲ ਕਰਾਇਆ ਸੀ। ਅੱਜ ਵੱਡੀ ਅਫਸਰਨੀ ਲੱਗੀ ਹੋਈ ਐ।'

'ਅੱਛਾ! ਤਕੜੀ ਐਂ ਭਾਈ ਮੁੰਨੀ।' ਉਸ ਨੇ ਪੁਰਾਣੀ ਕਿਸੇ ਗੱਲ ਦਾ ਕੋਈ ਜ਼ਿਕਰ ਨਹੀਂ ਕੀਤਾ।

ਸ਼ਾਇਦ ਉਹ ਸਭ ਕੁਝ ਭੁੱਲ ਚੁੱਕਿਆ ਸੀ ਜਾਂ ਭੁੱਲ ਜਾਣ ਦਾ ਬਹਾਨਾ ਕਰ ਰਿਹਾ ਸੀ। 'ਅੱਛਾ ਮੈਂ ਚਲਦਾਂ।' ਕਹਿ ਕੇ ਉਹ ਉਠ ਖੜਾ ਹੋਇਆ ਤਾਂ ਬਾਬਾ ਜੀ ਨੇ ਕਿਹਾ, 'ਬਹਿ ਜਾ ਜੀਤਿਆ। ਰੋਟੀ ਖਾ ਕੇ ਫੇਰ ਜਾਈਂ, ਉਥੇ ਕਿਹੜੀ ਤੇਰੀ ਚੂੜੇ ਵਾਲੀ ਬੈਠੀ ਹੈ ਖੁਆਉਣ ਵਾਲੀ। ਮੈਂ ਤਾਂ ਕਹਿੰਨਾਂ ਇਥੇ ਹੀ ਸੌਂ ਜਾਈਂ। ਰਾਤ ਕਿੱਥੇ ਗਲੀਆਂ ਵਿੱਚ ਠੋਕਰਾਂ ਖਾਂਦਾ ਫਿਰੇਂਗਾ। ਡਿੱਗ ਕੇ ਕੋਈ ਲੱਤ ਬਾਂਹ ਟੁੱਟ'ਗੀ ਤਾਂ ਜੁੜਨੀ ਵੀ ਨਹੀਂ ਇਸ ਉਮਰ ਵਿੱਚ। ਬਾਬਾ ਜੀ ਨੇ ਮੋਹ ਨਾਲ ਕਿਹਾ।

ਜੀਤਾ ਚਾਚਾ ਪੂਰਾ ਮੰਜੇ 'ਤੇ ਜਾ ਕੇ ਬੈਠ ਗਿਆ ਬਿਲਕੁਲ 'ਕੱਲਾ ਜਿਵੇਂ ਉਹ ਆਪਣੇ ਘਰ 'ਚ 'ਕੱਲਾ ਹੁੰਦਾ ਹੈ। ਮੇਰੇ ਗਲੇ 'ਚੋਂ ਇਕ ਵੱਡਾ ਸਾਰਾ ਹਉਕਾ ਨਿਕਲ ਕੇ ਆਸ ਪਾਸ ਫੈਲ ਗਿਆ ਅਤੇ ਇਕ ਪਛਤਾਵਾ ਆ ਕੇ ਮੇਰੇ ਨਕਸ਼ਾਂ 'ਤੇ ਬੈਠ ਗਿਆ। ਮੈਨੂੰ ਲੱਗਿਆ ਉਸ ਦੀ ਇਸ ਹਾਲਤ 'ਤੇ 'ਕੱਲੇਪਣ ਦੀ ਜ਼ਿੰਮੇਵਾਰ ਕਿਤੇ ਨਾ ਕਿਤੇ ਮੈਂ ਹੀ ਸਾਂ। ਵਿਆਹ ਦੇ ਲਈ ਬਚਾਏ ਹੋਏ ਪੈਸੇ ਜੇ ਉਹ ਮੇਰੇ ਦਾਖਲੇ ਲਈ ਨਾ ਦਿੰਦਾ ਤਾਂ ਅੱਜ ਉਸ ਦਾ ਵੀ ਪਰਵਾਰ ਹੁੰਦਾ ਤੇ ਆਪਣੇ ਦੋਹਤੇ ਪੋਤਿਆਂ ਦੀ ਭੀੜ 'ਚ ਬੈਠਾ ਉਹ ਕਿਤੇ ਨਜ਼ਰ ਨਾ ਆਉਂਦਾ ਤੇ ਅੱਜ ਉਹ ਇਕਲਾਪਾ ਭੋਗਦਾ ਹੋਇਆ ਬੰਦਾ ਪਰਉਪਕਾਰ ਦੇ ਚੱਕਰ ਵਿੱਚ ਆਪਣੀ ਕਬੀਲਦਾਰੀ ਦੇ ਬੋਝ ਥੱਲੇ ਬੇਵਕਤ ਏਨਾ ਬੁੱਢਾ ਨਾ ਹੋ ਗਿਆ ਹੁੰਦਾ।

## ਪੰਜਾਬ ਬੰਦ ਵੇਲੇ ਹਿੰਸਕ ਝੜਪਾਂ, ਨਕੋਦਰ ਵਿੱਚ ਚੱਲੀ ਗੋਲੀ

### * ਫਾਜ਼ਿਲਕਾ ਵਿੱਚ ਵੀ ਝੜਪਾਂ, ਅੰਮ੍ਰਿਤਸਰ 'ਚ ਟਰੇਨ ਰੋਕੀ ਗਈ



ਜਲੰਧਰ, 8 ਸਤੰਬਰ (ਪੋਸਟ ਬਿਊਰੋ)- ਇੱਕ ਨਿੱਜੀ ਟੀ ਵੀ ਚੈਨਲ ਉੱਤੇ ਪੇਸ਼ ਹੋ ਰਹੇ ਸੀਰੀਅਲ 'ਰਾਮ ਸੀਆ ਕੇ ਲਵ ਕੁਸ਼' ਵਿੱਚ ਭਗਵਾਨ ਵਾਲਮੀਕ ਦੀ ਜੀਵਨੀ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੇ ਦੋਸ਼ ਹੇਠ ਵਾਲਮੀਕ ਭਾਈਚਾਰੇ ਦੇ ਲੋਕਾਂ ਨੇ ਇਸ ਸੀਰੀਅਲ ਬੰਦ ਕਰਵਾਉਣ ਦੀ ਮੰਗ ਲਈ ਸ਼ਨੀਵਾਰ ਨੂੰ ਬੰਦ ਦਾ ਸੱਦਾ ਦਿੱਤਾ ਸੀ। ਭਗਵਾਨ ਵਾਲਮੀਕ ਟਾਈਗਰ ਫੋਰਸ, ਆਲ ਇੰਡੀਆ ਐਕਸ਼ਨ ਕਮੇਟੀ ਅਤੇ ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਦੇ ਸੱਦੇ ਉਤੇ ਬੰਦ ਦੇ ਦੌਰਾਨ ਵੱਖ-ਵੱਖ ਥਾਵਾਂ 'ਤੇ ਹਿੰਸਕ ਝੜਪਾਂ ਹੋਣ ਕਾਰਨ ਕਈ ਵਿਅਕਤੀ ਜ਼ਖਮੀ ਹੋ ਗਏ।

ਇਸ ਮੌਕੇ ਵਿਖਾਵਾਕਾਰੀਆਂ ਨੇ ਜਲੰਧਰ ਵਿੱਚ ਸੜਕਾਂ ਉਤੇ ਟਾਇਰ ਰੱਖ ਕੇ ਅੱਗ ਲਾ ਦਿੱਤੀ। ਨਕੋਦਰ ਰੋਡ, ਲੰਮਾ ਪਿੰਡ ਤੇ ਪਠਾਨਕੋਟ ਚੌਕ 'ਤੇ ਟਰੈਫਿਕ ਪੂਰੀ ਤਰ੍ਹਾਂ ਰੋਕ ਦਿੱਤਾ ਗਿਆ ਅਤੇ ਅੰਮ੍ਰਿਤਸਰ ਅਤੇ ਜੰਮੂ ਜਾਣ ਵਾਲੀਆਂ ਹਜ਼ਾਰਾਂ ਮੋਟਰ ਗੱਡੀਆਂ ਜਾਮ ਵਿੱਚ ਫਸ ਗਈਆਂ। ਨਕੋਦਰ ਵਿੱਚ ਬੰਦ ਦੌਰਾਨ ਬਾਬਾ ਮੁਰਾਦ ਸ਼ਾਹ ਰੋਡ ਉਤੇ ਇੱਕ ਦੁਕਾਨ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਜਦੋਂ ਰੋਕਿਆ ਗਿਆ ਤਾਂ ਦੁਕਾਨ ਮਾਲਕ ਨੇ ਆਪਣੇ ਬਚਾਅ ਲਈ ਗੋਲੀ ਚਲਾ ਦਿੱਤੀ, ਜਿਸ ਦੇ ਨਾਲ ਇੱਕ ਵਿਅਕਤੀ ਜ਼ਖਮੀ ਹੋ ਗਿਆ। ਅੰਮ੍ਰਿਤਸਰ ਵਿੱਚ ਵੱਲਾ ਰੇਲਵੇ ਫਾਟਕ 'ਤੇ ਸ਼ਤਾਬਦੀ ਟਰੇਨ ਚਾਲੀ ਮਿੰਟ ਰੋਕ ਕੇ ਰੱਖੀ ਗਈ। ਫਾਜ਼ਿਲਕਾ ਵਿੱਚ ਦੁਕਾਨਦਾਰਾਂ ਅਤੇ ਵਾਲਮੀਕ ਭਾਈਚਾਰੇ ਦੇ ਲੋਕਾਂ ਵਿੱਚ ਝੜਪਾਂ ਹੋਈਆਂ। ਇੱਕ ਚੈਨਲ ਉੱਤੇ ਪੇਸ਼ ਹੁੰਦੇ ਸੀਰੀਅਲ 'ਰਾਮ ਸੀਆ ਕੇ ਲਵ ਕੁਸ਼' ਬਾਰੇ ਵਾਲਮੀਕ ਸਮਾਜ ਦੇ ਵਿਰੋਧ ਪਿੱਛੋਂ ਪੰਜਾਬ ਸਰਕਾਰ ਨੇ ਇਸ ਦਾ ਪ੍ਰਸਾਰਨ ਰੋਕ ਦਿੱਤਾ ਹੈ। ਇਸ ਨਿਰਦੇਸ਼ ਪਿੱਛੋਂ ਸਭ ਜ਼ਿਲ੍ਹਾ ਅਧਿਕਾਰੀਆਂ ਨੇ ਇੱਕ ਮਹੀਨੇ ਲਈ ਸੀਰੀਅਲ ਨੂੰ ਸਸਪੈਂਡ ਕਰ ਦਿੱਤਾ ਹੈ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮੁੱਦੇ ਉੱਤੇ ਵਾਲਮੀਕ ਭਾਈਚਾਰੇ ਦੀਆਂ ਭਾਵਨਾਵਾਂ ਦੀ ਪੂਰੀ ਕਦਰ ਕਰਦਿਆਂ ਭਾਰਤ ਸਰਕਾਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਡੀ ਟੀ ਐੱਚ ਉਪਰ ਇਸ ਲੜੀਵਾਰ ਦੇ ਟੈਲੀਕਾਸਟ ਨੂੰ ਤੁਰੰਤ ਬੰਦ ਕੀਤਾ ਜਾਵੇ।

## ਨਾਜਾਇਜ਼ ਸੰਬੰਧਾਂ ਦੇ ਸ਼ੱਕ ਵਿੱਚ ਨੌਜਵਾਨ ਦੀ ਹੱਤਿਆ

ਮੁਕਤਸਰ, 8 ਸਤੰਬਰ (ਪੋਸਟ ਬਿਊਰੋ)- ਲੰਬੀ ਹਲਕੇ ਦੇ ਪਿੰਡ ਸ਼ੇਰਾਂਵਾਲੀ ਵਿੱਚ ਇੱਕ ਵਿਅਕਤੀ ਨੇ ਆਪਣੀ ਧੀ ਨਾਲ ਨਾਜਾਇਜ਼ ਸੰਬੰਧਾਂ ਦੇ ਸ਼ੱਕ ਵਿੱਚ ਨੌਜਵਾਨ ਦਾ ਕਤਲ ਕਰ ਕੇ ਉਸ ਲਾਸ਼ ਦੀ ਘਰ ਟਾਇਲਟ ਦੀ ਖੂਹੀ ਵਿੱਚ ਦੱਬ ਦਿੱਤੀ। ਪੁਲਸ ਨੇ ਦੋਸ਼ੀ ਲਾਭ ਸਿੰਘ ਨੂੰ ਕਾਬੂ ਕਰ ਕੇ ਲਾਸ਼ ਬਰਾਮਦ ਕਰ ਲਈ ਹੈ।

ਐੱਸ ਪੀ ਮਲੋਟ ਮਨਵਿੰਦਰਬੀਰ ਸਿੰਘ ਦੇ ਮੁਤਾਬਕ 25 ਅਗਸਤ ਨੂੰ ਬਲਵੰਤ ਸਿੰਘ ਪਿੰਡ ਸ਼ੇਰਾਂਵਾਲੀ ਨੇ ਥਾਣਾ ਲੰਬੀ ਪੁਲਸ ਨੂੰ ਸ਼ਿਕਾਇਤ ਦਿੱਤੀ ਕਿ ਉਸ ਦਾ ਭਤੀਜਾ ਕੰਵਲਜੀਤ ਸਿੰਘ ਪੁੱਤਰ ਲਖਵਿੰਦਰ ਸਿੰਘ ਬੀਤੀ 24 ਅਗਸਤ ਤੋਂ ਲਾਪਤਾ ਸੀ ਅਤੇ ਉਸ ਨੇ ਆਪਣੀ ਪਤਨੀ ਨੂੰ ਫੋਨ ਕੀਤਾ ਸੀ ਕਿ ਉਹ ਬੈਂਕ ਵਿੱਚ ਪੈਸੇ ਕਢਵਾਉਣ ਆਇਆ ਹੈ, ਪਰ ਉਸ ਦੇ ਬਾਅਦ ਉਸ ਦਾ ਫੋਨ ਬੰਦ ਹੋ ਗਿਆ। ਓਦੋਂ ਤੋਂ ਉਹ ਉਸ ਦੀ ਤਲਾਸ਼ ਕਰ ਰਹੇ ਸਨ। ਐੱਸ ਪੀ ਮਨਵਿੰਦਰਬੀਰ ਦਾ ਕਹਿਣਾ ਹੈ ਕਿ ਛੇ ਸਤੰਬਰ ਨੂੰ ਪਿੰਡ ਦੇ ਸਾਬਕਾ ਸਰਪੰਚ ਹਰਜਿੰਦਰ ਸਿੰਘ ਨੇ ਲਾਭ ਸਿੰਘ ਵਾਸੀ ਸ਼ੇਰਾਂਵਾਲਾ ਨੂੰ ਥਾਣਾ ਲੰਬੀ ਵਿੱਚ ਪੇਸ਼ ਕੀਤਾ ਤਾਂ ਲਾਭ ਸਿੰਘ ਨੇ ਮੰਨਿਆ ਕਿ ਉਸ ਨੂੰ ਸ਼ੱਕ ਸੀ ਕਿ ਕੰਵਲਜੀਤ ਸਿੰਘ ਦੇ ਉਸ ਦੀ ਬੇਟੀ ਨਾਲ ਸੰਬੰਧ ਸਨ, ਇਸ ਲਈ ਉਸ ਨੇ ਕੰਵਲਜੀਤ ਦਾ ਕਤਲ ਕਰ ਕੇ ਲਾਸ਼ ਨੂੰ ਆਪਣੇ ਘਰ ਟੋਆ ਪੁੱਟ ਕੇ ਦੱਬ ਦਿੱਤਾ ਹੈ।

### ਆਮ ਆਦਮੀ ਪਾਰਟੀ ਦਾ ਕਲੇਸ਼

## ਅਮਨ ਅਰੋੜਾ ਵੱਲੋਂ ਪਾਰਟੀ ਹਾਈ ਕਮਾਨ ਅਤੇ ਭਗਵੰਤ ਮਾਨ ਵੱਲ ਚਿੱਠੀ

ਚੰਡੀਗੜ੍ਹ, 8 ਸਤੰਬਰ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦਾ ਅੰਦਰੂਨੀ ਝਗੜਾ ਰੁਕਣ ਦੀ ਥਾਂ ਵਧਦਾ ਜਾ ਰਿਹਾ ਦਿਖਾਈ ਦੇਂਦਾ ਹੈ। ਕਈ ਧੜਿਆਂ ਵਿਚ ਪਾਟਣ ਅਤੇ ਲੋਕ ਸਭਾ ਚੋਣਾਂ ਵਿਚ ਉਮੀਦਵਾਰਾਂ ਦੀਆਂ ਜ਼ਮਾਨਤਾਂ ਜਬਤ ਹੋ ਜਾਣ ਦੇ ਬਾਵਜੂਦ ਇਸ ਪਾਰਟੀ ਦੇ ਪੰਜਾਬ ਦੇ ਲੀਡਰਾਂ ਨੇ ਸਬਕ ਨਹੀਂ ਸਿੱਖਿਆ ਜਾਪਦਾ।

ਪਿਛਲੇ ਦੋ ਦਿਨਾਂ ਤੋਂ ਸੁਨਾਮ ਹਲਕੇ ਦੇ ਵਿਧਾਇਕ ਅਮਨ ਅਰੋੜਾ ਬਾਰੇ ਚੱਲਦੇ ਵਿਵਾਦ ਵਿੱਚ ਅੱਜ ਅਮਨ ਅਰੋੜਾ ਨੇ ਦਿੱਲੀ ਦੇ ਉਪ ਮੁੱਖ ਮੰਤਰੀ ਮੁਨੀਸ਼ ਸਸੋਦੀਆ ਦਾ ਨਾਮ ਵਰਤ ਕੇ ਜਸਬੀਰ ਸਿੰਘ ਬੀਰ ਵਲੋਂ ਉਨ੍ਹਾਂ (ਅਮਨ ਅਰੋੜਾ) ਦੇ ਖਿਲਾਫ਼ ਕੀਤੇ ਜਾ ਰਹੇ ਗਲਤ ਪ੍ਰਚਾਰ ਦੀ ਜਾਂਚ ਕਰਨ ਅਤੇ ਕੋਈ ਯੋਗ ਫ਼ੈਸਲਾ ਲੈਣ ਲਈ ਪੰਜਾਬ ਦੇ ਪਾਰਟੀ ਪ੍ਰਧਾਨ ਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੂੰ ਪੱਤਰ ਲਿਖ ਦਿੱਤਾ ਹੈ। ਵਰਨਣ ਯੋਗ ਹੈ ਕਿ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਪਿਛਲੇ ਦਿਨਾਂ ਤੋਂ ਵਾਰ-ਵਾਰ ਪਾਰਟੀ ਵਿਚ ਗੁੱਟਬਾਜ਼ੀ ਨਾ ਹੋਣ ਦਾ ਦਾਅਵਾ ਕਰਦੇ ਰਹੇ ਸਨ, ਪਰ ਅਮਨ ਅਰੋੜਾ ਦੇ ਪੱਤਰ ਲਿਖਣ ਤੋਂ ਸਾਫ ਹੋ ਗਿਆ ਹੈ ਕਿ ਪਾਰਟੀ ਵਿਚ ਸਭ ਕੁਝ ਠੀਕ ਨਹੀਂ। ਪਾਰਟੀ ਦੇ ਅੰਦਰਲੇ ਸੂਤਰਾਂ ਮੁਤਾਬਕ ਕੁਝ ਆਗੂ ਸਮਝਦੇ ਹਨ ਕਿ ਅਮਨ ਅਰੋੜਾ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਸਾਬਕਾ ਆਗੂ ਸੁਖਪਾਲ ਸਿੰਘ ਖਹਿਰਾ ਦੇ ਰਾਹ ਉੱਤੇ ਚੱਲਦੇ ਹੋਣ ਨਾਲ ਵਿਵਾਦ ਹੋਇਆ ਹੈ। ਅਮਨ ਅਰੋੜਾ ਨੇ ਪਾਰਟੀ ਪ੍ਰਧਾਨ ਨੂੰ ਲਿਖੀ ਚਿੱਠੀ ਵਿਚ ਦੱਸਿਆ ਹੈ ਕਿ ਜਦੋਂ ਉਹ ਅਕਾਲੀ ਆਗੂਆਂ ਵਲੋਂ ਪਾਰਟੀ ਉੱਤੇ ਲਾਏ ਗਲਤ ਦੋਸ਼ਾਂ ਦੇ ਵਿਰੁੱਧ ਆਪਣੇ ਸਾਥੀ ਵਿਧਾਇਕਾਂ ਕੁਲਤਾਰ ਸਿੰਘ ਸੰਧਵਾਂ, ਕੁਲਵੰਤ ਸਿੰਘ ਪੰਡੋਰੀ ਨਾਲ ਪ੍ਰੈਸ ਕਾਨਫਰੰਸ ਕਰ ਰਹੇ ਤਾਂ ਦੂਜੇ ਪਾਸੇ ਆਪਣੇ ਆਪ ਨੂੰ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਦਾ ਮੈਂਬਰ ਕਹਿੰਦੇ ਜਸਬੀਰ ਸਿੰਘ ਬੀਰ ਨੇ



ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦਾ ਨਾਂ ਵਰਤ ਕੇ ਸਾਨੂੰ ਪਾਰਟੀ ਦਾ ਅਨੁਸਾਸ਼ਨ ਭੰਗ ਕਰਨ ਦੇ ਦੋਸ਼ ਹੇਠ ਵਰਜਣ ਦੀਆਂ ਖ਼ਬਰਾਂ ਦੇ ਦਿੱਤੀਆਂ। ਉਨ੍ਹਾਂ ਲਿਖਿਆ ਕਿ ਪਾਰਟੀ ਜਾਂ ਅਨੁਸ਼ਾਸ਼ਨ ਬਾਰੇ ਕਮੇਟੀ ਵਲੋਂ ਅਜੇ ਤੱਕ ਉਨ੍ਹਾਂ ਨੂੰ ਕੋਈ ਨੋਟਿਸ ਤੱਕ ਵੀ ਨਹੀਂ ਮਿਲਿਆ, ਜਿਸ ਦਾ ਉਹ ਜਵਾਬ ਦੇ ਸਕਣ। ਅਮਨ ਅਰੋੜਾ ਦਾ ਕਹਿਣਾ ਹੈ ਕਿ ਮਨੀਸ਼ ਸਿਸੋਦੀਆ ਦਾ ਨਾਂ ਵਰਤ ਕੇ ਗਲਤ ਪ੍ਰਚਾਰ ਕਰ ਕੇ ਪਾਰਟੀ ਦਾ ਨੁਕਸਾਨ ਕਰਨ ਤੇ ਵਲੰਟੀਅਰਾਂ ਵਿਚ ਖੜੋ ਕੇ ਪਾਰਟੀ ਵਿੱਚ ਏਕੇ ਦੀ ਕਮੀ ਦਾ ਸੁਨੇਹਾ ਦੇਣ ਪਿੱਛੇ ਕੀ ਮੰਤਵ ਜਾਂ ਕਿਸ ਦੀ ਸਾਜਿਸ਼ ਹੈ, ਇਸ ਦੀ ਜਲਦੀ ਜਾਂਚ ਕਰ ਕੇ ਕੋਈ ਫੈਸਲਾ ਲਿਆ ਜਾਣਾ ਚਾਹੀਦਾ ਹੈ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਜਸਬੀਰ ਸਿੰਘ ਬੀਰ ਦੇ ਨਾਮ ਹੇਠ ਅਮਨ ਅਰੋੜਾ ਨੂੰ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾਉਣ ਤੇ ਉਸ ਦੇ ਖਿਲਾਫ ਕਾਰਵਾਈ ਬਾਰੇ ਖ਼ਬਰ ਛਪੀ ਤਾਂ ਪਾਰਟੀ ਪ੍ਰਧਾਨ ਭਗਵੰਤ ਮਾਨ ਤੇ ਕੋਰ ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ ਨੇ ਹੋਰ ਵਿਧਾਇਕਾਂ ਦੇ ਨਾਲ ਇਸ ਖ਼ਬਰ ਨੂੰ ਗਲਤ ਕਿਹਾ ਅਤੇ ਜਸਬੀਰ ਸਿੰਘ ਬੀਰ ਨੂੰ ਅਨੁਸ਼ਾਸਨ ਭੰਗ ਕਰਨ ਦਾ ਨੋਟਿਸ ਜਾਰੀ ਕਰਨ ਬਾਰੇ ਬਿਆਨ ਦਿੱਤਾ ਸੀ। ਪਾਰਟੀ ਸੂਤਰਾਂ ਅਨੁਸਾਰ ਜਸਬੀਰ ਸਿੰਘ ਬੀਰ ਨੂੰ ਅਨੁਸ਼ਾਸ਼ਨ ਭੰਗ ਕਰਨ ਦਾ ਨੋਟਿਸ ਭੇਜ ਦਿੱਤਾ ਹੈ ਅਤੇ ਕੁਝ ਵਿਧਾਇਕ ਜਸਬੀਰ ਸਿੰਘ ਬੀਰ ਨੂੰ ਬਾਹਰ ਦਾ ਰਸਤਾ ਦਿਖਾਉਣ ਅਤੇ ਕੁਝ ਹੋਰ ਵਿਧਾਇਕ ਤਾੜਨਾ ਕਰਨ ਦੀ ਰਾਏ ਦੇ ਰਹੇ ਹਨ।

## ਪਿਆਰ ਵਿੱਚ ਪਹਿਲਾਂ ਵੀਡੀਓ ਬਣਾਈ, ਫਿਰ ਲੜਕੀ ਦੇ ਘਰ ਅੱਗੇ ਜ਼ਹਿਰ ਖਾ ਕੇ ਜਾਨ ਦਿੱਤੀ

ਦਿੜਬਾ (ਸੰਗਰੂਰ), 8 ਸਤੰਬਰ (ਪੋਸਟ ਬਿਊਰੋ)- ਪਿੰਡ ਸ਼ਾਦੀਹਰੀ ਵਿੱਚ ਪ੍ਰੇਮ ਚੱਕਰ ਵਿੱਚ ਇੱਕ ਨੌਜਵਾਨ ਨੇ ਪ੍ਰੇਮਿਕਾ ਦੇ ਘਰ ਅੱਗੇ ਕੱਲ੍ਹ ਸਵੇਰੇ ਤਿੰਨ ਵਜੇ ਜਾ ਕੇ ਜ਼ਹਿਰ ਖਾ ਕੇ ਜਾਨ ਦੇ ਦਿੱਤੀ। ਜਦ ਲੋਕਾਂ ਨੇ ਲਾਸ਼ ਦੇਖ ਕੇ ਪੁਲਸ ਨੂੰ ਸੂਚਨਾ ਦਿੱਤੀ। ਉਸ ਦੀ ਪਛਾਣ ਪਿੰਡ ਸ਼ਾਦੀਹਰੀ ਦੇ ਬਿੱਟੂ ਸਿੰਘ (26) ਪੁੱਤਰ ਗੁਲਜਾਰ ਸਿੰਘ ਵਜੋਂ ਹੋਈ ਹੈ।

ਪੁਲਸ ਦੇ ਅਨੁਸਾਰ ਨੌਜਵਾਨ ਨੇ ਖੁਦਕੁਸ਼ੀ ਕਰਨ ਤੋਂ ਪਹਿਲਾਂ ਸ਼ੁੱਕਰਵਾਰ ਅੱਧੀ ਰਾਤ ਵੇਲੇ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਅਪਲੋਡ ਕਰ ਕੇ ਉਸ ਵਿੱਚ ਕਿਹਾ ਕਿ ਉਹ ਇੱਕ ਲੜਕੀ ਨੂੰ ਬਹੁਤ ਪਿਆਰ ਕਰਦਾ ਹੈ, ਪਰ ਉਸ ਨੇ ਧੋਖਾ ਕੀਤਾ। ਵੀਡੀਓ ਵਿੱਚ ਰਾਤ ਨੂੰ ਲੜਕੀ ਦੇ ਘਰ ਜਾਣ ਅਤੇ ਖੁਦਕੁਸ਼ੀ ਦੀ ਗੱਲ ਵੀ ਉਸ ਨੇ ਕਹੀ ਤੇ ਆਪਣੀ ਮੌਤ ਦੇ ਲਈ ਲੜਕੀ ਅਤੇ ਉਸੇ ਦੇ ਦੋ ਚਚੇਰੇ ਭਰਾਵਾਂ ਨੂੰ ਜ਼ਿੰਮੇਵਾਰ ਕਿਹਾ ਹੈ। ਦੂਜੇ ਪਾਸੇ ਲੜਕੀ ਦਾ ਦੋਸ਼ ਹੈ ਕਿ ਨੌਜਵਾਨ ਨੇ ਉਸ ਨੂੰ ਪ੍ਰੇਮ ਵਿੱਚ ਫਸਾ ਕੇ ਉਸ ਨਾਲ ਸੰਬੰਧ ਬਣਾਏ ਅਤੇ ਉਸ ਦੀਆਂ



ਅਸ਼ਲੀਲ ਵੀਡੀਓ ਅਤੇ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਦੀ ਧਮਕੀ ਦੇ ਕੇ ਬਲੈਕਮੇਲ ਕਰਦਾ ਸੀ। ਉਸੇ ਕਾਰਨ ਦੁਖੀ ਹੋ ਕੇ ਉਸ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ।

ਐੱਸ ਐੱਚ ਓ ਦਿੜਬਾ ਮੇਜਰ ਸਿੰਘ ਨੇ ਕਿਹਾ ਕਿ ਇੱਕ ਦਿਨ ਪਹਿਲਾਂ ਲੜਕੀ ਨੇ ਬਿੱਟੂ ਉੱਤੇ ਬਲਾਤਕਾਰ ਦਾ ਕੇਸ ਦਰਜ ਕਰਾਇਆ ਅਤੇ ਪੁਲਸ ਨੂੰ ਦੱਸਿਆ ਸੀ ਕਿ ਬਿੱਟੂ ਉਸ ਨੂੰ ਅਸ਼ਲੀਲ ਵੀਡੀਓ ਅਤੇ ਫੋਟੋ ਦਿਖਾ ਕੇ ਬਲੈਕਮੇਲ ਕਰ ਕੇ ਕਹਿੰਦਾ ਹੈ ਕਿ ਜੇ ਉਹ ਨਾ ਮਿਲੀ ਤਾਂ ਵੀਡੀਓ ਅਤੇ ਫੋਟੋ ਵਾਇਰਲ ਕਰ ਦੇਵੇਗਾ। ਪੁਲਸ ਨੇ ਲੜਕੀ ਅਤੇ ਉਸ ਦੇ ਚਚੇਰੇ ਭਰਾ ਬਿੱਕਰ ਸਿੰਘ ਤੇ ਤਰਸੇਮ ਸਿੰਘ ਉੱਤੇ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਕੇਸ ਦਰਜ ਕੀਤਾ ਹੈ।

## ਪਿੰਡ ਬਰਵਾਲਾ ਦੇ ਸਰਪੰਚ ਨੇ ਵੀਡੀਓ ਬਣਾ ਕੇ ਖੁਦਕੁਸ਼ੀ ਕੀਤੀ


ਮਾਛੀਵਾੜਾ ਸਾਹਿਬ, 8 ਸਤੰਬਰ (ਪੋਸਟ ਬਿਊਰੋ)- ਹਲਕਾ ਸਾਹਨੇਵਾਲ ਦੇ ਪਿੰਡ ਬਰਵਾਲਾ ਦੇ ਸਰਪੰਚ ਬਾਬਾ ਗੁਰਦੀਪ ਸਿੰਘ ਨੇ ਕੱਲ੍ਹ ਸਵੇਰੇ ਆਪਣੇ ਘਰ ਕੋਈ ਜ਼ਹਿਰੀਲੀ ਵਸਤੂ ਖਾ ਕੇ ਖੁਦਕੁਸ਼ੀ ਕਰ ਲਈ, ਪਰ ਇਸ ਤੋਂ ਪਹਿਲਾਂ ਵੀਡੀਓ ਵੀ ਵਾਇਰਲ ਕੀਤੀ, ਜਿਸ ਵਿੱਚ ਉਸ ਨੇ ਆਪਣੇ ਪੈਸੇ ਹੜੱਪਣ ਵਾਲਿਆਂ ਬਾਰੇ ਦੱਸਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਗ੍ਰਾਮ ਪੰਚਾਇਤ ਬਰਵਾਲਾ ਦੇ ਲੈਟਰ ਪੈਡ ਉੱਤੇ ਲਿਖੇ ਖੁਦਕੁਸ਼ੀ ਨੋਟ ਵਿੱਚ ਸਰਪੰਚ ਬਾਬਾ ਗੁਰਦੀਪ ਸਿੰਘ ਨੇ ਲਿਖਿਆ ਕਿ ਮੇਰੇ ਮਰਨ ਦਾ ਕਾਰਨ ਚਾਰ ਜਣੇ ਬਲਵਿੰਦਰ ਸਿੰਘ, ਗੁਰਜੀਤ ਸਿੰਘ, ਕੁਲਦੀਪ ਸਿੰਘ ਤੇ ਗੁਰਦੀਪ ਸਿੰਘ ਹਨ, ਜਿਨ੍ਹਾਂ ਨੇ ਮੇਰੇ ਨਾਲ ਧੋਖਾ ਕੀਤਾ ਹੈ। ਉਨ੍ਹਾਂ ਲਿਖਿਆ ਕਿ ਬਲਵਿੰਦਰ ਸਿੰਘ ਪੱਪੂ ਤੋਂ ਮੈਂ 9 ਲੱਖ ਰੁਪਏ ਲੈਣੇ ਸਨ, ਇਕ ਲੱਖ 50 ਹਜ਼ਾਰ ਰੁਪਏ ਕੁਲਦੀਪ ਸਿੰਘ ਤੋਂ ਲੈਣੇ ਹਨ। ਖੁਦਕੁਸ਼ੀ ਨੋਟ ਵਿੱਚ ਲਿਖਿਆ ਹੈ ਕਿ 10 ਲੱਖ ਰੁਪਏ ਬਾਬਾ ਸ਼ਬੇਗ ਸਿੰਘ ਕਾਰ ਸੇਵਾ ਵਾਲਿਆਂ ਤੋਂ ਲੈਣੇ ਹਨ। ਮ੍ਰਿਤਕ ਸਰਪੰਚ ਨੇ ਲਿਖਿਆ ਹੈ ਕਿ ਇਨ੍ਹਾਂ ਸਾਰੇ ਪੈਸਿਆਂ ਦੀ ਹੱਕਦਾਰ ਮੇਰੀ ਪਤਨੀ ਰਮਨਦੀਪ ਕੌਰ ਤੇ ਬੇਟੀ ਜਸਨੀਤ ਕੌਰ ਹਨ। ਮਰਨ ਤੋਂ ਪਹਿਲਾਂ ਉਸ ਨੇ ਇਕ ਹੋਰ ਕਾਗਜ਼ ਉੱਤੇ ਲੈਣ ਦੇਣ ਦਾ ਹਿਸਾਬ ਵੀ ਲਿਖ ਛੱਡਿਆ ਹੈ। ਕੇਸ ਦੀ ਜਾਂਚ ਕਰ ਰਹੇ ਕੂੰਮਕਲਾਂ ਦੇ ਥਾਣੇਦਾਰ ਰਣਧੀਰ ਸਿੰਘ ਨੇ ਦੱਸਿਆ ਕਿ ਖੁਦਕੁਸ਼ੀ ਨੋਟ ਵਿੱਚ ਲਿਖੇ ਚਾਰ ਵਿਅਕਤੀਆਂ ਉੱਤੇ 306 ਦਾ ਕੇਸ ਦਰਜ ਕੀਤਾ ਗਿਆ, ਪਰ ਅਜੇ ਕਿਸੇ ਵੀ ਵਿਅਕਤੀ ਦੀ ਗ੍ਰਿਫਤਾਰੀ ਨਹੀਂ ਪਾਈ ਗਈ। ਪਿੰਡ ਦੇ ਲੋਕਾਂ ਅਨੁਸਾਰ ਬਾਬਾ ਗੁਰਦੀਪ ਸਿੰਘ ਸਰਪੰਚ ਬਹੁਤ ਮਿਲਣਸਾਰ ਤੇ ਹਰਮਨ ਪਿਆਰਾ ਵਿਅਕਤੀ ਸੀ। ਉਸ ਨੇ ਕਈ ਗਰੀਬ ਪਰਵਾਰਾਂ ਦੀਆਂ ਲੜਕੀਆਂ ਦੇ ਵਿਆਹਾਂ ਦੇ ਲਈ ਮਦਦ ਕੀਤੀ ਸੀ। ਅਨੇਕਾਂ ਲੋਕਾਂ ਨੂੰ ਮਕਾਨ ਬਣਾਉਣ ਵਿੱਚ ਮਦਦ ਕੀਤੀ ਅਤੇ ਖੇਡਣ ਵਾਲੇ ਨੌਜਵਾਨਾਂ ਨੂੰ ਮ੍ਰਿਤਕ ਸਰਪੰਚ ਵੱਲੋਂ ਦੇਸੀ ਘਿਓ ਦੇ ਪੀਪੇ ਤੇ ਬਦਾਮਾਂ ਦੀਆਂ ਬੋਰੀਆਂ ਵੀ ਦਿੱਤੀਆਂ ਸਨ।

## ਵਿਦੇਸ਼ ਭੇਜਣ ਦੇ ਨਾਂਅ ਉੱਤੇ 76 ਲੱਖ ਦੀ ਠੱਗੀ, ਕਾਰ ਏਜੰਸੀ ਦੇ ਮਾਲਕ ਸਮੇਤ ਪੰਜਾਂ ਉੱਤੇ ਕੇਸ ਦਰਜ

ਜਲੰਧਰ, 8 ਸਤੰਬਰ (ਪੋਸਟ ਬਿਊਰੋ)- ਕਾਰਾਂ ਦੀ ਖਰੀਦ-ਵਿਕਰੀ ਦੇ ਓਹਲੇ ਹੇਠ ਟਰੈਵਲ ਏਜੰਟ ਦਾ ਧੰਦਾ ਕਰਦੇ ਨਿਊ ਸੁਪਰੀਮ ਕਾਰ ਏਜੰਸੀ ਦੇ ਮਾਲਕ ਸਮੇਤ ਪੰਜ ਜਣਿਆਂ ਖਿਲਾਫ ਠੱਗੀ ਦਾ ਕੇਸ ਦਰਜ ਹੋਇਆ ਹੈ। ਇਨ੍ਹਾਂ ਨੇ ਵਿਦੇਸ਼ ਜਾਣ ਦੇ ਚਾਹਵਾਨ 150 ਲੋਕਾਂ ਨੂੰ ਜਾਲ ਵਿੱਚ ਫਸਾਇਆ ਤੇ ਨਕਲੀ ਵੀਜ਼ਾ ਦਿਖਾ ਕੇ 76 ਲੱਖ ਰੁਪਏ ਠੱਗ ਲਏ। ਦੋਸ਼ੀਆਂ ਦੀ ਪਛਾਣ ਬੀ ਐੱਮ ਸੀ ਚੌਕ ਨੇੜੇ ਨਿਊ ਸੁਪਰੀਮ ਕਾਰ ਏਜੰਸੀ ਦੇ ਮਾਲਕ ਗੋਲਡਨ ਐਵੇਨਿਊ ਵਾਸੀ ਦਿਨੇਸ਼ ਚੋਪੜਾ, ਛੋਟੀ ਬਾਰਾਂਦਰੀ ਦੇ ਵਾਸੀ ਬਲਜਿੰਦਰਪਾਲ ਸਿੰਘ ਉਰਫ ਸੀਟੂ, ਤਰਨ ਤਾਰਨ ਦੇ ਪਿੰਡ ਕੋਟਲੀ ਸਰੂਖਾਂ ਦੇ ਬਲਜੀਤ ਸਿੰਘ, ਫਿਲੌਰ ਦੇ ਪਿੰਡ ਖਾਨਪੁਰ ਦੀ ਰਵੀਨਾ ਰਾਣੀ ਤੇ ਇੱਕ ਅਣਪਛਾਤੇ ਵਿਅਕਤੀ ਵਜੋਂ ਹੋਈ ਹੈ।

ਇਸ ਤੋਂ ਪਹਿਲਾਂ ਪੁਲਸ ਲਾਈਨ ਦੀ ਪਰਮਜੀਤ ਕੌਰ ਪਤਨੀ ਅਸ਼ਵਨੀ ਕੁਮਾਰ ਨੇ ਪੁਲਸ ਨੂੰ ਸ਼ਿਕਾਇਤ ਦੱਸਿਆ ਸੀ ਕਿ ਉਹ ਦਿਨੇਸ਼ ਚੋਪੜਾ ਕੋਲ ਕੰਮ ਕਰਦੀ ਸੀ, ਜਿਸ ਦੇ ਜਲੰਧਰ, ਅੰਮ੍ਰਿਤਸਰ ਅਤੇ ਦਿੱਲੀ 'ਚ ਟਰੈਵਲ ਏਜੰਟ ਦੇ ਦਫਤਰ ਹਨ। ਇਨ੍ਹਾਂ ਕੋਲ ਕੰਮ ਕਰਦਿਆਂ ਉਹ



ਉਨ੍ਹਾਂ ਦੇ ਝਾਂਸੇ ਵਿੱਚ ਆ ਗਈ ਅਤੇ ਉਸ ਦੇ ਕਹਿਣ ਉਤੇ ਕਾਫੀ ਲੋਕਾਂ ਨੂੰ ਵਿਦੇਸ਼ ਜਾਣ ਲਈ ਇਨ੍ਹਾਂ ਨਾਲ ਮਿਲਾਇਆ ਸੀ, ਜਿਨ੍ਹਾਂ ਵਿੱਚੋਂ 150 ਅਜਿਹੇ ਲੋਕਾਂ ਨੂੰ ਦੋਸ਼ੀਆਂ ਨੇ ਜਾਅਲੀ ਵੀਜ਼ਾ ਦਿਖਾ ਕੇ ਕੁੱਲ 76 ਲੱਖ ਰੁਪਏ ਠੱਗ ਲਏ। ਉਨ੍ਹਾਂ ਨੇ ਪਹਿਲਾਂ ਮਾਰਚ 2019 ਦੇ ਦੂਜੇ ਹਫਤੇ ਕਰਤਾਰਪੁਰ ਦੇ ਮੈਗਨੋਲੀਆ ਹੋਟਲ ਦੇ ਕਮਰੇ ਵਿੱਚ ਕੁਝ ਲੋਕਾਂ ਤੋਂ ਨਕਦੀ ਅਤੇ ਉਨ੍ਹਾਂ ਦੇ ਪਾਸਪੋਰਟ ਲਏ। ਫਿਰ ਵੱਖ-ਵੱਖ ਤਰੀਕਾਂ ਨੂੰ ਹੋਰ ਲੋਕਾਂ ਤੋਂ ਨਕਦੀ ਅਤੇ ਪਾਸਪੋਰਟ ਲਏ, ਪਰ ਜਿਹੜੇ ਵੀਜ਼ੇ ਦਿਖਾ ਕੇ ਪੈਸੇ ਲਏ ਸਨ, ਉਹ ਸਭ ਜਾਅਲੀ ਨਿਕਲੇ।

ਜਾਂਚ ਦੌਰਾਨ ਪੁਲਸ ਪੁੱਛਗਿੱਛ ਵਿੱਚ ਦੋਸ਼ੀ ਬਲਜੀਤ ਸਿੰਘ ਸੰਧੂ ਨੇ ਮੰਨਿਆ ਕਿ ਉਹ ਲੋਕਾਂ ਨੂੰ ਵਿਦੇਸ਼ ਭੇਜਣ ਦਾ ਕੰਮ ਕਰਦੇ ਹਨ। ਉਸ ਦੇ ਕਬਜ਼ੇ 'ਚੋਂ 150 ਲੋਕਾਂ ਦੇ ਪਾਸਪੋਰਟ ਵੀ ਹਨ। ਰੂਰਲ ਜ਼ਿਲੇ ਦੀ ਪੁਲਸ ਦੀ ਆਰਥਿਕ ਅਪਰਾਧ ਸੈਲ ਨੇ ਜਾਂਚ ਰਿਪੋਰਟ ਵਿੱਚ ਲਿਖਿਆ ਕਿ ਸ਼ਿਕਾਇਤ ਕਰਤਾ ਪਰਮਜੀਤ ਕੌਰ ਉਕਤ ਮੁਲਜ਼ਮ ਟਰੈਵਲ ਏਜੰਟਾਂ ਦੇ ਝਾਂਸੇ ਵਿੱਚ ਆ ਕੇ ਉਨ੍ਹਾਂ ਲਈ ਕੰਮ ਕਰਨ ਲੱਗੀ ਸੀ। ਦੋਸ਼ੀਆਂ ਕੋਲ ਕੰਮ ਕਰਦਿਆਂ ਸ਼ਿਕਾਇਤ ਕਰਤਾ ਨੇ ਕਈ ਲੋਕਾਂ ਨੂੰ ਉਨ੍ਹਾਂ ਨਾਲ ਮਿਲਵਾਇਆ, ਜੋ ਵਿਦੇਸ਼ ਜਾਣਾ ਚਾਹੁੰਦੇ ਸਨ। ਦੋਸ਼ੀਆਂ ਨੇ ਸਾਜ਼ਿਸ਼ ਹੇਠ ਪਰਮਜੀਤ ਕੌਰ ਦੇ ਰਾਹੀਂ ਉਨ੍ਹਾਂ ਤੋਂ ਪੈਸੇ ਅਤੇ ਪਾਸਪੋਰਟ ਲਏ ਤਾਂ ਕਿ ਨਕਦੀ ਠੱਗਣ ਪਿੱਛੋਂ ਲੋਕ ਉਸ ਨੂੰ ਹੀ ਦੋਸ਼ੀ ਕਹਿਣ ਅਤੇ ਅਸਲੀ ਠੱਗ ਬਚੇ ਰਹਿਣ। ਇਸ ਰਿਪੋਰਟ ਦੇ ਮੁਤਾਬਕ ਮੁਲਜ਼ਮਾਂ ਦਾ ਗੈਰ ਮਾਨਤਾ ਟਰੈਵਲ ਏਜੰਟਾਂ ਨਾਲ ਇੱਕ ਵੱਡੇ ਪੱਧਰ 'ਤੇ ਨਾਜਾਇਜ਼ ਟਰੈਵਲ ਏਜੰਟੀ ਦਾ ਧੰਦਾ ਚੱਲ ਰਿਹਾ ਹੈ। ਉਹ ਲੋੜਵੰਦ ਲੋਕਾਂ ਨੂੰ ਜਾਲ ਵਿੱਚ ਫਸਾਉਂਦੇ ਅਤੇ ਫਿਰ ਪਾਸਪੋਰਟ ਤੇ ਕੁਝ ਨਕਦੀ ਐਡਵਾਂਸ ਲੈ ਕੇ ਨਕਲੀ ਵੀਜ਼ਾ ਦਿਖਾ ਕੇ ਪੈਸੇ ਠੱਗਦੇ ਸਨ। ਐਸ ਐਸ ਪੀ ਦੇ ਹੁਕਮ 'ਤੇ ਇਨ੍ਹਾਂ ਪੰਜਾਂ ਦੇ ਖਿਲਾਫ ਥਾਣਾ ਕਰਤਾਰਪੁਰ ਵਿੱਚ ਕੱਲ੍ਹ ਧੋਖਾਦੇਹੀ, ਭਰੋਸਾ ਤੋੜਨ, ਸਾਜ਼ਿਸ਼ ਅਤੇ ਟਰੈਵਲ ਪ੍ਰੋਫੈਸ਼ਨਲ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ।

## ਘਰ ਵਿੱਚ ਸੁੱਤੇ ਪਰਵਾਰ ਉੱਤੇ ਹਮਲੇ ਵਿੱਚ ਔਰਤ ਦੀ ਮੌਤ

ਜਗਰਾਓਂ, 8 ਸਤੰਬਰ (ਪੋਸਟ ਬਿਊਰੋ)- ਜਗਰਾਓਂ ਦੇ ਪਿੰਡ ਕੋਟੇ ਬੱਗੂ ਵਿੱਚ ਹਥਿਆਰਬੰਦ ਨਕਾਬਪੋਸ਼ਾਂ ਨੇ ਅੱਧੀ ਰਾਤ ਇੱਕ ਘਰ 'ਚ ਦਾਖਲ ਹੋ ਕੇ ਸੁੱਤੇ ਪਏ ਪਰਵਾਰ 'ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਘਰ ਦਾ ਮੁਖੀ ਅਤੇ ਦੋ ਬੱਚੇ ਗੰਭੀਰ ਜ਼ਖਮੀ ਹੋ ਗਏ ਅਤੇ ਔਰਤ ਦੀ ਮੌਤ ਹੋ ਗਈ। ਮੌਕੇ ਉੱਤੇ ਪੁੱਜੇ ਡੀ ਐਸ ਪੀ ਗੁਰਦੀਪ ਸਿੰਘ ਗੋਸਲ ਅਤੇ ਐੱਸ ਐੱਚ ਓ ਨਿਧਾਨ ਸਿੰਘ ਵਿਰਕ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ, ਜਿਹੜਾ ਕਿੱਤੇ ਵਜੋਂ ਡਰਾਈਵਰ ਹੈ, ਆਪਣੇ ਘਰ ਪਿੰਡ ਕੋਠੇ ਬੱਗੂ ਵਿੱਚ ਪਰਵਾਰ ਨਾਲ ਸੁੱਤਾ ਪਿਆ ਸੀ। ਰਾਤ ਕਰੀਬ 12 ਵਜੇ ਹਥਿਆਰਾਂ ਨਾਲ ਲੈਸ ਦੋ ਨਕਾਬਪੋਸ਼ ਉਨ੍ਹਾਂ ਦੇ ਘਰ ਦਾਖਲ ਹੋਏ ਤੇ ਹਮਲਾ ਕਰ ਦਿੱਤਾ। ਗੁਰਪ੍ਰੀਤ ਨੇ ਹਮਲਾਵਰਾਂ ਦਾ ਮੁਕਾਬਲਾ ਕੀਤਾ, ਪਰ ਉਸ ਦਾ ਅਤੇ ਪਰਵਾਰ ਦਾ ਬਚਾਅ ਕਰਦੀ ਉਸ ਦੀ ਪਤਨੀ ਰਾਜਵੀਰ ਕੌਰ ਦੀ ਤੇਜ਼ਧਾਰ ਹਥਿਆਰਾਂ ਦੇ ਡੂੰਘੇ ਫੱਟਾਂ ਨਾਲ ਮੌਕੇ 'ਤੇ ਮੌਤ ਹੋ ਗਈ। ਪੁਲਸ ਨੇ ਘਟਨਾ ਸਥਾਨ ਦੀ ਜਾਂਚ ਲਈ ਖੋਜੀ ਕੁੱਤਿਆਂ ਅਤੇ ਫਿੰਗਰ ਪ੍ਰਿੰਟ ਮਾਹਰਾਂ ਦੀ ਟੀਮ ਦਾ ਸਹਾਰਾ ਲਿਆ। ਡੀ ਐੱਸ ਪੀ ਗੁਰਦੀਪ ਸਿੰਘ ਗੋਸਲ ਨੇ ਇਸ ਘਟਨਾ ਦਾ ਸੰਬੰਧ ਲੁੱਟ ਖੋਹ ਨਾਲ ਹੋਣ ਤੋਂ ਇਨਕਾਰ ਕਰਦਿਆਂ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕਰਨ ਦੀ ਗੱਲ ਆਖੀ ਹੈ।

## ਪੁਲਸ ਸੁਧਾਰ ਲਾਗੂ ਨਾ ਹੋਣ ਕਾਰਨ ਪੰਜਾਬ, ਹਰਿਆਣਾ, ਚੰਡੀਗੜ੍ਹ ਨੂੰ ਨੋਟਿਸ ਜਾਰੀ

ਚੰਡੀਗੜ੍ਹ, 8 ਸਤੰਬਰ (ਪੋਸਟ ਬਿਊਰੋ)- ਪੁਲਸ ਵਿਭਾਗ ਦੇ ਸਿਪਾਹੀ ਪੱਧਰ ਦੇ ਨਾਨ ਗਜ਼ਟਿਡ ਮੁਲਾਜ਼ਮਾਂ ਦੀ ਆਰਥਿਕ ਤੇ ਮਾਨਸਿਕ ਦਸ਼ਾ ਸੁਧਾਰਨ ਤੇ ਅਪਰਾਧਿਕ ਗਤੀਵਿਧੀਆਂ ਵਿੱਚ ਕਮੀ ਲਿਆਉਣ ਦੇ ਮਕਸਦ ਨਾਲ ਪੁਲਸ ਸੁਧਾਰ ਲਾਗੂ ਨਾ ਹੋਣ ਉੱਤੇ ਐਡਵੋਕੇਟ ਪਵਨ ਕੁਮਾਰ ਮੁਟਨੇਜਾ ਨੇ ਹਾਈ ਕੋਰਟ ਵਿੱਚ ਜਨਹਿੱਤ ਪਟੀਸ਼ਨ ਦਾਖਲ ਕੀਤੀ ਹੈ। ਇਸ ਉਤੇ ਗੰਭੀਰਤਾ ਨਾਲ ਵਿਚਾਰ ਕਰ ਕੇ ਹਾਈ ਕੋਰਟ ਨੇ ਪੰਜਾਬ, ਹਰਿਆਣਾ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਨੋਟਿਸ ਜਾਰੀ ਕਰਕੇ 22 ਜਨਵਰੀ 2020 ਤੱਕ ਜਵਾਬ ਮੰਗ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਜਨਹਿੱਤ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਨਾਨ ਗਜ਼ਟਿਡ ਪੁਲਸ ਮੁਲਾਜ਼ਮਾ ਦੇ ਕੰਮ ਕਰਨ ਦਾ ਸਮਾਂ




ਨਿਸ਼ਚਿਤ ਨਹੀਂ ਹੈ, ਜਿਸ ਕਰ ਕੇ 18 ਘੰਟੇ ਤੱਕ ਕੰਮ ਲਿਆ ਜਾਂਦਾ ਹੈ ਤੇ ਇਸ ਨਾਲ ਉਨ੍ਹਾਂ ਦੀ ਸਿਹਤ ਵਿੱਚ ਗਿਰਾਵਟ ਆ ਰਹੀ ਹੈ, ਉਨ੍ਹਾਂ ਦੇ ਪਰਵਾਰਕ ਰਿਸ਼ਤੇ ਵਿਗੜ ਰਹੇ ਹਨ, ਉਨ੍ਹਾਂ ਦੀ ਮਾਨਸਿਕ ਸਥਿਤੀ ਉੱਤੇ ਬੁਰਾ ਅਸਰ ਪੈ ਰਿਹਾ ਹੈ ਅਤੇ ਇਸ ਕਾਰਨ ਉਨ੍ਹਾਂ ਦਾ ਆਮ ਜਨਤਾ ਵੱਲ ਵਿਹਾਰ ਨਕਾਰਾਤਮਕ ਹੁੰਦਾ ਜਾਂਦਾ ਅਤੇ ਉਹ ਚਿੜਚਿੜੇ ਬਣਦੇ ਜਾਂਦੇ ਹਨ। ਸਿਪਾਹੀ ਨੂੰ ਸਿਰਫ ਇਕ ਪ੍ਰੋਮੋਸ਼ਨ ਮਿਲਦੀ ਹੈ, ਜਿਸ ਕਾਰਨ ਉਹ ਹੀਣ ਭਾਵਨਾ ਦਾ ਸ਼ਿਕਾਰ ਹੋ ਰਹੇ ਹਨ ਅਤੇ ਸਮਾਜ ਵਿੱਚ ਖੁਦ ਨੂੰ ਛੋਟਾ ਸਮਝਣ ਲੱਗੇ ਹਨ।

ਪਟੀਸ਼ਨ ਕਰਤਾ ਦਾ ਕਹਿਣਾ ਹੈ ਕਿ ਇਹ ਸਾਰੇ ਤੱਥ ਸਮਾਜਿਕ, ਆਰਥਿਕ ਅਤੇ ਰਾਜਨੀਤਕ ਖੇਤਰ ਨੂੰ ਪ੍ਰਭਾਵਿਤ ਕਰ ਰਹੇ ਹਨ। ਉਸ ਨੇ ਕਈ ਪੁਲਸ ਵਾਲਿਆਂ ਵੱਲੋਂ ਖੁਦਕੁਸ਼ੀ ਕਰਨ ਦਾ ਹਵਾਲਾ ਵੀ ਦਿੱਤਾ, ਜਿਸ ਦਾ ਕਾਰਨ ਕੰਮ ਦੇ ਵਾਧੂ ਬੋਝ ਦੇ ਕਾਰਨ ਮਾਨਸਿਕ ਤਣਾਅ ਰਿਹਾ ਹੈ। ਪਟੀਸ਼ਨਰ ਨੇ ਪੁਲਸ ਮੁਲਾਜ਼ਮਾਂ ਨੂੰ ਸਮੇਂ-ਸਮੇਂ ਉਤੇ ਵਾਧੂ ਭੱਤੇ ਦੇਣੇ, ਹਾਊਸਿੰਗ ਸਕੀਮ ਦਾ ਲਾਭ, ਹਰ ਥਾਣੇ ਵਿੱਚ ਸਾਫ ਸੁਥਰੇ ਟਾਇਲਟ ਬਣਵਾਉਣ ਅਤੇ ਕਾਂਸਟੇਬਲ ਅਤੇ ਨਾਨ ਗਜ਼ਟਿਡ ਪੁਲਸ ਵਾਲਿਆਂ ਦਾ ਡਿਊਟੀ ਸਮਾਂ ਅੱਠ ਘੰਟੇ ਮਿਥਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਸਾਲ 1934 ਦੇ ਪੰਜਾਬ ਪੁਲਸ ਕਾਨੂੰਨ ਵਿੱਚ ਸੋਧ ਦੀ ਮੰਗ ਵੀ ਕੀਤੀ ਹੈ, ਕਿਉਂਕਿ ਉਸ ਕਾਨੂੰਨ ਵਿੱਚ ਹਾਲੇ ਤੱਕ ਪੁਲਸ ਦੀ ਗਸ਼ਤ ਊਠ ਅਤੇ ਘੋੜਿਆਂ 'ਤੇ ਹੈ।

## ਵਿਦੇਸ਼ ਜਾਣ ਲਈ ਪੰਜਾਬੀ ਲੋਕ ਕਾਗਜ਼ਾਂ ਵਿੱਚ ਕਰੋੜਪਤੀ ਬਣਨ ਲੱਗ ਪਏ

ਜਗਰਾਓਂ, 8 ਸਤੰਬਰ (ਪੋਸਟ ਬਿਊਰੋ)- ਆਰਥਿਕ ਮੰਦਵਾੜੇ ਦੀਆਂ ਖਬਰਾਂ ਵਿਚਾਲੇ ਪੰਜਾਬੀਆਂ ਦੇ ਕਰੋੜਪਤੀ ਹੋਣ ਦੀ ਖਬਰ ਇੱਕ ਵਾਰ ਹੈਰਾਨ ਕਰ ਦੇਵੇਗੀ, ਪਰ ਅਸਲ ਵਿੱਚ ਵਿਦੇਸ਼ ਜਾਣ ਦਾ ਹਰ ਹਰਬਾ ਵਰਤਣ ਵਾਲੇ ਪੰਜਾਬੀ ਅੱਜਕੱਲ੍ਹ ਆਪਣਾ ਵਿਦੇਸ਼ ਜਾਣ ਦਾ ਸੁਫਨਾ ਪੂਰਾ ਕਰਨ ਲਈ ਕਾਗਜ਼ਾਂ ਵਿੱਚ ਲੱਖਪਤੀ ਅਤੇ ਬਹੁਤ ਸਾਰੇ ਕਰੋੜਪਤੀ ਬਣ ਰਹੇ ਹਨ। ਉਨ੍ਹਾ ਨੂੰ ਕਰੋੜਪਤੀ ਹੋਣ ਦਾ ਸਰਟੀਫਿਕੇਟ ਲੈਣ ਲਈ ਦੂਰ ਜਾਣ ਦੀ ਲੋੜ ਨਹੀਂ, ਸ਼ਹਿਰਾਂ ਦੇ ਗਲੀਆਂ-ਮੁਹੱਲਿਆਂ ਵਿੱਚ ਬੈਠੇ ਅਣਗਿਣਤ ਏਜੰਟ ਆਪਣੇ ਕੰਪਿਊਟਰ ਦੇ ਕੀ-ਬੋਰਡ 'ਤੇ ਉਂਗਲੀ ਮਾਰ ਕੇ ਸਰਟੀਫਿਕੇਟ ਦੇ ਦਿੰਦੇ ਹਨ। ਪਤਾ ਲੱਗਾ ਹੈ ਕਿ ਕਠਿਨਾਈ ਭਰੇ ਆਪਣੇ ਰਿਸ਼ਤੇਦਾਰਾਂ ਜਾਂ ਪਰਵਾਰਕ ਮੈਂਬਰਾਂ ਰਾਹੀਂ ਸਪਾਂਸਰਸ਼ਿਪ ਮੰਗਵਾ ਕੇ ਕੈਨੇਡਾ, ਆਸਟਰੇਲੀਆ ਆਦਿ ਦੇਸ਼ਾਂ ਨੂੰ ਜਾਣ ਲਈ ਵਿਦੇਸ਼ਾਂ ਦੇ ਇਮੀਗਰੇਸ਼ਨ ਵਿਭਾਗ ਕੋਲ ਵਿਜ਼ਟਰ



ਵੀਜ਼ੇ ਦੀ ਫਾਈਲ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਆਪਣੀ ਇਥੋਂ ਦੀ ਪ੍ਰਾਪਰਟੀ ਦੇ ਦਸਤਾਵੇਜ਼ ਲਾਉਣੇ ਪੈਂਦੇ ਹਨ ਤੇ ਇਹ ਫਾਈਲ ਆਰਥਿਕ ਪੱਖੋਂ ਜਿੰਨੀ ਭਾਰੀ ਬਣਦੀ ਹੈ, ਓਨੇ ਹੀ ਵੀਜ਼ਾ ਲੱਗਣ ਦੇ ਆਸਾਰ ਵੱਧ ਸਮਝੇ ਜਾਂਦੇ ਹਨ। ਇਸ ਲਈ ਪੰਜਾਬੀ ਇੱਕ ਦੂਸਰੇ ਤੋਂ ਵੱਧ ਜਾਇਦਾਦ ਸ਼ੋਅ ਕਰਨ ਲਈ ਏਜੰਟਾਂ ਨੂੰ ਹਜ਼ਾਰਾਂ ਰੁਪਏ ਦੇ ਰਹੇ ਹਨ। ਬਹੁਤ ਸਾਰੇ ਪੰਜਾਬੀ ਇਸ ਕੰਮ ਲਈ ਆਪਣੇ ਆਪ ਨੂੰ ਲੱਖਪਤੀ ਦਿਖਾ ਕੇ ਟੈਕਸ ਵਿਭਾਗ ਕੋਲ ਬੋਗਸ ਇਨਕਮ ਦਿਖਾ ਕੇ ਟੈਕਸ ਰਿਟਰਨ ਵੀ ਭਰ ਰਹੇ ਹਨ।

ਇਨਕਮ ਟੈਕਸ ਵਿਭਾਗ ਦੇ ਇੱਕ ਮੁਲਾਜ਼ਮ ਨੇ ਦੱਸਿਆ ਕਿ ਸਾਲ 2019-2020 ਦੌਰਾਨ ਮੋਦੀ ਸਰਕਾਰ ਨੇ ਪੰਜ ਲੱਖ ਰੁਪਏ ਤੱਕ ਇਨਕਮ 'ਤੇ ਛੋਟ ਦੇ ਦਿੱਤੀ ਹੈ, ਪਰ ਵਿਦੇਸ਼ ਜਾਣ ਦੇ ਚਾਹਵਾਨ ਕਈ ਪੰਜਾਬੀ, ਜਿਹੜੇ ਬੇਰੁਜ਼ਗਾਰ ਵੀ ਹੋਣ ਜਾਂ ਖੇਤੀ ਧੰਦੇ ਵਿੱਚ ਲੱਗੇ ਹੋਏ ਹਨ, ਆਪਣੀ ਵੱਧ ਤੋਂ ਵੱਧ ਇਨਕਮ ਦਿਖਾ ਕੇ ਹਰ ਸਾਲ ਟੈਕਸ ਰਿਟਰਨ ਭਰ ਰਹੇ ਹਨ, ਜਦ ਕਿ ਰਾਜ ਦੀਆਂ ਵੱਡੀਆਂ ਫਰਮਾਂ ਦੇ ਮਾਲਕ ਟੈਕਸ ਤੋਂ ਬਚਣ ਲਈ ਆਪਣੀ ਇਨਕਮ ਛੁਪਾ ਰਹੇ ਹਨ।

## ਨੂੰਹ ਤੇ ਜਵਾਈ ਜਾਅਲੀ ਨਿਯੁਕਤੀ ਪੱਤਰ ਉੱਤੇ ਨੌਕਰੀ ਕਰਦੇ ਫੜ੍ਹੇ

ਮੁਕਤਸਰ, 8 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਸਿਖਿਆ ਵਿਭਾਗ ਵਿੱਚ ਜਾਅਲੀ ਨਿਯੁਕਤੀ ਪੱਤਰ ਦੇ ਨਾਲ ਨੌਕਰੀ ਕਰਦੇ ਅਕਾਲੀ ਨੇਤਾ ਦੀ ਨੂੰਹ ਗੁਰਦੀਪ ਕੌਰ ਤੇ ਜਵਾਈ ਹਰਪਾਲ ਸਿੰਘ ਨੂੰ ਵਿਭਾਗ ਨੇ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਹੈ। ਇਹ ਦੋਵੇਂ ਮਲੋਟ ਹਲਕੇ ਵਿੱਚ ਤੈਨਾਤ ਸਨ। ਗੁਰਦੀਪ ਕੌਰ ਮਲੋਟ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਅਕਾਲੀ ਨੇਤਾ ਬਸੰਤ ਸਿੰਘ ਕੰਗ ਦੀ ਨੂੰਹ ਅਤੇ ਹਰਪਾਲ ਸਿੰਘ ਇਸ ਨੇਤਾ ਦੀ ਭਤੀਜੀ ਦਾ ਪਤੀ ਹੈ।

ਵਰਨਣ ਯੋਗ ਹੈ ਕਿ ਪਰਮਜੀਤ ਸਿੰਘ ਨਾਂਅ ਦੇ ਵਿਅਕਤੀ ਨੇ ਨੇ ਅਪ੍ਰੈਲ 2018 ਵਿੱਚ ਸਿਖਿਆ ਵਿਭਾਗ ਦੇ ਕੋਲ ਸ਼ਿਕਾਇਤ ਕੀਤੀ ਸੀ ਕਿ ਸਰਕਾਰੀ ਸੀਨੀਅਰ ਸੈਕੰਡਰੀ ਮਲੋਟ (ਲੜਕੇ) ਵਿੱਚ ਮੈਥ ਦੇ ਅਧਿਆਪਕ ਹਰਪਾਲ ਸਿੰਘ ਅਤੇ ਆਲਮਵਾਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਪੰਜਾਬੀ ਟੀਚਰ ਗੁਰਦੀਪ ਕੌਰ ਜਾਅਲੀ ਨਿਯੁਕਤੀ ਪੱਤਰ ਉੱਤੇ ਨੌਕਰੀ



### * ਨੌਕਰੀ ਤੋਂ ਬਰਖਾਸਤ ਕਰਨ ਦੇ ਹੁਕਮ ਜਾਰੀ

ਕਰ ਰਹੇ ਹਨ। ਜਾਂਚ ਵਿੱਚ ਪਤਾ ਲੱਗਾ ਕਿ ਇਨ੍ਹਾਂ ਕੋਲ ਵਿਭਾਗ ਦਾ ਕਿਸੇ ਤਰ੍ਹਾਂ ਦਾ ਨਿਯੁਕਤੀ ਪੱਤਰ ਨਹੀਂ ਹੈ। ਜ਼ਿਲ੍ਹਾ ਸਿਖਿਆ ਅਧਿਕਾਰੀ ਮਲਕੀਤ ਸਿੰਘ ਖੋਸਾ ਨੇ ਦੱਸਿਆ ਕਿ ਡਾਇਰੈਕਟਰ ਨੇ ਦੋਵਾਂ ਨੂੰ ਦਸੰਬਰ 2018 ਵਿੱਚ ਸਸਪੈਂਡ ਕਰ ਕੇ ਜ਼ਿਲ੍ਹਾ ਸਿਖਿਆ ਦਫਤਰ ਵਿੱਚ ਹਾਜ਼ਰ ਰਹਿਣ ਨੂੰ ਕਿਹਾ ਸੀ ਤੇ ਜਾਂਚ ਪਿੱਛੋਂ ਕੱਢ ਦਿੱਤਾ ਗਿਆ ਹੈ।

### ਪਾਕਿ ਦਾ ਨਵਾਂ ਦਾਅ

# ਕਰਤਾਰਪੁਰ ਲਾਂਘੇ ਵਿਖੇ ਭਾਰਤੀ ਸ਼ਰਧਾਲੂਆਂ ਲਈ ਵੱਖਰਾ ਵੀਜ਼ਾ ਲਾਗੂ ਕੀਤਾ ਜਾਵੇਗਾ

ਨਵੀਂ ਦਿੱਲੀ, 8 ਸਤੰਬਰ, (ਪੋਸਟ ਬਿਊਰੋ)- ਕਰਤਾਰਪੁਰ ਲਾਂਘੇ ਬਾਰੇ ਪਾਕਿਸਤਾਨ ਬੇਸ਼ਕ ਸਾਰਾ ਕੁਝ ਠੀਕ-ਠੀਕ ਰੱਖੇ ਜਾਣ ਲਈ ਭਾਰਤ ਨਾਲ ਗੱਲਬਾਤ ਵੀ ਕਰ ਰਿਹਾ ਹੈ, ਪਰ ਉਸ ਦੀ ਨੀਤੀ ਵਾਰ-ਵਾਰ ਬਦਲ ਰਹੀ ਹੈ।



ਬੀਤੀ ਚਾਰ ਸਤੰਬਰ ਨੂੰ ਦੁਵੱਲੀ ਗੱਲਬਾਤ ਵਿੱਚ ਪਾਕਿਸਤਾਨ ਸਰਕਾਰ ਨੇ ਭਾਰਤ ਤੋਂ ਜਾਣ ਵਾਲੇ ਸ਼ਰਧਾਲੂਆਂ ਤੋਂ 20 ਡਾਲਰ ਪ੍ਰਤੀ ਯਾਤਰੀ ਫੀਸ ਦੀ ਤਜਵੀਜ਼ ਰੱਖੀ ਸੀ, ਪਰ ਵਿਚਾਰ-ਵਟਾਂਦਰੇ ਬਾਅਦ ਇਸ ਤਜਵੀਜ਼ ਨੂੰ ਛੱਡਣਾ ਪਿਆ ਸੀ। ਅੱਜ ਪਾਕਿਸਤਾਨੀ ਵਿਦੇਸ਼ ਮੰਤਰਾਲੇ ਨੇ ਕਰਤਾਰਪੁਰ ਜਾਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਦੇਣ ਵਾਲੇ ਵੀਜ਼ੇ ਦੋ ਸ਼੍ਰੇਣੀਆਂ ਵਿੱਚ ਵੰਡਣ ਦਾ ਫ਼ੈਸਲਾ ਕਰ ਲਿਆ ਹੈ। ਪਾਕਿਸਤਾਨੀ ਮੀਡੀਆ ਮੁਤਾਬਕ ਇਕ ਸ਼੍ਰੇਣੀ ਭਾਰਤ ਵਿੱਚ ਰਹਿੰਦੇ ਅਤੇ ਦੂਜੀ ਸ਼੍ਰੇਣੀ ਵਿੱਚ ਸੰਸਾਰ ਦੇ ਹੋਰ ਦੇਸ਼ਾਂ ਤੋਂ ਆਏ ਭਾਰਤੀ ਮੂਲ ਦੇ ਸਿੱਖਾਂ ਨੂੰ ਰੱਖਿਆ ਜਾਣਾ ਹੈ। ਪਾਕਿਸਤਾਨੀ ਵਿਦੇਸ਼ ਮੰਤਰਾਲਾ ਛੇਤੀ ਹੀ ਨੀਤੀ ਵਿੱਚ ਬਦਲਾਅ ਦੇ ਇਸ ਫ਼ੈਸਲੇ ਉੱਤੇ ਕੈਬਨਿਟ ਤੋਂ ਮਨਜ਼ੂਰੀ ਲਵੇਗਾ।

ਇਹੀ ਨਹੀਂ, ਤਾਜ਼ਾ ਸਥਿਤੀ ਵਿੱਚ ਪਾਕਿਸਤਾਨ ਨੇ ਭਾਰਤ ਉੱਤੇ ਇਹ ਦੋਸ਼ ਲਾ ਦਿੱਤਾ ਹੈ ਕਿ ਕਰਤਾਰਪੁਰ ਲਾਂਘੇ ਦੀ ਗੱਲਬਾਤ ਦੀ ਆੜ ਵਿੱਚ ਭਾਰਤ ਦੀਆਂ ਖ਼ੁਫ਼ੀਆ ਏਜੰਸੀਆਂ ਸਰਗਰਮ ਹਨ। ਅਸਲ ਵਿੱਚ ਭਾਰਤੀ ਵਫਦ ਨੇ ਜੁਲਾਈ 2019 ਵਿੱਚ ਕਰਤਾਰਪੁਰ ਲਾਂਘੇ ਬਾਰੇ ਗੱਲਬਾਤ ਦੌਰਾਨ ਇਕ ਡੋਜ਼ੀਅਰ ਸੌਂਪਿਆ ਤੇ ਖਾਲਿਸਤਾਨ ਪੱਖੀ ਸੰਗਠਨਾਂ ਦੀਆਂ ਸਰਗਰਮੀਆਂ ਦਾ ਜ਼ਿਕਰ ਕਰ ਕੇ ਆਸ ਕੀਤੀ ਸੀ ਕਿ ਪਾਕਿਸਤਾਨ ਡੋਜ਼ੀਅਰ ਉੱਤੇ ਗੰਭੀਰਤਾ ਨਾਲ ਵਿਚਾਰ ਕਰੇਗਾ ਅਤੇ ਲਾਂਘੇ ਨੂੰ ਭਾਰਤ ਵਿਰੋਧੀ ਸਰਗਰਮੀਆਂ ਤੋਂ ਮੁਕਤ ਰੱਖਣ ਲਈ ਕਦਮ ਚੁੱਕੇਗਾ।

ਜਾਣਕਾਰ ਸੂਤਰਾਂ ਮੁਤਾਬਕ ਮੰਗਲਵਾਰ ਅਟਾਰੀ ਬਾਰਡਰ ਉੱਤੇ ਹੋਈ ਦੁਵੱਲੀ ਗੱਲਬਾਤ ਵੇਲੇ ਪਾਕਿਸਤਾਨੀ ਵਫਦ ਨੇ ਇਕ ਡੋਜ਼ੀਅਰ ਫੜਾ ਦਿੱਤਾ, ਜਿਸ ਵਿੱਚ ਕਿਹਾ ਗਿਆ ਕਿ ਕਰਤਾਰਪੁਰ ਬਾਰੇ ਚੱਲਦੀ ਗੱਲਬਾਤ ਵਿੱਚ ਭਾਰਤੀ ਖ਼ੁਫ਼ੀਆ ਏਜੰਸੀ ਰਾਅ ਦੇ ਅਫਸਰ ਸ਼ਾਮਲ ਹਨ ਤੇ ਉਹ ਗੱਲਬਾਤ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਕਰਤਾਰਪੁਰ ਲਾਂਘੇ ਦੀ ਸੁਰੱਖਿਆ ਬਾਰੇ ਜਿਹੜੇ ਸਵਾਲ ਭਾਰਤ ਨੇ ਪੁੱਛੇ ਸਨ, ਉਨ੍ਹਾਂ ਦਾ ਜਵਾਬ ਨਹੀਂ ਦਿੱਤਾ ਗਿਆ। ਭਾਰਤ ਨੇ ਇਹ ਭਰੋਸਾ ਮੰਗਿਆ ਸੀ ਕਿ ਇਸ ਲਾਂਘੇ ਤੋਂ ਕਿਸੇ ਵੀ ਤਰ੍ਹਾਂ ਦੀ ਭਾਰਤ ਵਿਰੋਧੀ ਸਰਗਰਮੀ ਨਹੀਂ ਹੋਵੇਗੀ।

# ਪਟਨਾ ਵਿੱਚ ਤਖਤ ਸ੍ਰੀ ਹਰਿਮੰਦਰ ਵਿੱਚ ਸੇਵਾਦਾਰਾਂ ਵੱਲੋਂ ਵਿਤਕਰੇ ਦੇ ਦੋਸ਼ ਹੇਠ ਹੰਗਾਮਾ

ਪਟਨਾ ਸਿਟੀ, 8 ਸਤੰਬਰ (ਪੋਸਟ ਬਿਊਰੋ)- ਬਿਹਾਰ ਵਿੱਚ ਤਖਤ ਹਰਿਮੰਦਰ ਜੀ ਪਟਨਾ ਸਾਹਿਬ ਦੇ ਸੇਵਾਦਾਰਾਂ ਨੇ 11 ਸੂਤਰੀ ਮੰਗਾਂ ਬਾਰੇ ਕੱਲ੍ਹ ਸ਼ਾਮ ਜਨਰਲ ਸੈਕਟਰੀ ਦੇ ਕਮਰੇ ਵਿੱਚ ਹੰਗਾਮਾ ਕੀਤਾ ਤੇ ਪ੍ਰਬੰਧਕ ਕਮੇਟੀ ਨੂੰ ਖਰੀਆਂ-ਖੋਟੀਆਂ ਸੁਣਾਈਆ। ਇਸ ਦੌਰਾਨ ਬਿਹਾਰ ਅਤੇ ਪੰਜਾਬ ਦੇ ਸਿੱਖਾਂ ਵਿੱਚ ਵਿਤਕਰੇ ਦਾ ਦੋਸ਼ ਲਾਇਆ ਗਿਆ। ਸਥਾਨਕ ਸੇਵਾਦਾਰਾਂ ਨੂੰ ਘੱਟ ਤਨਖਾਹ ਦੇਣ ਅਤੇ ਜਲਦੀ ਸੇਵਾ-ਮੁਕਤ ਕਰਨ ਦੀ ਗੱਲ ਕਹੀ। ਇਨ੍ਹਾਂ ਸਮੱਸਿਆਵਾਂ ਦੇ ਨਿਪਟਾਰੇ ਦਾ ਭਰੋਸਾ ਦਿੱਤੇ ਜਾਣ ਦੇ ਬਾਅਦ ਇਹ ਸੇਵਾਦਾਰ ਸ਼ਾਂਤ ਹੋਏ ਹਨ।

ਇਸ ਬਾਰੇ ਤਖਤ ਸ੍ਰੀ ਹਰਮੰਦਰ ਦੀ ਪ੍ਰਬੰਧਕ ਕਮੇਟੀ ਦੇ ਸੈਕਟਰੀ ਮਹਿੰਦਰਪਾਲ ਸਿੰਘ ਛਾਬੜਾ ਨੇ ਦੱਸਿਆ ਕਿ ਜਿਨ੍ਹਾਂ ਲੋਕਾਂ ਦੀ ਬਹਾਲੀ ਕਾਰਨ ਸੇਵਾਦਾਰਾਂ ਵਿੱਚ ਗੁੱਸਾ ਹੈ, ਉਨ੍ਹਾਂ ਨੂੰ ਨਿਯੁਕਤੀ ਪੱਤਰ ਨਹੀਂ ਦਿੱਤਾ ਗਿਆ। ਚਾਰ ਜਣਿਆਂ ਨੂੰ ਕਮਰਾ ਖਾਲੀ ਕਰਨ ਦਾ ਨੋਟਿਸ ਜਾਰੀ ਕੀਤਾ ਹੈ। ਤਖਤ ਸਾਹਿਬ ਵਿੱਚ ਤੈਨਾਤ 26 ਸੇਵਾਦਾਰਾਂ ਦੀ ਉਮਰ 65 ਸਾਲ ਹੋਣ ਕਾਰਨ ਉਨ੍ਹਾਂ ਦੀ ਸੇਵਾਮੁਕਤੀ 'ਤੇ ਵਿਚਾਰ ਹੋਵੇਗਾ। ਸੇਵਾਦਾਰਾਂ ਨੇ ਸੈਕਟਰੀ ਛਾਬੜਾ ਨੂੰ ਮੰਗ ਪੱਤਰ ਸੌਂਪਿਆ ਹੈ।

ਪਤਾ ਲੱਗਾ ਹੈ ਕਿ ਕਾਰਜਕਾਰੀ ਜਥੇਦਾਰ ਤੇ ਸਹਾਇਕ ਮੁੱਖ ਗ੍ਰੰਥੀ ਭਾਈ ਰਜਿੰਦਰ ਸਿੰਘ ਦੀ ਅਗਵਾਈ ਅਤੇ ਤ੍ਰਿਲੋਕ ਸਿੰਘ ਦੀ ਅਗਵਾਈ ਹੇਠ ਸੇਵਾਦਾਰਾਂ ਦੀ ਬੈਠਕ ਪੁਰਾਣੀ ਦਰਸ਼ਨੀ ਡਿਓੜੀ ਦੇ ਨੇੜੇ ਹੋਈ, ਜਿੱਥੇ ਤ੍ਰਿਲੋਕ ਸਿੰਘ ਨੇ ਕਿਹਾ ਕਿ ਤਖਤ ਸ੍ਰੀ ਹਰਿਮੰਦਰ ਦੇ 65 ਸਾਲਾ ਸੇਵਾਦਾਰਾਂ ਨੂੰ ਸੇਵਾਮੁਕਤੀ ਦਾ ਨੋਟਿਸ ਜਾਰੀ ਕਰ ਕੇ ਦਿੱਲੀ ਤੇ ਪੰਜਾਬ ਦੇ ਸੱਤਰ ਸਾਲ ਉਮਰ ਦੇ ਸੇਵਾਦਾਰਾਂ ਨੂੰ ਬਹਾਲ ਕੀਤਾ ਜਾ ਰਿਹਾ ਹੈ। ਪਟਨਾ ਸਾਹਿਬ ਵਾਲੇ ਸੇਵਾਦਾਰਾਂ ਨੂੰ 10 ਤੋਂ 12 ਹਜ਼ਾਰ ਤਨਖਾਹ ਦਿੱਤੀ ਜਾਂਦੀ ਹੈ, ਬਾਹਰੋਂ ਆਏ ਲੋਕਾਂ ਨੂੰ 25 ਤੋਂ 30 ਹਜ਼ਾਰ ਰੁਪਏ ਉਤੇ ਬਹਾਲ ਕੀਤਾ ਜਾ ਰਿਹਾ ਹੈ। 10 ਸਾਲ ਵਿੱਚ ਜਾਂ ਚਾਲੀ ਸਾਲ ਵਿੱਚ ਸੇਵਾਮੁਕਤ ਹੋਣ ਵਾਲੇ ਕਰਮਚਾਰੀ ਨੂੰ ਸਵਾ ਲੱਖ ਦਿੱਤਾ ਜਾ ਰਿਹਾ ਹੈ। ਸੇਵਾਦਾਰਾਂ ਨੇ ਮੰਗ ਕੀਤੀ ਕਿ ਤਖਤ ਦਾ ਜਥੇਦਾਰ, ਹੈੱਡ ਗ੍ਰੰਥੀ ਤੇ ਪ੍ਰਚਾਰਕ ਇਥੇ ਸੇਵਾ ਕਰਨ ਵਾਲਿਆਂ ਨੂੰ ਬਣਾਇਆ ਜਾਏ। ਪ੍ਰਧਾਨਗੀ ਕਰ ਰਹੇ ਕਾਰਜਕਾਰੀ ਜਥੇਦਾਰ ਭਾਈ ਰਜਿੰਦਰ ਸਿੰਘ ਨੇ ਕਿਹਾ ਕਿ ਗੁਰਦੁਆਰਾ ਦੇ ਨਿਯਮਾਂ ਵਿੱਚ ਸੇਵਾਮੁਕਤੀ ਉਮਰ ਤੈਅ ਨਹੀਂ ਹੈ। ਇਥੋਂ ਦੇ ਗ੍ਰੰਥੀਆਂ ਅਤੇ ਸੇਵਾਦਾਰਾਂ ਨੂੰ ਅਕਾਲ ਤਖਤ ਵਾਂਗ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ।

# ਹਰਿਆਣਾ ਵਿੱਚ ਮੁੱਖ ਮੰਤਰੀ ਦੀ ਸਟੇਜ ਅੱਗੇ ਲਾਸ਼ ਰੱਖ ਕੇ ਨਿਆਂ ਮੰਗਿਆ

ਕਾਲਾਂਵਾਲੀ, 8 ਸਤੰਬਰ (ਪੋਸਟ ਬਿਊਰੋ)- ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਕੀਤੀ ਜਾ ਰਹੀ ਜਨ ਆਸ਼ੀਰਵਾਦ ਯਾਤਰਾ ਦੇ ਮੰਡੀ ਕਾਲਾਂਵਾਲੀ ਪੁੱਜਣ ਤੋਂ ਪਹਿਲਾਂ ਇੱਕ ਮਜ਼ਦੂਰ ਪਰਵਾਰ ਨੇ ਹਸਪਤਾਲ ਵਿੱਚ ਲਾਪਰਵਾਹੀ ਨਾਲ ਹੋਈ ਆਪਣੇ ਪਰਵਾਰਕ ਮੈਂਬਰ ਦੀ ਮੌਤ ਦੇ ਰੋਸ ਵਜੋਂ ਮੰਡੀ ਵਿੱਚ ਰੋਸ ਮਾਰਚ ਕੀਤਾ ਤੇ ਫਿਰ ਲਾਸ਼ ਮੁੱਖ ਮੰਤਰੀ ਦੀ ਸਟੇਜ ਅੱਗੇ ਰੱਖ ਦਿੱਤੀ। ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਹਸਪਤਾਲ ਸੀਲ ਕਰ ਦਿੱਤਾ ਹੈ।

ਪਤਾ ਲੱਗਾ ਹੈ ਕਿ ਇੱਕ ਮਜ਼ਦੂਰ ਕ੍ਰਿਸ਼ਨ ਕੁਮਾਰ ਆਪਣੀ ਦੁਖਦੀ ਦਾੜ੍ਹ ਦੇ ਇਲਾਜ ਲਈ ਇਥੇ ਡੈਂਟਲ ਹਸਪਤਾਲ ਵਿੱਚ ਦਾੜ੍ਹ ਕਢਵਾਉਣ ਗਿਆ ਤਾਂ ਡਾਕਟਰ ਨੇ ਬਿਨਾਂ ਸ਼ੂਗਰ ਟੈਸਟ ਤੇ ਹੋਰ ਟੈਸਟਾਂ ਦੇ ਦਾੜ੍ਹ ਕੱਢ ਦਿੱਤੀ, ਪਰ ਦਰਦ ਦੂਰ ਨਹੀਂ ਹੋਇਆ। ਜਦੋਂ ਕ੍ਰਿਸ਼ਨ ਕੁਮਾਰ ਫੇਰ ਉਸੇ ਡਾਕਟਰ ਕੋਲ ਗਿਆ ਤਾਂ ਡਾਕਟਰ ਨੇ ਕਿਹਾ ਕਿ ਦਰਦ ਦੂਰ ਕਰਨ ਲਈ ਦੂਜੀ ਦਾੜ੍ਹ ਵੀ ਕੱਢਣੀ ਪਵੇਗੀ। ਦੂਜੀ ਦਾੜ੍ਹ ਕੱਢਦਿਆਂ ਮਰੀਜ਼ ਦੇ ਦਿਮਾਗ ਦੀ ਨਾੜ ਫਟ ਗਈ ਅਤੇ ਦਿਮਾਗ ਵਿੱਚ ਖ਼ੂਨ ਜੰਮ ਗਿਆ। ਮਰੀਜ਼ ਨੂੰ ਹਿਸਾਰ ਦੇ ਹਸਪਤਾਲ ਭਰਤੀ ਕਰਾਇਆ ਸੀ, ਜਿੱਥੇ ਕੁਝ ਦਿਨਾਂ ਪਿੱਛੋਂ ਉਸ ਦੀ ਮੌਤ ਹੋ ਗਈ।

ਕੱਲ੍ਹ ਮੁੱਖ ਮੰਤਰੀ ਦੀ ਕਾਲਾਂਵਾਲੀ ਆਮਦ 'ਤੇ ਮ੍ਰਿਤਕ ਦੇ ਵਾਰਸਾਂ ਨੇ ਲਾਸ਼ ਨੂੰ ਮੁੱਖ ਮੰਤਰੀ ਦੇ ਆਉਣ ਤੋਂ ਪਹਿਲਾਂ ਸਟੇਜ ਅੱਗੇ ਰੱਖ ਕੇ ਰੋਸ ਪ੍ਰਦਰਸ਼ਨ ਕੀਤਾ ਤੇ ਸੰਬੰਧਤ ਡਾਕਟਰ ਦੀ ਗ੍ਰਿਫਤਾਰੀ ਦੀ ਮੰਗ ਕੀਤੀ। ਡੀ ਸੀ ਅਸ਼ੋਕ ਕੁਮਾਰ ਅਤੇ ਐੱਸ ਐੱਸ ਪੀ ਅਰੁਣ ਨਹਿਰਾ ਨੇ ਪੀੜਤ ਪਰਵਾਰ ਨੂੰ ਮੁੱਖ ਮੰਤਰੀ ਨਾਲ ਮਿਲਵਾਇਆ। ਮੁੱਖ ਮੰਤਰੀ ਦੇ ਹੁਕਮਾਂ 'ਤੇ ਡਾਕਟਰ ਖਿਲਾਫ ਕੇਸ ਦਰਜ ਕਰ ਕੇ ਲਾਇਸੈਂਸ ਰੱਦ ਕਰਨ 'ਤੇ ਪੀੜਤ ਪਰਵਾਰ ਸ਼ਾਂਤ ਹੋਇਆ।

### ਭਾਜਪਾ ਦਾ ਸਾਬਕ ਐੱਮ ਪੀ ਕਹਿੰਦੈ

# ਗਊ ਮੂਤਰ ਤੇ ਗੋਬਰ ਤੋਂ ਬਣੀਆਂ ਦਵਾਈਆਂ ਨਾਲ ਬੁੱਧੀਮਾਨ ਬੱਚੇ ਹੋਣਗੇ

ਨਵੀਂ ਦਿੱਲੀ, 8 ਸਤੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਇਸ ਸਾਲ ਫਰਵਰੀ ਵਿਚ ਗਊ ਰੱਖਿਆ ਤੇ ਸੁਧਾਰ ਲਈ 'ਰਾਸ਼ਟਰੀ ਕਾਮਧੇਨੁ ਕਮਿਸ਼ਨ' ਬਣਾਉਣ ਨੂੰ ਮਨਜ਼ੂਰੀ ਦਿੱਤੀ ਸੀ। ਇਹ ਕਮਿਸ਼ਨ ਆਯੂਸ਼ ਮੰਤਰਾਲੇ ਨਾਲ ਮਿਲ ਕੇ ਦਵਾਈਆਂ ਬਣਾਉਣ ਬਾਰੇ ਕੰਮ ਕਰ ਰਿਹਾ ਹੈ, ਜਿਹੜੀਆਂ ਗਊ ਮੂਤਰ ਅਤੇ ਗੋਬਰ ਤੋਂ ਤਿਆਰ ਕੀਤੀਆਂ ਜਾਂਦੀਆ ਹਨ। ਕਮਿਸ਼ਨ ਦਾ ਦਾਅਵਾ ਹੈ ਕਿ ਜੇ ਗਰਭਵਤੀ ਔਰਤਾਂ ਇਨ੍ਹਾਂ ਦਵਾਈਆਂ ਦੀ ਵਰਤੋਂ ਕਰਨਗੀਆਂ ਤਾਂ ਉਹ 'ਬੇਹੱਦ ਬੁੱਧੀਮਾਨ ਅਤੇ ਤੰਦਰੁਸਤ' ਬੱਚਿਆਂ ਨੂੰ ਜਨਮ ਦੇਣਗੀਆਂ।



ਇਕ ਅੰਗਰੇਜ਼ੀ ਵੈੱਬਸਾਈਟ ਨਾਲ ਗੱਲਬਾਤ ਦੇ ਦੌਰਾਨ ਰਾਸ਼ਟਰੀ ਕਾਮਧੇਨੁ ਕਮਿਸ਼ਨ ਦੇ ਚੇਅਰਮੈਨ ਵੱਲਭਭਾਈ ਕਥੀਰੀਆ ਨੇ ਕਿਹਾ ਕਿ ਇਨ੍ਹਾਂ ਦਵਾਈਆਂ ਲਈ ਗਊ ਮੂਤਰ ਤੋਂ ਇਲਾਵਾ ਗਾਂ ਦੇ ਦੁੱਧ, ਗੋਬਰ, ਘੀ ਤੇ ਦਹੀਂ ਦੀ ਵਰਤੋਂ ਕੀਤੀ ਜਾਵੇਗੀ। ਕਥੀਰੀਆ ਗੁਜਰ-ਾਤ ਤੋਂ ਭਾਜਪਾ ਪਾਰਲੀਮੈਂਟ ਮੈਂਬਰ ਰਹਿ ਚੁੱਕੇ ਹਨ। ਉਨ੍ਹਾ ਨੇ ਕਿਹਾ ਕਿ ਸ਼ਾਸਤਰ ਅਤੇ ਆਯੂਰਵੇਦ ਵਿਚ ਵੀ 'ਪੰਚਗਵਿਆ ਦਵਾਈ' ਦਾ ਜ਼ਿਕਰ ਹੈ, ਜਿਹੜੀ ਗਾਂ ਤੋਂ ਮਿਲਣ ਵਾਲੀਆਂ ਪੰਜ ਚੀਜ਼ਾਂ ਦਾ ਮਿਸ਼ਰਣ ਹੈ। ਕਥੀਰੀਆ ਨੇ ਕਿਹਾ ਕਿ ਸ਼ਸਤਰਾਂ ਤੇ ਵੇਦਾਂ ਵਿਚ ਲਿਖਿਆ ਹੈ ਕਿ ਜੇ ਗਰਭਵਤੀ ਔਰਤਾਂ ਇਹ ਦਵਾਈ ਵਰਤਣਗੀਆਂ ਤਾਂ ਬੇਹੱਦ ਬੁੱਧੀਮਾਨ ਅਤੇ ਤੰਦਰੁਸਤ ਬੱਚਿਆਂ ਨੂੰ ਜਨਮ ਦੇਣਗੀਆਂ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦਵਾਈਆਂ ਦੇ ਵੱਡੇ ਪੱਧਰ ਉੱਤੇ ਉਤਪਾਦਨ ਲਈ ਉਨ੍ਹਾਂ ਨੇ ਆਯੂਸ਼ ਮੰਤਰਾਲੇ ਤੋਂ ਮਦਦ ਮੰਗੀ ਹੈ ਤੇ ਇਸ ਮੰਤਰਾਲੇ ਤੋਂ ਇਲਾਵਾ ਨਵੇਂ ਬਣਾਏ ਪਸ਼ੂ ਪਾਲਣ ਮੰਤਰਾਲੇ ਵੱਲੋਂ ਵੀ ਮਦਦ ਮੰਗਣਗੇ ਤਾਂ ਜੋ ਇਨ੍ਹਾਂ ਦਵਾਈਆਂ ਦਾ ਉਤਪਾਦਨ ਕਰਨ ਪਿੱਛੋਂ ਮਾਰਕੀਟਿੰਗ ਕੀਤੀ ਜਾ ਸਕੇ। ਕਥੀਰੀਆ ਨੇ ਕਿਹਾ ਕਿ ਇਕ ਵਾਰ ਵੱਡੇ ਪੱਧਰ ਉੱਤੇ ਦਵਾਈਆਂ ਦਾ ਉਤਪਾਦਨ ਸ਼ੁਰੂ ਹੋਣ ਤੋਂ ਬਾਅਦ ਉਹ ਪਿੰਡਾਂ ਵਿਚ ਵੈਦਾਂ ਦੀ ਨਿਯੁਕਤੀ ਕਰਨਗੇ, ਜਿਹੜੇ ਗਰਭਵਤੀ ਔਰਤਾਂ ਨੂੰ ਇਨ੍ਹਾਂ ਦਵਾਈਆਂ ਦੀ ਵਰਤੋਂ ਕਰਨ ਲਈ ਕਹਿਣਗੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਜ਼ਿੰਮੇਵਾਰੀ ਦੇਸੀ ਗਾਵਾਂ ਦੀਆਂ ਨਸਲਾਂ ਦੇ ਵਿਕਾਸ ਅਤੇ ਉਨ੍ਹਾਂ ਦੀ ਸੁਰੱਖਿਆ ਕਰਨ ਦੀ ਵੀ ਹੈ, ਇਸ ਲਈ 22 ਦੇਸੀ ਨਸਲਾਂ ਦੀ ਚੋਣ ਕੀਤੀ ਜਾ ਚੁੱਕੀ ਹੈ।

# ਮਾਇਆਵਤੀ ਨੇ ਦੁਸ਼ਿਅੰਤ ਚੌਟਾਲਾ ਨਾਲੋਂ ਵੀ ਗੱਠਜੋੜ ਤੋੜਿਆ

ਚੰਡੀਗੜ੍ਹ, 8 ਸਤੰਬਰ (ਪੋਸਟ ਬਿਊਰੋ)- ਹਰਿਆਣਾ ਵਿੱਚ ਚੌਟਾਲਾ ਪਰਵਾਰ ਵਿਚਾਲੇ ਮਤਭੇਦਾਂ ਕਾਰਨ ਹੋਂਦ ਵਿੱਚ ਆਈ ਜਨਨਾਇਕ ਜਨਤਾ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਵਿਚਾਲੇ ਸਿਆਸੀ ਦੋਸਤੀ ਇਕ ਮਹੀਨਾ ਵੀ ਨਹੀਂ ਚੱਲੀ। ਸੀਟਾਂ ਦੀ ਵੰਡ ਵਿੱਚ ਵਿਤਕਰੇ ਦਾ ਦੋਸ਼ ਲਾਉਂਦੇ ਹੋਏ ਬਸਪਾ ਦੀ ਮੁਖੀ ਮਾਇਆਵਤੀ ਨੇ ਕੱਲ੍ਹ ਦੇਰ ਰਾਤ ਜਨਨਾਇਕ ਜਨਤਾ ਪਾਰਟੀ ਨਾਲੋਂ ਗੱਠਜੋੜ ਤੋੜਨ ਦਾ ਐਲਾਨ ਕਰ ਦਿੱਤਾ ਹੈ।

ਬਸਪਾ ਦੀ ਮੁਖੀ ਮਾਇਆਵਤੀ ਨੇ ਲਖਨਊ 'ਚ ਹਰਿਆਣਾ ਦੇ ਪਾਰਟੀ ਅਹੁਦੇਦਾਰਾਂ ਨਾਲ ਦੋ ਪੜਾਵਾਂ ਦੀ ਮੈਰਾਥਨ ਬੈਠਕ ਤੋਂ ਬਾਅਦ ਰਾਤ ਕਰੀਬ ਪੌਣੇ 11 ਵਜੇ ਦੁਸ਼ਿਅੰਤ ਚੌਟਾਲਾ ਦੀ ਅਗਵਾਈ ਵਾਲੇ ਜਨਨਾਇਕ ਜਨਤਾ ਪਾਰਟੀ ਨਾਲੋਂ ਗੱਠਜੋੜ ਤੋੜਨ ਦੀ ਜਾਣਕਾਰੀ ਟਵੀਟ ਕਰਕੇ ਦਿੱਤੀ ਹੈ। ਉਸ ਨੇ ਐਲਾਨ ਕੀਤਾ ਹੈ ਕਿ ਬਸਪਾ ਵਿਧਾਨ ਸਭਾ ਚੋਣਾਂ ਵਿੱਚ ਕਿਸੇ ਨਾਲ ਗੱਠਜੋੜ ਨਹੀਂ ਕਰੇਗੀ ਤੇ ਆਪਣੇ ਬਲਬੂਤੇ ਸੂਬੇ ਦੀਆਂ ਸਾਰੀਆਂ 90 ਵਿਧਾਨ ਸਭਾ ਸੀਟਾਂ 'ਤੇ ਚੋਣ ਲੜੇਗੀ। ਕਿਆਫੇ ਲੱਗ ਰਹੇ ਸਨ ਕਿ ਜਨਨਾਇਕ ਜਨਤਾ ਪਾਰਟੀ ਨਾਲ ਗੱਠਜੋੜ ਟੁੱਟਣ ਮਗਰੋਂ ਬਸਪਾ ਅਤੇ ਕਾਂਗਰਸ ਦਾ ਗੱਠਜੋੜ ਹੋ ਸਕਦਾ ਹੈ, ਪਰ ਮਾਇਆਵਤੀ ਨੇ ਸਪੱਸ਼ਟ ਕਰ ਦਿੱਤਾ ਕਿ ਫਿਲਹਾਲ ਉਹ ਕਾਂਗਰਸ ਨਾਲ ਨਹੀਂ ਜਾ ਰਹੀ।

# ਸੰਸਾਰ ਪ੍ਰਸਿੱਧ ਸੀਨੀਅਰ ਵਕੀਲ ਰਾਮ ਜੇਠਮਲਾਨੀ ਦਾ ਦੇਹਾਂਤ

ਨਵੀਂ ਦਿੱਲੀ, 8 ਸਤੰਬਰ (ਪੋਸਟ ਬਿਊਰੋ)- ਸੰਸਾਰ ਭਰ ਵਿੱਚ ਪ੍ਰਸਿੱਧ ਭਾਰਤ ਦੇ ਸੀਨੀਅਰ ਵਕੀਲ ਰਾਮ ਜੇਠਮਲਾਨੀ ਦਾ ਅੱਜ ਐਤਵਾਰ ਦਿਹਾਂਤ ਹੋ ਗਿਆ। 95 ਸਾਲਾ ਜੇਠਮਲਾਨੀ ਲੰਬੇ ਸਮੇਂ ਤੋਂ ਬੀਮਾਰ ਸਨ। ਉਹ ਪ੍ਰਸਿੱਧ ਵਕੀਲ ਦੇ ਨਾਲ ਕਾਨੂੰਨ ਮੰਤਰੀ ਰਹਿ ਚੁੱਕੇ ਸਨ ਤੇ ਉਹ ਰਾਜ ਸਭਾ ਦੇ ਪਾਰਲੀਮੈਂਟ ਮੈਂਬਰ ਰਹਿ ਚੁੱਕੇ ਹਨ।



ਰਾਮ ਜੇਠਮਲਾਨੀ ਵਕੀਲ ਵਜੋਂ ਸਾਲ 1959 ਵਿੱਚ ਕੇ ਐੱਮ ਨਾਨਾਵਤੀ ਬਨਾਮ ਮਹਾਰਾਸ਼ਟਰ ਸਰਕਾਰ ਕੇਸ ਨਾਲ ਮਸ਼ਹੂਰ ਹੋਏ ਸਨ। ਉਨ੍ਹਾਂ ਨੇ ਇਹ ਕੇਸ ਯਸ਼ਵੰਤ ਵਿਸ਼ਣੂ ਚੰਦਰਚੂੜ ਨਾਲ ਲੜਿਆ ਸੀ। ਵਾਈ ਵੀ ਚੰਦਰਚੂੜ ਫਿਰ ਦੇਸ਼ ਦੇ ਚੀਫ ਜਸਟਿਸ ਵੀ ਬਣੇ ਸਨ। ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੇ ਦੋਸ਼ੀਆਂ ਸਤਵੰਤ ਸਿੰਘ ਤੇ ਕੇਹਰ ਸਿੰਘ ਦੀ ਪੈਰਵੀ ਲਈ ਜਦੋਂ ਕੋਈ ਵਕੀਲ ਸਾਹਮਣੇ ਨਹੀਂ ਸੀ ਆਇਆ ਤਾਂ ਜੇਠਮਲਾਨੀ ਨੇ ਉਨ੍ਹਾਂ ਦਾ ਕੇਸ ਲੜਿਆ ਸੀ। ਜੇਠਮਲਾਨੀ ਨੇ ਰਾਜੀਵ ਗਾਂਧੀ ਦੇ ਕਤਲ ਦੇ ਦੋਸ਼ੀ ਵੀ. ਸ਼੍ਰੀਹਰਨ ਦੀ ਸੁਪਰੀਮ ਕੋਰਟ ਵਿਚ ਪੈਰਵੀ ਵੀ ਕੀਤੀ ਸੀ ਤੇ ਸਾਲ 2015 ਵਿੱਚ ਦਿੱਤੀ ਗਈ ਉਨ੍ਹਾਂ ਦੀ ਇਸ ਦਲੀਲ ਉੱਤੇ ਵਿਵਾਦ ਵੀ ਹੋਇਆ ਸੀ ਕਿ ਰਾਜੀਵ ਗਾਂਧੀ ਦਾ ਕਤਲ 'ਭਾਰਤ ਦੇ ਖਿਲਾਫ ਜੁਰਮ' ਨਹੀਂ ਹੈ। 21 ਮਈ 1991 ਨੂੰ ਤਾਮਿਲ ਨਾਡੂ ਵਿਚ ਚੇਨਈ ਨੇੜੇ ਸ਼੍ਰੀਪੇਰੂੰਬਦੂਰ ਵਿੱਚ ਆਤਮਘਾਤੀ ਬੰਬ ਹਮਲੇ ਵਿਚ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਸਣੇ 19 ਲੋਕਾਂ ਦੀ ਮੌਤ ਹੋ ਗਈ ਸੀ।

ਇੱਕ ਸਮੇਂ ਸੋਹਰਾਬੁਦੀਨ ਪੁਲਸ ਮੁਕਾ-ਬਲਾ ਕੇਸ ਵਿਚ ਮੌਜੂਦਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਵੀ ਰਾਮ ਜੇਠਮਲਾਨੀ ਅਦਾਲਤ ਵਿੱਚ ਹਾਜ਼ਰ ਹੋਏ ਸਨ। ਉਨ੍ਹਾਂ ਨੇ ਤਾਮਿਲ ਨਾਡੂ ਦੀ ਸਾਬਕਾ ਮੁੱਖ ਮੰਤਰੀ ਜੈਲਲਿਤਾ ਦਾ ਆਮਦਨ ਤੋਂ ਵਧ ਜਾਇਦਾਦ ਦਾ ਕੇਸ ਵੀ ਲੜਿਆ। ਜੈਲਲਿਤਾ ਉੱਤੇ ਆਮਦਨ ਦੇ ਸਮੁੱਚੇ ਸਰੋਤਾਂ ਤੋਂ 66.65 ਕਰੋੜ ਰੁਪਏ ਵੱਧ ਜਾਇਦਾਦ ਬਣਾਉਣ ਦਾ ਦੋਸ਼ ਸੀ। ਜੇਠਮਲਾਨੀ ਨੇ ਤਾਮਿਲ ਨਾਡੂ ਦੇ ਸਾਬਕਾ ਮੁੱਖ ਮੰਤਰੀ ਐੱਮ ਕਰੁਣਾਨਿਧੀ ਦੀ ਧੀ ਅਤੇ ਪਾਰਲੀਮੈਂਟ ਮੈਂਬਰ ਕਨੀਮੋਈ ਦਾ ਕੇਸ ਵੀ ਲੜਿਆ ਸੀ, ਜਿਸ ਉੱਤੇ 2ਜੀ ਸਪੈਕਟ੍ਰਮ ਕੇਸ ਵਿੱਚ 214 ਕਰੋੜ ਰੁਪਏ ਦੀ ਰਿਸ਼ਵਤ ਲੈਣ ਦਾ ਦੋਸ਼ ਸੀ। ਸਾਲ 2013 ਵਿੱਚ ਜੇਠਮਲਾਨੀ ਨੇ ਚਾਰਾ ਘਪਲਾ ਕੇਸ ਵਿਚ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਦੀ ਪੈਰਵੀ ਕੀਤੀ ਸੀ। ਹਵਾਲਾ ਡਾਇਰੀ ਕੇਸ ਵਿੱਚ ਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਵਲੋਂ ਵੀ ਰਾਮ ਜੇਠਮਲਾਨੀ ਪੇਸ਼ ਹੋਏ ਸਨ ਤੇ 2001 ਵਿਚ ਪਾਰਲੀਮੈਂਟ ਉੱਤੇ ਹਮਲੇ ਦੇ ਦੋਸ਼ੀ ਮੁਹੰਮਦ ਅਫਜ਼ਲ ਗੁਰੂ ਦਾ ਕੇਸ ਵੀ ਉਨ੍ਹਾ ਨੇ ਹੀ ਲੜਿਆ ਸੀ। ਵੱਡੇ ਕਾਰੋਬਾਰੀਆਂ ਵਿੱਚੋਂ ਸਹਾਰਾ ਦੇ ਮੁਖੀ ਸੁਬਰਤੋ ਰਾਏ ਸਹਾਰਾ ਲਈ ਸੁਪਰੀਮ ਕੋਰਟ ਵਿਚ ਰਾਮ ਜੇਠਮਲਾਨੀ ਨੇ ਪੈਰਵੀ ਕੀਤੀ ਸੀ। ਸਾਲ 1960 ਦੇ ਦਹਾਕੇ ਦੌਰਾਨ ਮੁੰਬਈ ਦੇ ਮਸ਼ਹੂਰ ਡਾਨ ਹਾਜੀ ਮਸਤਾਨ ਦੇ ਤਸਕਰੀ ਨਾਲ ਜੁੜੇ ਕਈ ਕੇਸਾਂ ਦੀ ਪੈਰਵੀ ਵੀ ਰਾਮ ਜੇਠਮਲਾਨੀ ਨੇ ਕੀਤੀ ਸੀ।

ਭਾਰਤ ਦੇ ਪ੍ਰਸਿੱਧ ਵਕੀਲ ਰਾਮ ਜੇਠਮਲਾਨੀ 1971 ਅਤੇ 1977 ਵਿੱਚ ਭਾਜਪਾ-ਸ਼ਿਵਸੈਨਾ ਵੱਲੋਂ ਮੁੰਬਈ ਤੋਂ ਲੋਕ ਸਭਾ ਚੋਣਾਂ ਜਿੱਤ ਕੇ ਪਾਰਲੀਮੈਂਟ ਮੈਂਬਰ ਚੁਣੇ ਗਏ ਤੇ ਫਿਰ 1996 ਵਿੱਚ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵਿੱਚ ਕੇਂਦਰੀ ਕਾਨੂੰਨ ਮੰਤਰੀ ਤੇ 1998 ਵਿੱਚ ਸ਼ਹਿਰੀ ਵਿਕਾਸ ਮੰਤਰੀ ਰਹੇ ਸਨ। ਇੱਕ ਵਿਵਾਦਤ ਬਿਆਨ ਦੇ ਕਾਰਨ ਉਨ੍ਹਾਂ ਨੂੰ ਭਾਜਪਾ ਤੋਂ ਕੱਢ ਦਿੱਤਾ ਗਿਆ ਤਾਂ ਜੇਠਮਲਾਨੀ ਨੇ ਵਾਜਪਾਈ ਦੇ ਖਿਲਾਫ ਲਖਨਊ ਤੋਂ 2004 ਵਿੱਚ ਲੋਕ ਸਭਾ ਦੇ ਲਈ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ, ਪਰ ਚੋਣ ਹਾਰ ਗਏ ਸਨ। ਜੇਠਮਲਾਨੀ ਫਿਰ ਭਾਜਪਾ ਵਿੱਚ ਸ਼ਾਮਲ ਹੋ ਗਏ ਅਤੇ ਪਾਰਟੀ ਨੇ ਉਨ੍ਹਾਂ ਨੂੰ 2010 ਵਿੱਚ ਰਾਜਸਥਾਨ ਤੋਂ ਰਾਜ ਸਭਾ ਵਿੱਚ ਭੇਜਿਆ, ਪਰ ਪਾਰਟੀ ਦੇ ਖਿਲਾਫ ਲਗਾਤਾਰ ਬਿਆਨ ਦੇਣ ਕਾਰਨ ਨਵੰਬਰ 2012 ਵਿੱਚ 6 ਸਾਲ ਲਈ ਪਾਰਟੀ ਤੋਂ ਕੱਢ ਦਿੱਤਾ ਸੀ। ਸਾਲ 2016 ਵਿੱਚ ਲਾਲੂ ਪ੍ਰਸਾਦ ਯਾਦਵ ਦੀ ਪਾਰਟੀ ਰਾਸ਼ਟਰੀ ਜਨਤਾ ਦਲ ਨੇ ਫਿਰ ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਬਣਾਇਆ ਸੀ।

ਪਾਕਿਸਤਾਨ ਦੇ ਸਿੰਧ ਪ੍ਰਾਂਤ ਵਿੱਚ 14 ਸਤੰਬਰ 1923 ਨੂੰ ਜਨਮੇ ਰਾਮ ਜੇਠਮਲਾਨੀ ਆਜ਼ਾਦੀ ਵੇਲੇ ਭਾਰਤ ਆਏ ਸਨ।

# ਭਾਰਤ ਬਰਡ ਫਲੂ ਮੁਕਤ ਬਣਿਆ, 83.5 ਲੱਖ ਪੰਛੀ ਮਾਰਨੇ ਪਏ

ਨਵੀਂ ਦਿੱਲੀ, 8 ਸਤੰਬਰ (ਪੋਸਟ ਬਿਊਰੋ)- ਵਿਸ਼ਵ ਪਸ਼ੂ ਪਸ਼ੂ ਸਿਹਤ ਸੰਗਠਨ (ਓ ਆਈ ਈ) ਨੇ ਭਾਰਤ ਨੂੰ ਪੰਛੀਆਂ ਤੋਂ ਹੁੰਦੇ ਘਾਤਕ ਰੋਗ ਏਵੀਅਨ ਇਨਫਲੂਏਂਜ਼ਾ (ਐੱਚ5 ਐੱਨ1) (ਬਰਡ ਫਲੂ) ਤੋਂ ਮੁਕਤ ਮੰਨ ਲਿਆ ਹੈ। ਇਸ ਬਾਰੇ ਸਿਹਤ ਸੰਗਠਨ ਨੇ ਤਿੰਨ ਸਤੰਬਰ ਨੂੰ ਭਾਰਤ ਨੂੰ ਏਵੀਅਨ ਇਨਫਲੂਏਂਜ਼ਾ ਤੋਂ ਮੁਕਤ ਮੰਨਿਆ ਹੈ।



ਪਸ਼ੂ ਪਾਲਣ ਵਿਭਾਗ ਦੇ ਜਾਇੰਟ ਸਕੱਤਰ ਉਪਮਾਨਿਊ ਬਸੁ ਨੇ ਸਾਰੇ ਰਾਜਾਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਰਾਹੀਂ ਇਸ ਦੀ ਜਾਣਕਾਰੀ ਦਿੱਤੀ ਹੈ। ਏਵੀਅਨ ਇਨਫਲੂਏਂਜ਼ਾ ਦਾ ਵਿਸ਼ਾਣੂ ਮਨੁੱਖ ਨੂੰ ਪ੍ਰਭਾਵਤ ਕਰਦਾ ਹੈ। ਕਈ ਵਾਰ ਗੰਭੀਰ ਪੀੜਤ ਹੋਣ 'ਤੇ ਮੌਤ ਵੀ ਹੋ ਜਾਂਦੀ ਹੈ। ਇਸ ਨਾਲ ਸਾਹ ਪ੍ਰਣਾਲੀ ਪ੍ਰਭਾਵਤ ਹੁੰਦੀ ਹੈ। ਸ਼ੁਰੂ ਵਿੱਚ ਸਰਦੀ-ਖਾਂਸੀ ਤੇ ਬੁਖਾਰ ਇਸ ਦੇ ਲੱਛਣ ਹਨ। ਵਿਸ਼ਵ ਸਿਹਤ ਸੰਗਠਨ ਨੇ ਇਸ ਬਾਰੇ ਚਿਤਾਵਨੀ ਜਾਰੀ ਕੀਤੀ ਹੋਈ ਹੈ। ਸਾਲ 2017 ਤੋਂ ਇਹ ਬਿਮਾਰੀ ਗੁਜਰਾਤ, ਉੜੀਸਾ, ਦਮਨ ਦੀਵ, ਕਰਨਾਟਕ, ਉੱਤਰ ਪ੍ਰਦੇਸ਼, ਬਿਹਾਰ ਅਤੇ ਵਿੱਚ ਝਾਰਖੰਡ ਫੈਲੀ ਸੀ। 2018 ਦੇ ਦਸੰਬਰ ਵਿੱਚ ਇਹ ਉੜੀਸਾ ਦੇ ਨੌਂ ਥਾਵਾਂ ਅਤੇ ਬਿਹਾਰ ਵਿੱਚ ਤਿੰਨ ਥਾਂਈਂ ਫੈਲੀ। ਦੇਸ਼ ਵਿੱਚ ਪਹਿਲੀ ਵਾਰ ਏਵੀਅਨ ਇਨਫਲੂਏਂਜ਼ਾ ਸਾਲ 2006 ਵਿੱਚ ਫਰਵਰੀ ਤੋਂ ਅਪ੍ਰੈਲ ਦੌਰਾਨ ਮਹਾਰਾਸ਼ਟਰ ਵਿੱਚ 28 ਥਾਈਂ ਤੇ ਗੁਜਰਾਤ ਵਿੱਚ ਇੱਕ ਥਾਂ ਫੈਲਿਆ ਸੀ। ਇਸ ਦੌਰਾਨ ਕਰੀਬ 10 ਲੱਖ ਪੰਛੀਆਂ ਨੂੰ ਮਾਰਿਆ ਗਿਆ ਅਤੇ 2.7 ਕਰੋੜ ਰੁਪਏ ਮੁਆਵਜ਼ਾ ਦਿੱਤਾ ਗਿਆ ਸੀ। ਦੇਸ਼ ਵਿੱਚ 49 ਵਾਰ ਵੱਖ-ਵੱਖ ਰਾਜਾਂ ਵਿੱਚ 225 ਥਾਂਵਾਂ 'ਤੇ ਇਹ ਬਿਮਾਰੀ ਫੈਲਣ ਨਾਲ ਕਰੀਬ 83.5 ਲੱਖ ਪੰਛੀਆਂ ਨੂੰ ਮਾਰਿਆ ਗਿਆ ਹੈ ਤੇ ਇਸ ਦੀ 26 ਕਰੋੜ ਰੁਪਏ ਤੋਂ ਵੱਧ ਮੁਆਵਜ਼ਾ ਰਾਸ਼ੀ ਦਿੱਤੀ ਗਈ ਹੈ। ਪਹਿਲੀ ਵਾਰ 2017 ਵਿੱਚ ਦਿੱਲੀ, ਮੱਧ ਪ੍ਰਦੇਸ਼, ਕੇਰਲ, ਕਰਨਾਟਕ, ਪੰਜਾਬ ਤੇ ਹਰਿਆਣਾ ਵਿੱਚ ਪਰਵਾਸੀ ਪੰਛੀਆਂ ਅਤੇ ਕੁਕੁਟ ਵਿੱਚ ਇੱਕ ਨਵਾਂ ਵਾਇਰਸ ਐੱਚ5ਐੱਨ8 ਦੀ ਸੂਚਨਾ ਮਿਲੀ ਸੀ।

# ਆਜ਼ਮ ਖਾਨ ਦੀ ਪਤਨੀ ਉੱਤੇ ਬਿਜਲੀ ਚੋਰੀ ਦਾ ਕੇਸ ਦਰਜ

ਰਾਮਪੁਰ, 8 ਸਤੰਬਰ (ਪੋਸਟ ਬਿਊਰੋ)- ਕਾਨੂੰਨ ਦੇ ਸ਼ਿਕੰਜੇ ਵਿੱਚ ਫਸੇ ਹੋਏ ਸਮਾਜਵਾਦੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਆਜ਼ਮ ਖਾਨ ਦੀਆਂ ਦਿੱਕਤਾਂ ਹੋਰ ਵਧਦੀਆਂ ਜਾਪਦੀਆਂ ਹਨ। ਸੰਗੀਨ ਧਾਰਾਵਾਂ ਵਿੱਚ ਮੁਕੱਦਮੇ ਦਰਜ ਹੋਣ ਦੇ ਨਾਲ ਹੀ ਉੱਤਰ ਪ੍ਰਦੇਸ਼ ਦੀ ਸਰਕਾਰ ਉਨ੍ਹਾਂ ਨੂੰ ਭੂ-ਮਾਫੀਆ ਵੀ ਐਲਾਨ ਕਰ ਚੁੱਕੀ ਹੈ।



ਇਸ ਤੋਂ ਬਾਅਦ ਆਜ਼ਮ ਖਾਨ ਦੀ ਪਤਨੀ ਅਤੇ ਰਾਜ ਸਭਾ ਮੈਂਬਰ ਡਾ. ਤਜੀਨ ਫਾਤਿਮਾ ਉੱਤੇ ਸ਼ਿਕੰਜਾ ਕੱਸਦਾ ਜਾ ਰਿਹਾ ਹੈ। ਉਨ੍ਹਾਂ ਖਿਲਾਫ ਪਹਿਲਾਂ ਹੀ ਧੋਖਾਧੜੀ ਦੇ ਦੋ ਕੇਸ ਦਰਜ ਹੋ ਚੁੱਕੇ ਹਨ। ਅੱਗੋਂ ਉਨ੍ਹਾਂ ਦੇ ਖਿਲਾਫ ਬਿਜਲੀ ਚੋਰੀ ਦੀ ਰਿਪੋਰਟ ਦਰਜ ਕਰਵਾਈ ਗਈ ਹੈ ਅਤੇ ਉਨ੍ਹਾਂ 'ਤੇ 30 ਲੱਖ ਰੁਪਏ ਦਾ ਜੁਰਮਾਨਾ ਲਾਇਆ ਗਿਆ ਹੈ। ਆਜ਼ਮ ਖਾਨ ਦੀ ਪਤਨੀ ਤਜੀਨ ਫਾਤਿਮਾ ਦੇ ਖਿਲਾਫ ਸਭ ਤੋਂ ਪਹਿਲਾ ਕੇਸ ਇਸੇ ਸਾਲ ਉਨ੍ਹਾਂ ਦੇ ਬੇਟੇ ਵਿਧਾਇਕ ਅਬਦੁੱਲਾ ਦੀ ਉਮਰ ਬਾਰੇ ਹੋਇਆ ਸੀ। ਇਕ ਹਫਤੇ ਪਹਿਲਾਂ ਉਨ੍ਹਾਂ ਖਿਲਾਫ ਮੁਹੰਮਦ ਅਲੀ ਜੌਹਰ ਯੂਨੀਵਰਸਿਟੀ ਕੰਪਲੈਕਸ ਦੇ ਕਸਟੋਡੀਅਨ ਦੀ ਜ਼ਮੀਨ ਉਤੇ ਕਬਜ਼ਾ ਕਰਨ ਦੇ ਦੋਸ਼ ਵਿੱਚ ਧੋਖਾਧੜੀ ਦਾ ਕੇਸ ਦਰਜ ਕੀਤਾ ਗਿਆ ਸੀ। ਇਸ ਤੋਂ ਬਿਨਾ ਆਜ਼ਮ ਖਾਨ ਦੇ ਰਿਜ਼ਾਰਟ 'ਤੇ ਕੱਲ੍ਹ ਅਧਿਕਾਰੀਆਂ ਨੇ ਛਾਪਾ ਮਾਰਿਆ ਤਾਂ ਓਥੇ ਬਿਜਲੀ ਚੋਰੀ ਫੜੀ ਗਈ ਸੀ। ਰਿਜ਼ਾਰਟ ਦਾ ਕੁਨੈਕਸ਼ਨ ਕੱਟਣ ਦੇ ਨਾਲ ਉਨ੍ਹਾਂ ਦੀ ਪਤਨੀ ਦੇ ਖਿਲਾਫ ਰਿਪੋਰਟ ਦਰਜ ਕਰਵਾਈ ਸੀ। ਜੂਨੀਅਰ ਇੰਜੀਨੀਅਰ ਸੰਜੇ ਕੁਮਾਰ ਗਰਗ ਨੇ ਦੱਸਿਆ ਕਿ ਜੇ ਉਹ ਜੁਰਮਾਨਾ ਭਰ ਦੇਣ ਤਾਂ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਆਜ਼ਮ ਖਾਨ ਦੇ ਘਰ 'ਤੇ ਪੁਲਸ ਨੇ ਕੋਰਟ ਦਾ ਨੋਟਿਸ ਚਿਪਕਾ ਦਿੱਤਾ ਹੈ। ਇਹ ਨੋਟਿਸ ਐਡੀਸ਼ਨਲ ਚੀਫ ਜੁਡੀਸ਼ਲ ਮੈਜਿਸਟਰੇਟ ਪਹਿਲਾ ਦਰਜਾ ਦੀ ਅਦਾਲਤ ਵੱਲੋਂ ਜਾਰੀ ਹੋਇਆ ਹੈ। ਉਨ੍ਹਾਂ ਦੀ ਅਦਾਲਤ ਵਿੱਚ ਆਜ਼ਮ ਖਾਨ ਦੇ ਖਿਲਾਫ ਕੇਸ ਵਿਚਾਰ ਅਧੀਨ ਹੈ, ਜਿਹੜਾ ਚੋਣ ਜ਼ਾਬਤੇ ਦੀ ਉਲੰਘਣਾ ਨਾਲ ਸਬੰਧਤ ਹੈ।

# ਲੱਦਾਖ ਨੂੰ ਆਦਿ ਵਾਸੀ ਖੇਤਰ ਵਾਲਾ ਦਰਜਾ ਦੇਣ ਲਈ ਕੇਂਦਰ ਦੀ ਸਰਕਾਰ ਸਹਿਮਤ

ਨਵੀਂ ਦਿੱਲੀ, 8 ਸਤੰਬਰ (ਪੋਸਟ ਬਿਊਰੋ)- ਗ੍ਰਹਿ ਵਿਭਾਗ, ਕਾਨੂੰਨ ਅਤੇ ਕਬੀਲਾ ਮਾਮਲਿਆਂ ਦੇ ਮੰਤਰਾਲੇ ਦੇ ਨਾਲ ਹੀ ਅਨੁਸੂਚਿਤ ਕਬੀਲਾ ਕਮਿਸ਼ਨ (ਐੱਨ ਸੀ ਐੱਸ ਟੀ) ਨੇ ਵੀ ਲੱਦਾਖ ਲਈ 'ਆਦਿਵਾਸੀ ਇਲਾਕੇ' ਦੇ ਦਰਜੇ ਦੀ ਸਿਫਾਰਸ਼ ਕਰਨ ਦੇ ਮਤੇ ਉੱਤੇ ਮੋਟੇ ਤੌਰ ਉੱਤੇ ਸਹਿਮਤੀ ਦੇ ਦਿੱਤੀ ਤੇ ਸਭ ਅੜਿੱਕੇ ਲਗਭਗ ਖਤਮ ਹੋ ਗਏ ਹਨ।



ਐੱਨ ਸੀ ਐੱਸ ਟੀ ਦੇ ਇਕ ਸੀਨੀਅਰ ਅਧਿਕਾਰੀ ਦੇ ਮੁਤਾਬਕ ਇਸ ਮੁੱਦੇ ਉੱਤੇ ਚਾਰ ਸਤੰਬਰ ਨੂੰ ਮੰਤਰਾਲੇ ਅਤੇ ਕਮਿਸ਼ਨ ਦੇ ਪ੍ਰਤੀਨਿਧਾਂ ਵਿਚਾਲੇ ਚਰਚਾ ਹੋਈ ਸੀ। ਇਸ ਅਧਿਕਾਰੀ ਨੇ ਕਿਹਾ, 'ਮੋਟੇ ਤੌਰ ਉੱਤੇ ਹਰ ਕੋਈ ਲੱਦਾਖ ਲਈ ਆਦਿਵਾਸੀ ਇਲਾਕੇ ਦੇ ਦਰਜੇ ਦੀ ਸਿਫਾਰਸ਼ ਕਰਨ ਦੇ ਮਤੇ ਉੱਤੇ ਰਾਜ਼ੀ ਹੈ। ਬੈਠਕ ਦੌਰਾਨ ਪੰਜਵੀਂ ਅਤੇ ਛੇਵੀਂ ਲਿਸਟ ਦੀਆਂ ਵੱਖ-ਵੱਖ ਤਜਵੀਜ਼ਾਂ ਉੱਤੇ ਚਰਚਾ ਹੋਈ ਹੈ, ਪਰ ਇਸ ਬਾਰੇ ਅੰਤਿਮ ਫ਼ੈਸਲਾ 11 ਸਤੰਬਰ ਨੂੰ ਹੋਵੇਗਾ।' ਲੱਦਾਖ ਨੂੰ 'ਆਦਿਵਾਸੀ ਖੇਤਰ' ਦਾ ਦਰਜਾ ਦੇਣ ਲਈ ਇਸ ਖੇਤਰ ਦੇ ਨੇਤਾਵਾਂ ਦੀਆਂ ਵਧਦੀਆਂ ਮੰਗਾਂ ਕਾਰਨ ਇਹ ਬੈਠਕ ਹੋਈ ਹੈ।

ਵਰਨਣ ਯੋਗ ਹੈ ਕਿ ਛੇਵੀਂ ਸ਼ਡਿਊਲ ਅਸਾਮ, ਮੇਘਾਲਿਆ, ਤ੍ਰਿਪੁਰਾ ਅਤੇ ਮਿਜ਼ੋਰਮ ਆਦਿ ਰਾਜਾਂ ਦੇ ਆਦਿਵਾਸੀ ਇਲਾਕਿਆਂ ਨੂੰ ਖ਼ੁਦਮੁਖਤਿਆਰ ਜ਼ਿਲ੍ਹਾ ਤੇ ਖੇਤਰੀ ਕੌਂਸਲ ਬਣਾ ਕੇ ਪ੍ਰਸ਼ਾਸਨ ਦਾ ਹੱਕ ਦੇਂਦੀ ਹੈ। ਲੱਦਾਖ ਦੇ ਲੋਕਾਂ ਨੇ ਜੰਮੂ-ਕਸ਼ਮੀਰ ਬਾਰੇ ਧਾਰਾ 370 ਖ਼ਤਮ ਕਰਨ ਅਤੇ ਲੱਦਾਖ ਨੂੰ ਕੇਂਦਰੀ ਸ਼ਾਸਿਤ ਰਾਜ ਐਲਾਨ ਕਰਨ ਬਾਰੇ ਕੇਂਦਰ ਦੇ ਫ਼ੈਸਲੇ ਦਾ ਸਵਾਗਤ ਕੀਤਾ ਸੀ, ਪਰ ਨਾਲ ਡਰ ਪ੍ਰਗਟ ਕੀਤਾ ਸੀ ਕਿ ਬਾਹਰੀ ਲੋਕਾਂ ਦੇ ਆਉਣ ਨਾਲ ਇਸ ਖੇਤਰ ਦੇ ਜਨਗਣਨਾ ਸਬੰਧੀ ਅੰਕੜੇ ਬਦਲ ਜਾਣਗੇ ਅਤੇ ਉਨ੍ਹਾਂ ਦੇ ਸੱਭਿਆਚਾਰ ਅਤੇ ਪਛਾਣ ਉੱਤੇ ਖ਼ਤਰਾ ਪੈਦਾ ਹੋ ਜਾਵੇਗਾ।

ਅਨੁਸੂਚਿਤ ਕਬੀਲਾ ਕਮਿਸ਼ਨ ਨੇ ਪਹਿਲਾਂ ਕਿਹਾ ਸੀ ਕਿ ਉਹ ਜਾਣਨਾ ਚਾਹੁੰਦਾ ਹੈ ਕਿ ਮੁੱਖ ਤੌਰ ਉੱਤੇ ਆਦਿਵਾਸੀ ਆਬਾਦੀ ਵਾਲੇ ਕੇਂਦਰੀ ਸ਼ਾਸਿਤ ਰਾਜਾਂ ਨੂੰ ਆਦਿਵਾਸੀ ਖੇਤਰ ਕਿਉਂ ਐਲਾਨ ਨਹੀਂ ਕੀਤਾ, ਉਹ ਅੰਡੇਮਾਨ-ਨਿਕੋਬਾਰ ਹੋਵੇ, ਲਕਸ਼ਦੀਪ ਹੋਵੇ ਜਾਂ ਦਾਦਰਾ-ਨਗਰ ਹਵੇਲੀ। ਆਦਿਵਾਸੀ ਮਾਮਲਿਆਂ ਦੇ ਮੰਤਰੀ ਅਰਜੁਨ ਮੁੰਡਾ ਨੂੰ ਅਗਸਤ ਵਿਚ ਦਿੱਤੇ ਮੰਗ ਪੱਤਰ ਵਿਚ ਲੱਦਾਖ ਤੋਂ ਭਾਜਪਾ ਪਾਰਲੀਮੈਂਟ ਮੈਂਬਰ ਜਾਮਯਾਂਗ ਸੇਰਿੰਗ ਨਾਂਗਯਾਲ ਨੇ ਕਿਹਾ ਸੀ ਕਿ ਇਹ ਖੇਤਰ ਮੁੱਖ ਤੌਰ ਉੱਤੇ ਆਦਿਵਾਸੀ ਇਲਾਕਾ ਰਿਹਾ ਹੈ। ਇਸ ਦੀ 98 ਫ਼ੀਸਦੀ ਆਬਾਦੀ ਆਦਿਵਾਸੀ ਹੈ।




## ਹਾਂਗ ਕਾਂਗ ਦਾ ਹਵਾਈ ਅੱਡਾ ਰੋਕਣ ਤੇ ਬਚਾਉਣ ਲਈ ਸਰਕਾਰ ਤੇ ਲੋਕਾਂ ਵਿਚਾਲੇ ਖਿੱਚ-ਧੂਹ





ਹਾਂਗ ਕਾਂਗ, 8 ਸਤੰਬਰ, (ਪੋਸਟ ਬਿਊਰੋ)- ਵਿਵਾਦ ਦਾ ਕੇਂਦਰ ਬਣੇ ਇਸ ਛੋਟੇ ਜਿਹੇ ਦੇਸ਼ ਹਾਂਗ ਕਾਂਗ ਵਾਲਾ ਕੌਮਾਂਤਰੀ ਹਵਾਈ ਅੱਡਾ ਚੱਲਦਾ ਰੱਖਣ ਤੇ ਇਸ ਵੱਲ ਜਾਣ ਵਾਲੇ ਰਸਤਿਆਂ ਨੂੰ ਰੋਕਣ ਲਈ ਅੰਦੋਲਨ ਕਰਦੇ ਲੋਕਾਂ ਦਾ ਆਪਸ ਵਿੱਚ ਟਕਰਾਅ ਲਗਾਤਾਰ ਜਾਰੀ ਹੈ।

ਸੰਘਣੀ ਆਬਾਦੀ ਵਾਲੇ ਮੌਂਗ ਕਾਕ ਇਲਾਕੇ ਵਿੱਚ ਸ਼ਨਿਚਰਵਾਰ ਲਗਾਤਾਰ ਦੂਸਰੀ ਰਾਤ ਲੋਕਾਂ ਨੂੰ ਖਦੇੜਨ ਲਈ ਪੁਲਿਸ ਨੇ ਅੱਥਰੂ ਗੈਸ ਦੇ ਗੋਲ਼ੇ ਛੱਡੇ ਹਨ। ਇਸ ਦੌਰਾਨ ਪੁਲਿਸ ਸਿਰਫ ਟਿਕਟ ਅਤੇ ਪਾਸਪੋਰਟ ਚੈੱਕ ਕਰ ਕੇ ਹੀ ਲੋਕਾਂ ਨੂੰ ਹਵਾਈ ਅੱਡੇ ਵੱਲ ਜਾਣ ਦੀ ਆਗਿਆ ਦੇ ਰਹੀ ਹੈ।

ਵਰਨਣ ਯੋਗ ਹੈ ਕਿ ਅਗਸਤ ਵਿੱਚ ਅੰਦੋਲਨ ਕਰਦੇ ਲੋਕਾਂ ਨੇ ਹਵਾਈ ਅੱਡੇ ਦੇ ਅਰਾਈਵਲ ਹਾਲ ਵਿੱਚ ਪਹੁੰਚ ਕੇ ਕੰਮ ਪ੍ਰਭਾਵਿਤ ਕੀਤਾ ਸੀ ਤਾਂ ਦਰਜਨਾਂ ਉਡਾਣਾਂ ਰੱਦ ਕਰਨੀਆਂ ਪਈਆਂ ਤੇ ਪੂਰੀ ਦੁਨੀਆ ਵਿੱਚ ਹਾਂਗ ਕਾਂਗ ਦੀ ਬਦਨਾਮੀ ਹੋਈ ਸੀ। ਕੱਲ੍ਹ ਸ਼ੁੱਕਰਵਾਰ ਸ਼ਾਮ ਫਿਰ ਸੜਕਾਂ ਉੱਤੇ ਨਿਕਲੇ ਹਜ਼ਾਰਾਂ ਲੋਕਾਂ ਵੱਲੋਂ ਹਫ਼ਤੇ ਦੇ ਅੰਤ ਵਿੱਚ ਉਹੋ ਕੁਝ ਕਰਨ ਦੀ ਯੋਜਨਾ ਸੀ, ਪਰ ਪੁਲਿਸ ਨੇ ਚੌਕਸੀ ਵਰਤ ਕੇ ਉਨ੍ਹਾਂ ਨੂੰ ਅੱਗੇ ਜਾਣ ਤੋਂ ਰੋਕ ਦਿੱਤਾ। ਸ਼ੁੱਕਰਵਾਰ ਪੂਰੀ ਰਾਤ ਅਤੇ ਫਿਰ ਸ਼ਨਿਚਰਵਾਰ ਨੂੰ ਪੁਲਿਸ ਤੇ ਲੋਕਾਂ ਵਿਚਾਲੇ ਲੁਕਣਮੀਟੀ ਚੱਲਦੀ ਰਹੀ। ਟੋਲੀਆਂ ਵਿੱਚ ਵੰਡੇ ਹੋਏ ਇਹ ਲੋਕ ਹਵਾਈ ਅੱਡੇ ਵੱਲ ਜਾਣ ਦਾ ਯਤਨ ਕਰਦੇ ਰਹੇ ਤੇ ਪੁਲਿਸ ਉਨ੍ਹਾਂ ਨੂੰ ਪਿੱਛੇ ਧੱਕਦੀ ਰਹੀ।

## ਜ਼ਿੰਬਾਬਵੇ ਦੇ ਨਾਇਕ ਰਹਿ ਚੁੱਕੇ ਰਾਬਰਟ ਮੁਗਾਬੇ ਦਾ ਦੇਹਾਂਤ



ਹਰਾਰੇ, 8 ਸਤੰਬਰ (ਪੋਸਟ ਬਿਊਰੋ)- ਅਫਰੀਕੀ ਦੇਸ਼ ਜ਼ਿੰਬਾਬਵੇ ਦੀ ਆਜ਼ਾਦੀ ਲਹਿਰ ਦੇ ਨਾਇਕ ਸਾਬਕਾ ਰਾਸ਼ਟਰਪਤੀ ਰਾਬਰਟ ਮੁਗਾਬੇ ਦਾ ਕੱਲ੍ਹ 95 ਸਾਲ ਦੀ ਉਮਰ 'ਚ ਸਿੰਗਾਪੁਰ 'ਚ ਦੇਹਾਂਤ ਹੋ ਗਿਆ।

37 ਸਾਲ ਤੱਕ ਜ਼ਿੰਬਾਬਵੇ ਉੱਤੇ ਸ਼ਾਸਨ ਕਰਨ ਵਾਲੇ ਮੁਗਾਬੇ ਪਿਛਲੇ ਕੁਝ ਦਿਨਾਂ ਤੋਂ ਸਿੰਗਾਪੁਰ ਦੇ ਹਸਪਤਾਲ 'ਚ ਇਲਾਜ ਕਰਵਾ ਰਹੇ ਸਨ। ਜ਼ਿੰਬਾਬਵੇ ਦੇ ਰਾਸ਼ਟਰਪਤੀ ਇਮਰਸਨ ਮਨਾਂਗਵਾ ਨੇ ਇੱਕ ਟਵੀਟ ਰਾਹੀਂ ਮੁਗਾਬੇ ਦੇ ਦੇਹਾਂਤ ਦਾ ਐਲਾਨ ਕੀਤਾ ਅਤੇ ਲਿਖਿਆ ਕਿ ਬੇਹੱਦ ਦੁੱਖ ਨਾਲ ਮੈਂ ਇਹ ਐਲਾਨ ਕਰਦਾ ਹਾਂ ਕਿ ਜ਼ਿੰਬਾਬਵੇ ਦੇ ਮੋਢੀ ਤੇ ਸਾਬਕਾ ਰਾਸ਼ਟਰਪਤੀ ਰਾਬਰਟ ਮੁਗਾਬੇ ਨਹੀਂ ਰਹੇ। ਮੁਗਾਬੇ ਦੇਸ਼ ਦੀ ਆਜ਼ਾਦੀ ਦੇ ਪ੍ਰਤੀਕ ਸਨ। ਉਹ ਅਜਿਹੇ ਅਫਰੀਕੀ ਆਗੂ ਸਨ, ਜਿਨ੍ਹਾਂ ਨੇ ਆਪਣੇ ਜੀਵਨ ਆਪਣੇ ਲੋਕਾਂ ਦੀ ਆਜ਼ਾਦੀ ਸ਼ਕਤੀਕਰਨ ਲਈ ਸਮਰਪਿਤ ਕਰ ਦਿੱਤਾ। ਮੁਗਾਬੇ ਦੇ ਕਈ ਫੈਸਲਿਆਂ ਕਾਰਨ ਲੋਕਾਂ 'ਚ ਉਨ੍ਹਾਂ ਦੇ ਪ੍ਰਤੀ ਨਾਰਾਜ਼ਗੀ ਵਧਦੀ ਗਈ। ਉਨ੍ਹਾਂ ਖਿਲਾਫ ਅੰਦੋਲਨ ਵੀ ਕੀਤਾ ਗਿਆ। ਨਵੰਬਰ 2017 ਵਿੱਚ ਫੌਜ ਦੇ ਦਬਾਅ ਵਿੱਚ ਉਨ੍ਹਾਂ ਨੂੰ ਅਸਤੀਫਾ ਦੇਣਾ ਪਿਆ ਸੀ। ਬ੍ਰਿਟਿਸ਼ ਸ਼ਾਸਨ ਦੇ ਖਿਲਾਫ 1965 ਤੋਂ 1979 ਤੱਕ ਚੱਲੀ ਛਾਪਾ-ਮਾਰ ਜੰਗ ਤੋਂ ਬਾਅਦ ਮੁਗਾਬੇ ਨਾਇਕ ਦੇ ਤੌਰ ਉਤੇ ਉਭਰੇ ਸਨ। ਉਹ 1980 ਵਿੱਚ ਜ਼ਿੰਬਾਬਵੇ ਦੇ ਪਹਿਲੇ ਗੈਰ-ਗੋਰੇ ਪ੍ਰਧਾਨ ਮੰਤਰੀ ਚੁਣੇ ਗਏ ਸਨ ਅਤੇ ਸਾਲ 1987 'ਚ ਉਹ ਰਾਸ਼ਟਰਪਤੀ ਬਣੇ ਸਨ। ਮੁਗਾਬੇ ਦਾ ਜਨਮ 21 ਫਰਵਰੀ 1924 ਨੂੰ ਹੋਇਆ ਸੀ। ਉਨ੍ਹਾਂ ਨੇ ਪ੍ਰਾਇਮਰੀ ਸਕੂਲ ਟੀਚਰ ਵਜੋਂ ਕਰੀਅਰ ਸ਼ੁਰੂ ਕੀਤਾ ਅਤੇ ਅੰਗਰੇਜ਼ ਰਾਜ ਦਾ ਵਿਰੋਧ ਕਰਨ 'ਤੇ ਉਨ੍ਹਾਂ ਨੂੰ ਇਕ ਦਹਾਕਾ ਜੇਲ੍ਹ 'ਚ ਗੁਜ਼ਾਰਨਾ ਪਿਆ ਸੀ।

# ਭਾਰਤੀ ਰਾਸ਼ਟਰਪਤੀ ਕੋਵਿੰਦ ਨੂੰ ਹਵਾਈ ਲਾਂਘਾ ਦੇਣ ਤੋਂ ਪਾਕਿ ਦਾ ਇਨਕਾਰ



ਇਸਲਾਮਾਬਾਦ, 8 ਸਤੰਬਰ, (ਪੋਸਟ ਬਿਊਰੋ)- ਭਾਰਤ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੇ ਲੰਘਣ ਵਾਸਤੇ ਆਪਣੇ ਹਵਾਈ ਖੇਤਰ ਤੋਂ ਲਾਂਘਾ ਦੇਣ ਤੋਂ ਵੀ ਪਾਕਿ-ਸਤਾਨ ਸਰਕਾਰ ਨੇ ਇਨਕਾਰ ਕਰ ਦਿੱਤਾ ਹੈ। ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਆਈਸਲੈਂਡ ਜਾਣ ਲਈ ਪਾਕਿਸਤਾਨ ਦੇ ਹਵਾਈ ਖੇਤਰ ਵਿਚੋਂ ਲੰਘਣਾ ਸੀ।

ਇਸ ਸੰਬੰਧ ਵਿੱਚ ਪਾਕਿਸਤਾਨੀ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਅੱਜ ਸ਼ਨੀਵਾਰ ਇਸਲਾਮਾਬਾਦ ਵਿੱਚ ਕਿਹਾ ਕਿ ਨੇ ਭਾਰਤੀ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਆਪਣੀ ਹਵਾਈ ਖੇਤਰ ਵਿਚ ਦਾਖਲ ਹੋਣ ਦੀ ਇਜਾਜ਼ਤ ਅਸੀਂ ਨਹੀਂ ਦਿੱਤੀ। ਇਸ ਦੌਰਾਨ ਉਨ੍ਹਾਂ ਨੇ ਪਾਕਿਸਤਾਨੀ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅਸੀਂ ਕਸ਼ਮੀਰ ਲਈ ਯੂ ਐੱਨ ਮਨੁੱਖੀ ਅਧਿਕਾਰ ਕੌਂਸਲ ਵਿਚ ਵੀ ਜਾਣ ਵਾਲੇ ਹਾਂ। ਭਾਰਤ ਸਰਕਾਰ ਵਲੋਂ ਜੰਮੂ-ਕਸ਼ਮੀਰ ਤੋਂ ਵਿਸ਼ੇਸ਼ ਦਰਜੇ ਦੀ ਧਾਰਾ 370 ਹਟਾਏ ਜਾਣ ਤੋਂ ਬਾਅਦ ਪਾਕਿਸਤਾਨ ਭੜਕਿਆ ਪਿਆ ਹੈ ਅਤੇ ਹਰ ਕਦਮ ਉੱਤੇ ਭਾਰਤ ਨੂੰ ਧਮਕੀ ਦੇ ਰਿਹਾ ਹੈ। ਉਸ ਨੇ ਭਾਰਤੀ ਹਾਈ ਕਮਿਸ਼ਨਰ ਨੂੰ ਵਾਪਸ ਭੇਜ ਦਿੱਤਾ ਅਤੇ ਦੁਵੱਲਾ ਵਪਾਰ ਵੀ ਖਤਮ ਕਰ ਦਿੱਤਾ ਸੀ। ਕੁਰੈਸ਼ੀ ਨੇ ਕਿਹਾ ਕਿ ਕਸ਼ਮੀਰ ਦੇ ਮੌਜੂਦਾ ਹਾਲਤ ਕਾਰਨ ਪਾਕਿਸਤਾਨ ਨੇ ਭਾਰਤ ਲਈ ਏਅਰ ਸਪੇਸ ਬੰਦ ਕਰਨ ਦਾ ਫੈਸਲਾ ਲਿਆ ਹੈ। ਇਹ ਫੈਸਲਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪ੍ਰਧਾਨਗੀ ਹੇਠ ਹੋਈ ਬੈਠਕ ਵਿੱਚ ਲਿਆ ਗਿਆ ਹੈ।

ਭਾਰਤ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਆਈਸਲੈਂਡ, ਸਵਿਟਜ਼ਰਲੈਂਡ ਤੇ ਸਲੋਵੇਨੀਆ ਤੇ ਭਾਰਤ ਦੇ ਆਰਥਿਕ ਸੰਬੰਧਾਂ ਨੂੰ ਵਧਾਉਣ ਲਈ ਵਪਾਰਕ ਵਫਦ ਨਾਲ ਤਿੰਨ ਦੇਸ਼ਾਂ ਦੇ ਦੌਰੇ ਉੱਤੇ ਜਾਣ ਵਾਲੇ ਸਨ। ਉਨ੍ਹਾ ਦੇ ਦੌਰੇ ਲਈ ਏਅਰ ਸਪੇਸ ਖੋਲ੍ਹਣ ਤੋਂ ਪਾਕਿਸਤਾਨ ਦੇ ਨਾਂਹ ਤੋਂ ਭਾਰਤ ਨੇ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ, 'ਪਾਕਿਸਤਾਨ ਸਰਕਾਰ ਵੱਲੋਂ ਵੀ ਵੀ ਆਈ ਪੀ ਸਪੈਸ਼ਲ ਫਲਾਈਟ ਨੂੰ ਕਲੀਅਰੈਂਸ ਨਾ ਦੇਣ ਦੇ ਫੈਸਲੇ ਉੱਤੇ ਸਾਨੂੰ ਅਫਸੋਸ ਹੈ, ਜਦ ਕਿ ਹਰ ਆਮ ਦੇਸ਼ ਵੱਲੋਂ ਇਸ ਤਰ੍ਹਾਂ ਕਲੀਅਰੈਂਸ ਰੈਗੂਲਰ ਤੌਰ ਉੱਤੇ ਦੇ ਦਿੱਤੀ ਜਾਂਦੀ ਹੈ।

## ਅਰਬਪਤੀ ਕਾਰੋਬਾਰੀ ਨੇ ਸਕੂਲ ਨੂੰ ਰਾਜਮਹਿਲ ਵਿੱਚ ਬਦਲਣ ਦਾ ਸੁਫਨਾ ਪੂਰਾ ਕੀਤਾ

ਮਾਸਕੋ, 8 ਸਤੰਬਰ (ਪੋਸਟ ਬਿਊਰੋ)- ਰੂਸ ਦੇ ਅਰਬਪਤੀ ਆਂਦ੍ਰੇਈ ਸਿਮੋਨਵਸਕੀ ਨੇ ਜਿਸ ਸਕੂਲ ਤੋਂ ਪੜ੍ਹਾਈ ਕੀਤੀ, ਉਸ ਦੀ ਨੁਹਾਰ ਬਦਲ ਦਿੱਤੀ ਹੈ। ਉਨ੍ਹਾਂ ਨੇ ਸਕੂਲ ਨੂੰ ਰਾਜਮਹਿਲ ਵਰਗਾ ਬਣਾ ਦਿੱਤਾ ਹੈ। ਆਂਦ੍ਰੇਈ ਯੇਕਾਤੇਰਿਨਬਰਗ ਇਸ ਸੈਕੰਡਰੀ ਸਕੂਲ ਦੇ ਸਾਬਕਾ ਵਿਦਿਆਰਥੀ ਹੋਣ ਦੇ ਨਾਲ ਬਿਜ਼ਨਸਮੈਨ ਵੀ ਹਨ। ਉਨ੍ਹਾਂ ਨੇ ਇਸ ਸਕੂਲ ਵਿੱਚ ਮਾਰਬਲ ਅਤੇ ਸੋਨੇ ਦੀਆਂ ਦੀਵਾਰਾਂ, ਫਰਸ਼ ਅਤੇ ਬਾਥਰੂਮ ਵਿੱਚ ਐਡਵਾਂਸ ਬੇਸਿਨ ਲਗਵਾਏ ਹਨ। ਸਕੂਲ ਦੀ ਛੱਤ ਉੱਤੇ ਲੱਗੇ ਸੋਨੇ ਦੇ ਝੂਮਰ ਲੱਗੇ ਦੇਖ ਕੇ ਲੱਗਦਾ ਹੈ ਕਿ ਕਿਸੇ ਸਕੂਲ ਵਿੱਚ ਨਹੀਂ, ਫਰਾਂਸ ਦੇ ਕਿਸੇ ਪੈਲੇਸ ਵਿੱਚ ਖੜ੍ਹੇ ਹੋਈ। ਆਂਦ੍ਰੇਈ ਬਚਪਨ ਤੋਂ ਹੀ ਅਮੀਰ ਬਣਨਾ ਚਾਹੁੰਦੇ ਸਨ। ਉਨ੍ਹਾਂ ਦਾ ਇਹ ਸੁਫਨਾ ਸੀ ਕਿ ਲੋੜੀਂਦਾ ਪੈਸਾ ਮਿਲ ਗਿਆ ਤਾਂ ਇਸ ਸਕੂਲ ਨੂੰ ਮਹਿਲ ਦੀ ਤਰ੍ਹਾਂ ਸਜਾਉਣਗੇ, ਜਿਸ ਨੂੰ ਉਨ੍ਹਾਂ ਨੇ ਪੂਰਾ ਕੀਤਾ ਹੈ। ਸਕੂਲ ਦੇ ਕਾਫੀ ਹਿੱਸੇ ਦਾ ਕੰਮ ਪੂਰਾ ਹੋ ਗਿਆ ਹੈ। ਕਲਾਸਾਂ ਅਤੇ ਦਫਤਰ ਨੂੰ ਹੋਰ ਖੂਬਸੂਰਤ ਬਣਾਉਣ ਦੀ ਕੋਸ਼ਿਸ਼ ਜਾਰੀ ਹੈ।

## ਇਟਲੀ ਦੀ ਨਵੀਂ ਸਰਕਾਰ ਬਣੀ, ਗੈਰ-ਕਾਨੂੰਨੀ ਪ੍ਰਵਾਸੀਆਂ ਲਈ ਆਸ ਦੀ ਕਿਰਨ ਚਮਕੀ



ਰੋਮ, (ਇਟਲੀ), 8 ਸਤੰਬਰ, (ਪੋਸਟ ਬਿਊਰੋ)- ਇਟਲੀ ਨੂੰ ਆਰਥਿਕ ਸੰਕਟ ਤੋਂ ਕੱਢਣ ਅਤੇ ਦੇਸ਼ ਵਾਸੀਆਂ ਨੂੰ ਸਥਿਰ ਤੇ ਸਾਰਥਕ ਸਰਕਾਰ ਦੇਣ ਲਈ ਇੱਕ ਵਾਰ ਫਿਰ ਜੁਸੇਪੇ ਕੌਂਤੇ ਨੇ 5 ਸਤੰਬਰ ਨੂੰ 44ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ 1 ਜੂਨ 2018 ਨੂੰ 43ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ ਸੀ, ਪਰ ਭਾਈਵਾਲ ਪਾਰਟੀ ਦੇ ਆਗੂ ਸਲਵੀਨੀ ਦੀਆਂ ਮਾੜੀਆਂ ਨੀਤੀਆਂ ਤੋਂ ਤੰਗ ਹੋ ਕੇ ਅਸਤੀਫਾ ਦੇ ਦਿੱਤਾ ਸੀ। ਨਵੀਂ ਸਰਕਾਰ ਪੀ ਡੀ 5 ਸਟਾਰ ਮੂਵਮੈਂਟਸ ਅਤੇ ਲੀਏ ਪਾਰਟੀ ਨਾਲ ਸਾਂਝੀ ਬਣਾਈ ਹੈ, ਜਿਸ ਵਿੱਚ 9 ਮੰਤਰੀ ਪੀ ਡੀ ਦੇ, 10 ਮੰਤਰੀ 5 ਸਟਾਰ ਮੂਵਮੈਂਟਸ ਅਤੇ ਲੀਏ ਦੇ ਬਣਾਏ ਹਨ, ਇਹਨਾਂ ਵਿੱਚ 7 ਔਰਤਾਂ ਵੀ ਸ਼ਾਮਿਲ ਹਨ।

ਜੁਸੇਪੇ ਕੌਂਤੇ ਦੀ ਅਗਵਾਈ ਵਾਲੀ ਇਟਲੀ ਦੀ ਨਵੀਂ ਸਰਕਾਰ ਤੋਂ ਜਿੱਥੇ ਇਟਲੀ ਦੇ ਲੋਕਾਂ ਨੂੰ ਦੇਸ਼ ਦੀ ਤਰੱਕੀ ਦੀ ਵੱਡੀ ਆਸ ਹੈ, ਓਥੇ ਇਟਲੀ ਵਿੱਚ ਰਹਿਣ ਦਾ ਯਤਨ ਕਰਦੇ ਲੱਖਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਭਵਿੱਖ ਬਾਰੇ ਨਵੀਂ ਆਸ ਦੀ ਕਿਰਨ ਦਿੱਸੀ ਹੈ। ਪਿਛਲੀ ਸਰਕਾਰ ਦੇ ਗ੍ਰਹਿ ਮੰਤਰੀ ਸਲਵੀਨੀ ਸਿੱਧੇ ਤੌਰ ਉੱਤੇ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਵਿਰੁੱਧ ਸਨ ਤੇ ਉਨ੍ਹਾਂ ਕਈ ਅਜਿਹੇ ਕਾਨੂੰਨਾਂ ਨੂੰ ਹਰੀ ਝੰਡੀ ਦਿੱਤੀ ਸੀ, ਜਿਨ੍ਹਾਂ ਨਾਲ ਇਟਲੀ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਦਾ ਜਿਊਣਾ ਮੁਹਾਲ ਜਿਹਾ ਹੁੰਦਾ ਲੱਗਦਾ ਸੀ। ਨਵੀਂ ਸਰਕਾਰ ਬਣਨ ਦੇ ਨਾਲ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਚਿਹਰੇ ਉੱਤੇ ਕਈ ਮਹੀਨਿਆਂ ਪਿੱਛੋਂ ਮੁਸਕਾਨ ਦੇਖਣ ਨੂੰ ਮਿਲੀ ਅਤੇ ਇੱਕੋ ਦਿਨ ਬਾਅਦ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲੱਗਣ ਲੱਗਾ ਹੈ ਕਿ ਇਹ ਸਰਕਾਰ ਉਨ੍ਹਾਂ ਲਈ ਇਮੀਗ੍ਰੇਸ਼ਨ ਖੋਲ੍ਹ ਦੇਵੇਗੀ। ਨਵੀਂ ਸਰਕਾਰ ਵਿੱਚ ਸਾਬਕਾ ਗ੍ਰਹਿ ਮੰਤਰੀ ਮਾਤੇਓ ਸਲਵੀਨੀ ਦੀ ਥਾਂ ਇਮੀਗ੍ਰੇਸ਼ਨ ਮਾਹਿਰ ਮੈਡਮ ਲੂਚਾਨਾ ਮੌਰਜੇਸੇ (65) ਨੂੰ ਗ੍ਰਹਿ ਮੰਤਰੀ ਬਣਾਇਆ ਹੈ, ਜਿਹੜੀ ਪਿਛਲੇ ਗ੍ਰਹਿ ਮੰਤਰੀ ਸਲਵੀਨੀ ਦੇ ਪੈਦਾ ਕੀਤੇ ਸੰਕਟਾਂ ਨੂੰ ਨਜਿੱਠਣ ਲਈ ਬਹੁਤ ਯੋਗ ਮੰਨੀ ਜਾਂਦੀ ਹੈ। ਉਹ ਬੀਤੇ ਸਾਲਾਂ ਵਿੱਚ ਉੱਤਰੀ ਇਟਲੀ ਦੇ ਸ਼ਰਨਾਰਥੀ ਤੇ ਪ੍ਰਵਾਸੀ ਲੋਕਾਂ ਦੇ ਰਿਸੈਪਸ਼ਨ ਕੇਂਦਰਾਂ ਦੀ ਇੰਚਾਰਜ ਰਹੀ ਤੇ ਏਕੀਕਰਨ ਸਮਾਗਮਾਂ ਅਤੇ ਨੀਤੀਆਂ ਨੂੰ ਉਤਸ਼ਾਹਤ ਕਰਨ ਲਈ ਜਾਣੀ ਜਾਂਦੀ ਹੈ। ਉਹ ਮਿਲਾਨ ਦੀ ਸੁੱਰਖਿਆ ਬਾਰੇ ਪਹਿਲੀ ਮਹਿਲਾ ਮੁਖੀ ਵੀ ਰਹੀ ਹੈ।

## ਵਿਦਿਆਰਥੀ ਦੀ ਮੌਤ ਦੇ ਰੋਸ ਵਜੋਂ ਸਕੂਲ ਸਾੜ ਦਿੱਤਾ ਗਿਆ



ਲਾਹੌਰ, 8 ਸਤੰਬਰ (ਪੋਸਟ ਬਿਊਰੋ)- ਹੋਮ-ਵਰਕ ਨਾ ਕਰਨ ਉੱਤੇ ਟੀਚਰ ਵੱਲੋਂ ਵਿਦਿਆਰਥੀ ਦੀ ਕੁੱਟਮਾਰ ਦੇ ਕਾਰਨ ਹੋਈ ਮੌਤ ਤੋਂ ਗੁੱਸੇ 'ਚ ਆਏ ਲੋਕਾਂ ਦੇ ਇੱਕ ਗਰੁੱਪ ਨੇ ਸਕੂਲ ਨੂੰ ਅੱਗ ਲਾ ਦਿੱਤੀ। ਇਹ ਘਟਨਾ ਲੰਘੇ ਵੀਰਵਾਰ ਕੇਂਦਰੀ ਲਾਹੌਰ ਤੇ ਗੁਲਸ਼ਨ-ਏ-ਰਾਵੀ ਇਲਾਕੇ ਵਿਚਲੇ ਅਮੈਰੀਕਨ ਲਾਈਸਟੱਫ ਸਕੂਲ 'ਚ ਵਾਪਰੀ ਜਿੱਥੇ ਇੱਕ ਅਧਿਆਪਕ ਨੇ ਹਾਫਿਜ਼ ਹੁਨੈਨ ਬਿਲਾਲ ਨਾਂਅ ਦੇ ਦਸਵੀਂ 'ਚ ਪੜ੍ਹਦੇ ਵਿਦਿਆਰਥੀ ਨੂੰ ਬੇਰਹਿਮੀ ਨਾਲ ਕੁੱਟਿਆ ਸੀ।

ਪੁਲਸ ਦੇ ਅਨੁਸਾਰ ਅਧਿਆਪਕ ਮੁਹੰਮਦ ਕਾਮਰਾਨ ਨੇ ਸਕੂਲ ਦਾ ਦਿੱਤਾ ਕੰਮ ਯਾਦ ਨਾ ਕਰਨ ਦੇ ਕਾਰਨ ਇੱਕ ਵਿਦਿਆਰਥੀ ਬਿਲਾਲ ਨੂੰ ਲਗਾਤਾਰ ਕਈ ਮੁੱਕੇ ਮਾਰੇ ਤੇ ਫਿਰ ਉਸ ਨੂੰ ਵਾਲਾਂ ਤੋਂ ਫੜ ਕੇ ਉਸ ਦਾ ਸਿਰ ਕੰਧ ਵਿੱਚ ਮਾਰ ਦਿੱਤਾ ਜਿਸ ਨਾਲ ਵਿਦਿਆਰਥੀ ਬੇਹੋਸ਼ ਹੋ ਗਿਆ ਤੇ ਹਸਪਤਾਲ ਲਿਜਾਂਦਿਆਂ ਰਾਹ ਵਿੱਚ ਉਸ ਦੀ ਮੌਤ ਹੋ ਗਈ। ਇਸ ਤੋਂ ਗੁੱਸੇ ਵਿੱਚ ਆਏ ਵਿਦਿਆਰਥੀ ਦੇ ਇੱਕ ਗਰੁੱਪ ਨੇ ਕੱਲ੍ਹ ਸਕੂਲ ਦੀ ਇਮਾਰਤ 'ਤੇ ਪੈਟਰੋਲ ਨਾਲ ਭਰੀਆਂ ਬੋਤਲਾਂ ਸੁੱਟ ਕੇ ਅੱਗ ਲਾ ਦਿੱਤੀ। ਇਸ 'ਤੇ ਕਾਬੂ ਪਾਉਣ ਲਈ ਫਾਇਰ ਬ੍ਰਿਗੇਡ ਦੀਆਂ ਟੀਮਾਂ ਨੂੰ ਕਈ ਘੰਟੇ ਮੁਸ਼ੱਕਤ ਕਰਨੀ ਪਈ। ਪੁਲਸ ਨੇ ਮੌਕੇ 'ਤੇ ਇਕੱਠੇ ਹੋਏ ਲੋਕਾਂ ਨੂੰ ਖਦੇੜਿਆ ਤੇ ਕਈਆਂ ਨੂੰ ਗ੍ਰਿਫਤਾਰ ਕਰ ਲਿਆ। ਤਿੰਨ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਸ ਨੇ ਸਕੂਲ ਦੇ ਪ੍ਰਿੰਸੀਪਲ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ।

## ਸਾਬਕਾ ਪਤਨੀ ਰੇਹਾਮ ਨੇ ਇਮਰਾਨ ਦਾ ਫਿਰ ਮਜ਼ਾਕ ਉਡਾਇਆ



ਇਸਲਾਮਾਬਾਦ, 8 ਸਤੰਬਰ (ਪੋਸਟ ਬਿਊਰੋ)- ਕਸ਼ਮੀਰ ਮੁੱਦੇ ਬਾਰੇ ਭਾਰਤ ਨੂੰ ਗਿੱਦੜ ਭਬਕੀ ਦੇ ਰਹੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਉਨ੍ਹਾਂ ਦੀ ਸਾਬਕਾ ਪਤਨੀ ਰੇਹਾਮ ਖਾਨ ਨੇ ਫਿਰ ਮਜ਼ਾਕ ਉਡਾਇਆ ਹੈ।

ਕਸ਼ਮੀਰੀ ਲੋਕਾਂ ਦੀ ਹਮਾਇਤ ਵਿੱਚ ਪਾਕਿਸਤਾਨ ਵਿੱਚ ਹਰ ਸ਼ੁੱਕਰਵਾਰ ਨੂੰ ਅੱਧੇ ਘੰਟਾ ਵਿਰੋਧ ਪ੍ਰਦਰਸ਼ਨ ਕਰਨ ਦੀ ਇਮਰਾਨ ਖਾਨ ਦੀ ਅਪੀਲ ਉੱਤੇ ਤਿੱਖਾ ਹਮਲੇ ਬੋਲਦੇ ਹੋਏ ਰੇਹਾਮ ਖਾਨ ਨੇ ਕਿਹਾ ਕਿ ਇੱਕ ਹਫਤੇ ਵਿੱਚ ਹੀ ਉਨ੍ਹਾਂ ਦੀ ਆਕੜ ਨਿਕਲ ਗਈ ਹੈ। ਰੇਹਾਮ ਖਾਨ ਨੇ ਸ਼ੁੱਕਰਵਾਰ ਨੂੰ ਟਵੀਟ ਕਰ ਕੇ ਕਿਹਾ, ਜਿਨ੍ਹਾਂ ਨੇ ਕਸ਼ਮੀਰੀਆਂ ਦਾ ਸਾਥ ਦੇਣ ਲਈ ਹਰ ਜੁੰਮੇ ਵਾਲੇ ਦਿਨ ਤੀਹ ਮਿੰਟ ਖੜ੍ਹੇ ਹੋਣਾ ਸੀ, ਉਨ੍ਹਾਂ ਦੀ ਹਿੰਮਤ ਇੱਕ ਹਫਤੇ ਵਿੱਚ ਹੀ ਜਵਾਬ ਦੇ ਗਈ। ਸ਼ਾਇਦ ਸਿਲੈਕਟਿਡ ਪ੍ਰਧਾਨ ਮੰਤਰੀ ਅਜੇ ਮੌਸਮ ਬਿਹਤਰ ਹੋਣ ਦੀ ਉਡੀਕ ਕਰ ਰਹੇ ਹਨ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਅਪੀਲ 'ਤੇ ਪਿਛਲੇ ਸ਼ੁੱਕਰਵਾਰ ਨੂੰ ਵੀ ਪਾਕਿ-ਸਤਾਨ ਵਿੱਚ ਕਸ਼ਮੀਰੀ ਲੋਕਾਂ ਦੇ ਹਮਾਇਤ ਵਿਚ ਖੜ੍ਹੇ ਹੋਣ ਦਾ ਵਿਖਾਵਾ ਕੀਤਾ ਗਿਆ ਸੀ। ਖੁਦ ਇਮਰਾਨ ਖਾਨ ਵੀ ਮੁਜ਼ਾਹਰੇ ਵਿੱਚ ਸ਼ਾਮਲ ਹੋਏ ਸਨ ਅਤੇ ਕਸ਼ਮੀਰੀਆਂ ਨਾਲ ਆਖਰੀ ਦਮ ਤੱਕ ਖੜ੍ਹੇ ਰਹਿਣ ਦਾ ਐਲਾਨ ਕੀਤਾ ਸੀ, ਪਰ ਸਰਕਾਰ ਦੀਆਂ ਸਭ ਕੋਸ਼ਿਸ਼ਾਂ ਦੇ ਬਾਵਜੂਦ ਇਨ੍ਹਾਂ ਮੁਜ਼ਾਹਰਾਕਾਰੀਆ ਵਿੱਚ ਖਾਸ ਭੀੜ ਇਕੱਠੀ ਨਹੀਂ ਹੋਈ। ਰੇਹਾਮ ਨੇ ਪਿਛਲੇ ਹਫਤੇ ਵੀ ਇਮਰਾਨ ਦਾ ਮਜ਼ਾਕ ਉਡਾਉਂਦੇ ਹੋਏ ਟਵੀਟ ਕੀਤਾ ਸੀ ਕਿ ਅੱਜ ਕੱਲ੍ਹ ਭਾਰਤ ਵਿੱਚੋਂ ਵੀ ਮਕਬੂਜ਼ਾ ਕਸ਼ਮੀਰ ਨੂੰ ਵਾਪਸ ਲੈਣ ਦੀ ਮੰਗ ਉਠਣ ਦੀ ਖਬਰ ਆ ਰਹੀ ਹੈ। ਪਾਕਿਸਤਾਨ ਕੁਝ ਕਰਨ ਵਿੱਚ ਸਮਰੱਥ ਨਹੀਂ ਹੈ।

ਪਾਕਿਸਤਾਨੀ ਮੂਲ ਦੀ ਬ੍ਰਿਟਿਸ਼ ਨਾਗਰਿਕ ਰੇਹਮ ਪੇਸ਼ੇ ਤੋਂ ਪੱਤਰਕਾਰ ਹੈ। ਉਹ ਇਮਰਾਨ ਖਾਨ ਦੀ ਦੂਜੀ ਪਤਨੀ ਰਹਿ ਚੁੱਕੀ ਹੈ। ਦੋਵਾਂ ਨੇ ਜਨਵਰੀ 2015 ਵਿੱਚ ਨਿਕਾਹ ਕੀਤਾ ਸੀ। ਉਨ੍ਹਾਂ ਦਾ ਵਿਆਹੁਤਾ ਜੀਵਨ ਇੱਕ ਸਾਲ ਵੀ ਨਹੀਂ ਚੱਲ ਸਕਿਆ ਸੀ ਅਤੇ ਦੋਵਾਂ ਦਾ ਤਲਾਕ ਹੋ ਗਿਆ ਸੀ।

## ਸੰਯੁਕਤ ਰਾਸ਼ਟਰ ਸੰਮੇਲਨ ਅੱਜ ਤੋਂ

ਸੰਯੁਕਤ ਰਾਸ਼ਟਰ, 8 ਸਤੰਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜ਼ਮੀਨੀ ਖੋਰੇ ਦੇ ਮੁੱਦੇ 'ਤੇ 'ਕੋਈ ਵੱਡਾ' ਐਲਾਨ ਕਰ ਸਕਦੇ ਹਨ। ਸੰਯੁਕਤ ਰਾਸ਼ਟਰ ਦੀ ਸੋਕਾ ਪੈਣ ਦੀ ਸਮੱਸਿਆ, ਜ਼ਮੀਨੀ ਖੋਰੇ ਦੀ ਸਮੱਸਿਆ ਨਾਲ ਜੁੜੀ ਇਕਾਈ ਦੇ ਮੁਖੀ ਨੇ ਕਿਹਾ ਕਿ ਮੁਲਕ ਦੀ ਇਸ ਬਾਰੇ ਕੀ ਯੋਜਨਾ ਹੈ, ਮੋਦੀ ਇਸ ਬਾਰੇ ਕੋਈ ਚੰਗਾ ਐਲਾਨ ਕਰ ਸਕਦੇ ਹਨ। ਭਾਰਤ ਜ਼ਮੀਨੀ ਖੋਰੇ ਤੇ ਭੂਮੀ ਪਤਨ ਬਾਰੇ ਇਕ ਆਲਮੀ ਸੰਮੇਲਨ ਦੀ ਮੇਜ਼ਬਾਨੀ ਕਰ ਰਿਹਾ ਹੈ। ਇਸ ਸਮੱਸਿਆ ਦੇ ਹੱਲ ਲਈ ਸੀਓਪੀ14 ਸੰਗਠਨ ਵਿਚ ਸ਼ਾਮਲ ਮੁਲਕਾਂ ਦਾ ਸੈਸ਼ਨ ਨਵੀਂ ਦਿੱਲੀ ਵਿਚ 9 ਸਤੰਬਰ ਤੋਂ ਹੋਵੇਗਾ। ਇਸ ਦਾ ਥੀਮ ਹੈ 'ਧਰਤੀ ਲਈ ਨਿਵੇਸ਼ ਕਰੋ, ਨਵੇਂ ਮੌਕੇ ਪੈਦਾ ਕਰੋ'। ਸੀਓਪੀ14 ਸੰਮੇਲਨ 13 ਸਤੰਬਰ ਤੱਕ ਚੱਲੇਗਾ। ਇਸ ਵਿਚ ਮੰਤਰੀ, ਵਿਗਿਆਨਕ, ਸਰਕਾਰੀ ਨੁਮ-ਾਇੰਦੇ, ਗੈਰ ਸਰਕਾਰੀ ਸੰਗਠਨ ਤੇ 196 ਮੁਲਕਾਂ ਤੋਂ ਕਈ ਫ਼ਿਰਕਿਆਂ ਦੇ ਮੈਂਬਰ ਹਿੱਸਾ ਲੈ ਰਹੇ ਹਨ। ਇਸ ਵਿਚ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਬਾਰੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੌਂ ਸਤੰਬਰ ਨੂੰ ਇਸ ਸੰਮੇਲਨ ਦੇ ਉਦਘਾਟਨੀ ਸਮਾਗਮ ਦੀ ਪ੍ਰਧਾਨਗੀ ਕਰਨਗੇ।


FIRST CHOICE FINANCIAL LIMITED
TRUCK LOANS
ਟਰੱਕ ਲੌਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424



MICHELIN Hankook Continental ROADLUX BFGoodrich AEOLUS COMPASAL

Chevron Delo
Special OIL CHANGE Rates

BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum - On Special Sale! Made in U.S
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
1715 Sismet Rd, Mississauga | Call Ranjit: 416.624.8351 | Tel: 905.625.0055

# ਸੰਤ ਬਾਬਾ ਮੱਖਣ ਸਿੰਘ ਕੈਨੇਡਾ ’ਚ



ਬਰੈਂਪਟਨ 8 ਸਤੰਬਰ ( ਪੋਸਟ ਬਿਊਰੋ) ਭਾਈ ਮਨੀ ਸਿੰਘ ਟਕਸਾਲ ਦੇ ਮੁੱਖੀ ਸੰਤ ਬਾਬਾ ਮੱਖਣ ਸਿੰਘ ਤਕਰੀਬਨ ਇੱਕ ਮਹੀਨੇ ਲਈ ਕੈਨੇਡਾ ਦੇ ਸ਼ਾਹਿਰ ਟਰਾਂਟੋ, ਬਰੈਂਪਟਨ ਤੇ ਮਿੱਸੀਸਾਗਾ ਵਿਚ ਆਪਣੇ ਦੋਸਤਾਂ ਮਿੱਤਰਾਂ ਨੂੰ ਮਿਲਣਗੇ ਉਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਦੇ ਸਬੰਧ ਵਿਚ ਸੰਗਤਾਂ ਨਾਲ ਤਾਲਮੇਲ ਕਰ ਰਹੇ ਹਨ ਸੰਤ ਬਾਬਾ ਮੱਖਣ ਸਿੰਘ ਨਾਲ ਉਨਾਂ ਦੇ ਵਟਸਅਪ ਨੰਬਰ +9198140 87893 ਤੇ ਸੰਦੇਸ ਪਾਕੇ ਜਾਂ ਕਾਲ ਕਰਕੇ ਸੰਪਰਕ ਕੀਤਾ ਜਾ ਸਕਦਾ ਹੈ ਆਪ ਸਰਦਾਰ ਹਰਭਜਨ ਸਿੰਘ ਢਿਲੋਂ ਪਾਸ ਠਹਿਰਨਗੇ ਜਿਨਾਂ ਦਾ ਫੋਨ ਨੰਬਰ +1 416-558-4487 ਹੈ।

# ਤਿੰਨ ਅਕਾਲੀ ਨੇਤਾਵਾਂ ਖਿਲਾਫ ਅਰੈਸਟ ਵਾਰੰਟ ਜਾਰੀ

ਹੁਸ਼ਿਆਰਪੁਰ, 8 ਸਤੰਬਰ (ਪੋਸਟ ਬਿਊਰੋ)- ਹੁਸ਼ਿਆਰਪੁਰ-ਜਲੰਧਰ ਫੋਰਲੇਨ ਲੈਂਡ ਸਕੈਮ ਵਿੱਚ ਜਲੰਧਰ ਦੀ ਸਪੈਸ਼ਲ ਅਦਾਲਤ ਨੇ ਈ ਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਦੇ ਇੱਕ ਮਾਮਲੇ ਵਿੱਚ ਤਿੰਨ ਅਕਾਲੀ ਨੇਤਾਵਾਂ ਤੇ ਸ਼ਹਿਰ ਦੇ ਤਿੰਨ ਵੱਡੇ ਵਪਾਰੀਆਂ ਦੇ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ ਹਨ, ਪਰ ਇਸ ਵਿੱਚ ਸਾਬਕਾ ਐੱਸ ਡੀ ਐੱਮ ਹੁਸ਼ਿਆਰਪੁਰ ਆਨੰਦ ਸਾਗਰ ਸ਼ਰਮਾ ਦਾ ਨਾਂਅ ਸ਼ਾਮਲ ਨਹੀਂ ਹੈ। ਸਪੈਸ਼ਲ ਅਦਾਲਤ ਨੇ ਪੰਜਾਬ ਵਿਜੀਲੈਂਸ ਵੱਲੋਂ ਦਾਇਰ ਕੀਤੇ ਕੇਸ 'ਤੇ ਟਿੱਪਣੀ ਕੀਤੀ ਹੈ, ਜਿਸ ਵਿੱਚ ਵਿਜੀਲੈਂਸ ਨੇ ਪਿੱਛੇ ਜਿਹੇ ਕੈਂਸਿਲੇਸ਼ਨ ਰਿਪੋਰਟ ਸ਼ਾਮਲ ਕੀਤੀ ਸੀ, ਜਿਸ ਨੂੰ ਅਦਾਲਤ ਨੇ ਠੁਕਰਾ ਦਿੱਤਾ ਸੀ। ਅੱਗੋਂ ਈ ਡੀ ਦੇ ਕੇਸ ਵਿੱਚ ਅਕਾਲੀ ਨੇਤਾ ਸਤਵਿੰਦਰ ਪਾਲ ਸਿੰਘ ਢੱਟ, ਅਕਾਲੀ ਨੇਤਾ ਅਵਤਾਰ ਸਿੰਘ ਜੌਹਲ ਅਤੇ ਅਕਾਲੀ ਨੇਤਾ ਹਰਪਿੰਦਰ ਸਿੰਘ ਗਿੱਲ, ਸ਼ਹਿਰ ਦੇ ਵੱਡੇ ਕਾਰੋਬਾਰੀ ਪ੍ਰਤੀਕ ਗੁਪਤਾ ਅਤੇ ਪ੍ਰਦੀਪ ਗੁਪਤਾ ਅਤੇ ਜਸਵਿੰਦਰ ਪਾਲ ਸਿੰਘ ਦੇ ਗ੍ਰਿਫਤਾਰੀ ਵਾਰੰਟ ਜਾਰੀ ਹੋਏ ਹਨ। ਈ ਡੀ ਅਗਲੇ ਦਿਨਾਂ ਵਿੱਚ ਸ਼ਹਿਰ 'ਚ ਛਾਪੇਮਾਰੀ ਕਰ ਕੇ ਇਨ੍ਹਾਂ ਨੂੰ ਗ੍ਰਿਫਤਾਰ ਕਰ ਸਕਦੀ ਹੈ।

# ਸੁਨੀਲ ਜਾਖੜ ਹਾਲੇ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ ਰਹਿਣਗੇ

*** ਸੋਨੀਆ ਗਾਂਧੀ ਨੇ ਜਾਖੜ ਨੂੰ ਕੰਮ ਕਰਦੇ ਰਹਿਣ ਨੂੰ ਕਹਿ ਦਿੱਤਾ**

ਚੰਡੀਗੜ੍ਹ, 8 ਸਤੰਬਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਅਸਤੀਫਾ ਦੇ ਚੁੱਕੇ ਪ੍ਰਧਾਨ ਸੁਨੀਲ ਜਾਖੜ ਹਾਲੇ ਆਪਣੇ ਅਹੁਦੇ ਉੱਤੇ ਬਣੇ ਰਹਿਣਗੇ, ਕਿਉਂਕਿ ਕਾਂਗਰਸ ਹਾਈ ਕਮਾਨ ਨੇ ਇਸ ਲਈ ਕਹਿ ਦਿੱਤਾ ਹੈ। ਇਸ ਸੰਬੰਧ ਵਿੱਚ ਜਾਣਕਾਰ ਸੂਤਰਾਂ ਦਾ ਦੱਸਣਾ ਹੈ ਕਿ ਕਾਂਗਰਸ ਚੇਅਰਪਰਸਨ ਸੋਨੀਆ ਗਾਂਧੀ ਨੇ ਸੁਨੀਲ ਜਾਖੜ ਨੂੰ ਕੰਮ ਕਰਦੇ ਰਹਿਣ ਲਈ ਕਿਹਾ ਹੈ। ਵਰਨਣ ਯੋਗ ਹੈ ਕਿ ਪਾਰਲੀਮੈਂਟ ਚੋਣਾਂ ਦੇ ਨਤੀਜੇ ਪਿੱਛੋਂ ਸੁਨੀਲ ਜਾਖੜ ਨੇ ਇਸ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਪੰਜਾਬ ਦੇ ਕਾਂਗਰਸੀ ਨੇਤਾਵਾਂ ਨੇ ਉਨ੍ਹਾਂ ਨੂੰ



ਅਸਤੀਫਾ ਨਾ ਦੇਣ ਲਈ ਕਿਹਾ ਸੀ, ਪਰ ਉਹ ਨਹੀਂ ਸਨ ਮੰਨੇ। ਬਾਅਦ ਵਿੱਚ ਪਾਰਟੀ ਹਾਈ ਕਮਾਨ ਨੇ ਵੀ ਕੰਮ ਕਰਦੇ ਰਹਿਣ ਲਈ ਕਿਹਾ ਹੈ। ਇਸ ਤੋਂ ਸਾਫ ਹੋ ਗਿਆ ਹੈ ਕਿ ਪਾਰਟੀ ਅਜੇ ਪੰਜਾਬ ਕਾਂਗਰਸ ਦਾ ਨਵਾਂ ਪ੍ਰਧਾਨ ਨਹੀਂ ਲਾਵੇਗੀ। ਰਾਹੁਲ ਗਾਂਧੀ ਨੇ ਪਾਰਟੀ ਦੇ ਕੌਮੀ ਪ੍ਰਧਾਨ ਵਜੋਂ ਅਸਤੀਫਾ ਦਿੱਤਾ ਹੋਣ ਕਾਰਨ ਪੰਜਾਬ ਬਾਰੇ ਫੈਸਲਾ ਨਹੀਂ ਸੀ ਹੋ ਸਕਿਆ ਤੇ ਪੰਜਾਬ ਕਾਂਗਰਸ ਬਿਨਾਂ ਪ੍ਰਧਾਨ ਤੋਂ ਹੀ ਚੱਲ ਰਹੀ ਹੈ। ਸੁਨੀਲ ਜਾਖੜ ਨੇ ਅਸਤੀਫਾ ਦੇਣ ਤੋਂ ਬਾਅਦ ਜਥੇਬੰਦਕ ਸਰਗਰਮੀ ਰੋਕ ਦਿੱਤੀ ਸੀ ਅਤੇ ਪਿਛਲੇ ਦਿਨਾਂ ਦੌਰਾਨ ਸਰਗਰਮੀ ਫਿਰ ਵਧਾਈ ਹੈ। ਪੰਜਾਬ ਦੀ ਸੱਤਾ ਸੰਭਾਲਣ ਪਿੱਛੋਂ ਕਾਂਗਰਸ ਦੇ ਨਵੇਂ ਜਥੇਬੰਦਕ ਢਾਂਚੇ ਦਾ ਗਠਨ ਵੀ ਨਹੀਂ ਸੀ ਕੀਤਾ ਗਿਆ। ਪਾਰਟੀ ਸੂਤਰਾਂ ਮੁਤਾਬਕ ਪੰਜਾਬ ਦਾ ਨਵਾਂ ਜਥੇਬੰਦਕ ਢਾਂਚਾ ਕਾਇਮ ਕਰਨ ਲਈ ਪਾਰਟੀ ਪ੍ਰਧਾਨ ਨੂੰ ਕਿਹਾ ਗਿਆ ਹੈ ਅਤੇ ਅਗਲੇ ਦਿਨੀਂ ਛੇਤੀ ਹੀ ਹੋਣ ਦੀ ਆਸ ਹੈ।

# ਸਾਬਕਾ ਪਾਰਲੀਮੈਂਟ ਮੈਂਬਰ ਸੁਖਦੇਵ ਸਿੰਘ ਲਿਬੜਾ ਦਾ ਦੇਹਾਂਤ, ਬਿਮਾਰੀ ਤੋਂ ਸਨ ਪੀੜਤ

ਚੰਡੀਗੜ੍ਹ, 8 ਸਤੰਬਰ (ਪੋਸਟ ਬਿਊਰੋ)- ਸਾਬਕਾ ਪਾਰਲੀਮੈਂਟ ਮੈਂਬਰ ਅਤੇ ਅਕਾਲੀ ਆਗੂ ਸੁਖਦੇਵ ਸਿੰਘ ਲਿਬੜਾ ਦਾ ਕੱਲ੍ਹ ਦੇਹਾਂਤ ਹੋ ਗਿਆ। 87 ਸਾਲਾ ਸੁਖਦੇਵ ਸਿੰਘ ਲਿਬੜਾ ਲੰਬੇ ਸਮੇਂ ਤੋਂ ਬਿਮਾਰ ਸਨ। ਖੰਨਾ ਦੇ ਇਕ ਨਿੱਜੀ ਹਸਪਤਾਲ 'ਚ ਉਨ੍ਹਾਂ ਨੇ ਆਖਰੀ ਸਾਹ ਲਿਆ। ਉਨ੍ਹਾਂ ਦਾ ਸਸਕਾਰ ਕੱਲ੍ਹ ਦੁਪਹਿਰ ਪਿੰਡ ਲਿਬੜਾ ਵਿਖੇ ਕੀਤਾ ਗਿਆ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨੇੜੇ ਰਹੇ ਸੁਖਦੇਵ ਸਿੰਘ ਲਿਬੜਾ ਕਰੀਬ 17 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜੇ ਰਹੇ ਅਤੇ ਇਕ ਵਾਰ ਵਿਧਾਇਕ, ਇਕ ਵਾਰ ਰਾਜ ਸਭਾ ਮੈਂਬਰ ਅਤੇ ਦੋ ਵਾਰ ਲੋਕ ਸਭਾ ਦੇ ਮੈਂਬਰ ਵੀ ਰਹੇ ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੁਖਦੇਵ ਸਿੰਘ ਲਿਬੜਾ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਲਿਬੜਾ ਨੂੰ ਅਸੂਲਾਂ ਅਤੇ ਸਿਧਾਂਤਾਂ ਦੀ ਸਿਆਸਤ ਕਰਨ ਵਾਲੇ ਦਰਵੇਸ਼ ਸਿਆਸਤਦਾਨ ਦੱਸਿਆ। ਵਰਨਣ ਯੋਗ ਹੈ ਕਿ ਸੁਖਦੇਵ ਸਿੰਘ ਲਿਬੜਾ 14ਵੀਂ ਲੋਕ ਸਭਾ 'ਚ ਅਕਾਲੀ ਦਲ ਦੇ ਵ੍ਹਿਪ ਸਨ। ਸਾਲ 2008 'ਚ ਡਾ. ਮਨਮੋਹਨ ਸਿੰਘ ਸਰਕਾਰ ਦੇ ਐਟਮੀ ਸਮਝੌਤੇ ਦਾ ਵਿਰੋਧ ਕਰਦਿਆਂ ਵਿਰੋਧੀ ਧਿਰਾਂ ਨੇ ਸਰਕਾਰ ਵਿਰੁੱਧ ਬੇਭੋਰਸਗੀ ਮਤਾ ਪੇਸ਼ ਕੀਤਾ ਤਾਂ ਸੁਖਦੇਵ ਸਿੰਘ ਲਿਬੜਾ ਅਕਾਲੀ ਦਲ ਦਾ ਵ੍ਹਿਪ ਹੋਣ ਦੇ ਬਾਵਜੂਦ ਸਦਨ 'ਚੋਂ ਗੈਰ ਹਾਜ਼ਰ ਰਹਿ ਕੇ ਡਾ. ਮਨਮੋਹਨ ਸਿੰਘ ਦੇ ਹੱਕ 'ਚ ਭੁਗਤੇ ਸਨ। ਲਿਬੜਾ ਦੇ ਇਸ ਫੈਸਲੇ ਨਾਲ ਉਨ੍ਹਾਂ ਦਾ ਕਾਂਗਰਸ 'ਚ ਸਨਮਾਨ ਵਧਿਆ, ਪਰ ਅਕਾਲੀ ਦਲ ਦੀ ਲੀਡਰਸ਼ਿਪ ਨੇ ਲਿਬੜਾ ਨੂੰ ਪਾਰਟੀ 'ਚੋਂ ਕੱਢ ਦਿੱਤਾ ਸੀ। ਇਸ ਤੋਂ ਬਾਅਦ ਕਾਂਗਰਸ ਨੇ ਲਿਬੜਾ ਨੂੰ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਟਿਕਟ ਦਿੱਤੀ ਤੇ ਉਹ ਦੂਜੀ ਵਾਰ ਪਾਰਲੀਮੈਂਟ ਮੈਂਬਰ ਚੁਣੇ ਗਏ ਸਨ।

## ਪੰਜਾਬ ਯੂਨੀਵਰਸਿਟੀ ਚੋਣਾਂ ਵਿਚ ਪ੍ਰਧਾਨਗੀ ਅਕਾਲੀ ਦਲ ਦੇ ਸਮੱਰਥਕ ਸੰਗਠਨ ਨੇ ਜਿੱਤੀ

ਚੰਡੀਗੜ੍ਹ, 8 ਸਤੰਬਰ, (ਪੋਸਟ ਬਿਊਰੋ)- ਪੰਜਾਬ ਯੂਨੀਵਰਸਿਟੀ ਵਿਦਿਆਰਥੀ ਕੌਂਸਲ ਚੋਣਾਂ ਲਈ ਅੱਜ ਕਰਵਾਈ ਚੋਣ ਵਿੱਚ ਸਟੂਡੈਂਟਸ ਆਰਗੇਨਾਈਜੇਸ਼ਨ ਆਫ਼ ਇੰਡੀਆ (ਐੱਸ ਓ ਆਈ) ਨੇ ਪ੍ਰਧਾਨਗੀ ਦਾ ਅਹੁਦਾ ਜਿੱਤ ਲਿਆ ਹੈ। ਐੱਸ ਓ ਆਈ ਦੇ ਉਮੀਦਵਾਰ ਚੇਤਨ ਚੌਧਰੀ ਨੇ ਪ੍ਰਧਾਨਗੀ ਜਿੱਤੀ ਤਾਂ ਐੱਸ ਓ ਆਈ ਦੇ ਕਿਸੇ ਉਮੀਦਵਾਰ ਨੇ ਪ੍ਰਧਾਨਗੀ ਲਈ ਪਹਿਲੀ ਵਾਰ ਜਿੱਤ ਪ੍ਰਾਪਤ ਕੀਤੀ ਹੈ। ਚੇਤਨ ਚੌਧਰੀ ਪੰਜਾਬ ਯੂਨੀਵਰਸਿਟੀ ਦੇ ਉਰਦੂ ਵਿਭਾਗ ਦਾ ਵਿਦਿਆਰਥੀ ਹੈ ਅਤੇ ਉਸ ਨੂੰ ਚੋਣ ਲੜਾਉਣ ਵਾਲੀ ਜਥੇਬੰਦੀ ਐੱਸ ਓ ਆਈ ਅਸਲ ਵਿੱਚ ਬਾਦਲ ਅਕਾਲੀ ਦਲ ਦਾ ਵਿਦਿਆਰਥੀ ਵਿੰਗ ਹੈ। ਇਸ ਜਿੱਤ ਨਾਲ ਪੰਜਾਬ ਵਿੱਚ ਅਕਾਲੀ ਦਲ ਕੁਝ ਰਾਹਤ ਮਹਿਸੂਸ ਕਰ ਸਕਦਾ ਹੈ। ਪ੍ਰਧਾਨਗੀ ਅਹੁਦੇ ਨੂੰ ਛੱਡ ਕੇ ਬਾਕੀ ਤਿੰਨੇ ਅਹੁਦੇ ਕਾਗਰਸ ਦੇ ਵਿਦਿਆਰਥੀ ਸੰਗਠਨ ਐੱਨ ਐੱਸ ਯੂ ਆਈ ਨੇ ਜਿੱਤ ਲਏ ਹਨ ਤੇ ਭਾਜਪਾ ਦੀ ਝੋਲੀ ਖਾਲੀ ਰਹੀ ਹੈ। ਉਪ ਪ੍ਰਧਾਨ ਦੇ ਅਹੁਦੇ ਵਾਸਤੇ ਐੱਨ ਐੱਸ ਯੂ ਆਈ ਦੇ ਉਮੀਦਵਾਰ ਰਾਹੁਲ ਕੁਮਾਰ ਅਤੇ ਜਾਇੰਟ ਸੈਕਟਰੀ ਅਹੁਦੇ ਲਈ ਐੱਨ ਐੱਸ ਯੂ ਆਈ ਦੇ ਮਨਪ੍ਰੀਤ ਮਹਿਲ ਨੇ ਜਿੱਤ ਹਾਸਲ ਕੀਤੀ ਹੈ। ਅਕਾਲੀ ਪੱਖੀ ਐੱਸ ਓ ਆਈ ਦੇ ਚੇਤਨ ਚੌਧਰੀ ਨੇ ਆਪਣੇ ਵਿਰੋਧੀ ਨੂੰ ਮਸਾਂ 35 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ।

## ਨਕਲੀ ਨੋਟ ਨਾਲ ਸ਼ੈਂਪੂ ਖਰੀਦ ਰਹੀ ਲੜਕੀ ਨੂੰ ਪੁਲਸ ਨੇ ਫੜਿਆ

ਬਠਿੰਡਾ, 8 ਸਤੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੀ ਕੋਤਵਾਲੀ ਪੁਲਸ ਨੇ ਰੇਲਵੇ ਸਟੇਸ਼ਨ ਦੇ ਨੇੜੇ ਨਕਲੀ ਨੋਟ ਨਾਲ ਖਰੀਦਦਾਰੀ ਕਰਦੀ ਹੋਈ ਇੱਕ ਲੜਕੀ ਨੂੰ ਗ੍ਰਿਫਤਾਰ ਕੀਤਾ ਹੈ। ਦੋਸ਼ੀ ਲੜਕੀ ਦੇ ਕੋਲੋਂ 1000 ਰੁਪਏ ਦੀ ਨਕਲੀ ਕਰੰਸੀ ਵੀ ਮਿਲੀ ਹੈ। ਇਹ ਲੜਕੀ ਸਿਰਸਾ ਦੀ ਰਹਿਣ ਵਾਲੀ ਹੈ ਜਿਸ ਦੇ ਖਿਲਾਫ ਪੁਲਸ ਨੇ ਕੇਸ ਦਰਜ ਕਰ ਲਿਆ ਹੈ ਅਤੇ ਇਸ ਨੂੰ ਪੁਲਸ ਨੇ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਸੀਨੀਅਰ ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਿਮਾਂਡ ਵੇਲੇ ਇਹ ਪਤਾ ਲਾਇਆ ਜਾਏਗਾ ਕਿ ਉਕਤ ਨਕਲੀ ਕਰੰਸੀ ਇਹ ਲੜਕੀ ਕਿੱਥੋਂ ਲਿਆਈ ਹੈ ਸੀ। ਵਰਨਣ ਯੋਗ ਹੈ ਕਿ ਕੱਲ੍ਹ ਰੇਲਵੇ ਸਟੇਸ਼ਨ ਦੇ ਨੇੜੇ ਇੱਕ ਦੁਕਾਨ 'ਤੇ ਇੱਕ ਲੜਕੀ ਸ਼ੈਂਪੂ ਲੈ ਰਹੀ ਸੀ। ਉਸ ਨੇ ਦੁਕਾਨਦਾਰ ਨੂੰ 100 ਰੁਪਏ ਦਾ ਨੋਟ ਦਿੱਤਾ ਤਾਂ ਦੁਕਾਨਦਾਰ ਨੇ ਕਿਹਾ ਕਿ ਨਕਲੀ ਹੈ। ਇਸ 'ਤੇ ਲੜਕੀ ਨੇ 200 ਰੁਪਏ ਦਾ ਨੋਟ ਦਿੱਤਾ, ਉਸ ਨੂੰ ਵੀ ਦੁਕਾਨਦਾਰ ਨੇ ਨਕਲੀ ਦੱਸਿਆ। ਇਸ ਨਾਲ ਉਥੇ ਹੰਗਾਮਾ ਹੋ ਗਿਆ। ਲੋਕਾਂ ਨੇ ਉਸ ਲੜਕੀ ਨੂੰ ਜਾਣ ਨਹੀਂ ਦਿੱਤਾ ਅਤੇ ਕੋਤਵਾਲੀ ਪੁਲਸ ਨੂੰ ਬੁਲਾ ਲਿਆ। ਪੁਲਸ ਨੇ ਲੜਕੀ ਨੂੰ ਹਿਰਾਸਤ ਵਿੱਚ ਲਿਆ।





Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਗਿੱਲ ਗੁਰਸਿੱਖ ਲੜਕਾ, ਉਮਰ 35 ਸਾਲ, ਵੈਸ਼ਨੂੰ, Divorcee Canadian P.R, ਮਿਹਨਤੀ ਲੜਕੇ ਲਈ ਸਾਦੀ ਗੁਰਸਿੱਖ ਲੜਕੀ ਦੀ ਲੋੜ ਹੈ। ਲੜਕੇ ਦੀ ਪੂਰੀ ਫੈਮਲੀ ਕੈਨੇਡਾ ਵਿੱਚ ਵੈਲ-ਸੈਟਲਡ ਹੈ। 416-358-9294 | 204-510-1423

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5’-11’’, ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੂਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10’’, Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 | +91-98142-02918 (Whatsapp)


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5’-11’’, ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 | 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5’8’’ ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5’10’’, Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 | 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5’11’’(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089


Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੇ ਦੀ ਲੋੜ

ਜੱਟ ਸਿੱਖ ਸੁੰਦਰ ਲੜਕੀ, ਉਮਰ 35 ਸਾਲ, ਕੱਦ 5’-4’’, ਡੈਂਟਲ ਅਸਿਸਟੈਂਟ ਡਿਪਲੋਮਾ ਤੇ ਨੈਨੀ ਕੋਰਸ, ਵਿਜ਼ੀਟਰ ਵਿਜ਼ੇ ਤੇ ਆਈ ਲੜਕੀ ਲਈ PR ਜਾਂ Work Permit ਜਾਂ Visitor Visa ਤੇ ਆਏ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 780-236-5046

ਜੱਟ ਸਿੱਖ ਢਿਲੋ ਲੜਕੀ,ਕਨੇਡੀਅਨ ਫ੍ਰ, ਉਮਰ 36 ਸਾਲ, 5’-7’’, Never Married, ਵਧੀਆ ਤਨਖਾਹ, IT Field ਵਿੱਚ ਕੰਮ ਕਰ ਰਹੀ ਲੜਕੀ ਲਈ ਵਧੀਆ ਪੜ੍ਹੇ-ਲਿਖੇ ਕੈਨੇਡੀਅਨ ਜਾਂ ਇੰਡੀਅਨ ਲੜਕੇ ਦੀ ਲੋੜ ਹੈ।
Email biodata with photos at : matriresponse2019@gmail.com

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5’-3’’, ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6’’ ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 |

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5’-3’’, ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। Send Bio Data through Whatsapp at: +91 97802-16716 ਜਾਂ ਕਾਲ ਕਰੋ: 647-766-7137


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ 91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਜੋਹਲ ਲੜਕੀ, 1987 ਭੋਰਨ, ਕੱਦ 5’-7’’ਕੈਨੇਡਾ ਵਿੱਚ P.R ,B.sc Nursing, ਤੇ ਕੈਨੇਡਾ ਵਿੱਚ ਰਜਿਸਟਰਡ ਨਰਸ, Divorcee ਲੜਕੀ ਲਈ P.R ਜਾਂ Work Permit ਜਾਂ Visitor Visa ਤੇ ਆਏ ਲੜਕੇ ਦੀ ਲੋੜ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 306-480-1229 | 416-436-3787

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5’-3’’, ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ’ ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5’3’’, ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ’ ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5’-6’’, Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 | 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5’4’’, ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 | 416-509-7252


Honesty, Reliability, Commitment
SELL FOR MORE BUY FOR LESS
- 1 yr Home Warranty
- Free valuation & Lowest Commission
- We Help to get mortgage
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience
Email Resume at umar.w@cellntell.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce
Email Resume: hr@cellntell.com or umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

ਕਿੱਥੇ ਗਈ ਹੋਵੇਗੀ ਉਹ? ਪਹਿਲਾਂ ਤਾਂ ਅਜਿਹਾ ਕਦੇ ਨਹੀਂ ਹੋਇਆ ਕਿ ਉਹ ਮਿੱਥੇ ਸਮੇਂ ਘਰ ਨਾ ਪਹੁੰਚੀ ਹੋਵੇ। ਜੇ ਕੋਈ ਕਾਰਨ ਹੁੰਦਾ ਤਾਂ ਵੀ ਉਹ ਫੋਨ ਜ਼ਰੂਰ ਕਰ ਦਿੰਦੀ। ਮੇਰੀ ਚਿੰਤਾ ਦੀ ਉਸ ਨੂੰ ਚਿੰਤਾ ਹੈ, ਬਹੁਤ ਹੈ। ਅੱਜ ਉਸ ਦੀ ਚਿੰਤਾ ਦੀ ਬੇਚੈਨੀ ਨੇ ਮੈਨੂੰ ਇਸ ਤਰ੍ਹਾਂ ਘੇਰਿਆ ਹੋਇਆ ਹੈ ਕਿ ਮੇਰੇ ਪੈਰ ਨਾ ਘਰ ਦੇ ਅੰਦਰ ਟਿਕ ਰਹੇ ਹਨ ਅਤੇ ਨਾ ਘਰ ਦੇ ਬਾਹਰ ਕਦਮ ਰੱਖਣ ਵਿੱਚ ਸਫਲ ਹੋ ਰਹੇ ਹਨ। ਕਿੱਥੇ ਜਾਵਾਂ, ਕੀਹਨੂੰ ਪੁੱਛਾਂ? ਜਦੋਂ ਕੁਝ ਨਾ ਸੁੱਝਿਆ ਤਾਂ ਫੋਨ ਕੀਤਾ, ਪੁੱਛਣ ਦੇ ਪਹਿਲੇ ਯਤਨ ਵਿੱਚ ਅਸਫਲਤਾ ਮਿਲੀ, ਕਿਉਂਕਿ ਕੋਈ ਫੋਨ ਨਹੀਂ ਸੀ ਚੁੱਕ ਰਿਹਾ, ਲਗਾਤਾਰ ਬੈਲ ਵਜਦੀ ਰਹੀ, ਇਉਂ ਜਿਵੇਂ ਘਰ ਵਿੱਚ ਸਾਰੇ ਬੋਲੇ ਰਹਿੰਦੇ ਹੋਣ। ਹਾਂ ਜੀ, ਮੇਰੀ ਕੁੜਮਣੀ ਦੇ ਹੀ ਘਰ ਦੀ ਗੱਲ ਕਰ ਰਹੀ ਹਾਂ।

ਫਿਰ ਕਈ ਘੰਟੇ ਹੋ ਗਏ ਸਨ, ਰਾਤ ਅੱਠ ਵਜੇ ਤੱਕ ਵਾਪਸ ਆ ਜਾਂਦੀ ਹੈ, ਦਸ ਵੱਜ ਰਹੇ ਹਨ। ਬਸ, ਉਸ ਸ਼ਾਂਤ ਜਿਹੀ ਘੜੀ ਵੱਲ ਦੇਖਦੀ ਹਾਂ। ਘੂਰਦੀ ਹਾਂ, ਪਰ ਉਸ ਨੂੰ ਕੀ ਪਤਾ ਕਿ ਜੀਵਨ ਅਹਿਸਾਸਾਂ ਦਾ ਨਾਮ ਹੈ? ਅਹਿਸਾਸ ਕੀ ਹੁੰਦਾ ਹੈ? ਸਥਿਤੀ ਕੀ ਹੁੰਦੀ ਹੈ? ਇੰਤਜ਼ਾਰ ਕੀ ਹੁੰਦਾ ਹੈ? ਇਨ੍ਹਾਂ ਸਾਰੀਆਂ ਭਾਵਨਾਵਾਂ ਤੋਂ ਨਾਵਾਕਿਫ..।

ਅਚਾਨਕ ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ। ਫੋਨ ਦੀ ਘੰਟੀ ਵੱਜ ਰਹੀ ਸੀ। ਕਾਹਲ ਵਿੱਚ ਉਠਣ ਦੀ ਕੋਸ਼ਿਸ਼ ਵਿੱਚ ਬੰਦ ਕਰਨ ਦਾ ਹੀ ਬਟਨ ਦੱਬ ਗਿਆ ਅਤੇ ਫੋਨ ਆਪਣੀ ਸਾਰੀ ਆਵਾਜ਼ ਪੂਰੀ ਕਰਕੇ ਚੁੱਪ ਹੋ ਗਿਆ। ਮੈਂ ਆਪਣੇ ਮੱਥੇ 'ਤੇ ਹੱਥ ਮਾਰਿਆ। ਆਵਾਜ਼ ਤਾਂ ਸੁਣ ਲੈਂਦੀ, ਪੁੱਛ ਤਾਂ ਲੈਂਦੀ ਕਿੱਥੇ ਹੈ, ਹਾਲੇ ਤੱਕ ਆਈ ਕਿਉਂ ਨਹੀਂ?

ਮੈਂ ਆਪਣੀ ਸੋਚ ਨੂੰ ਬਰੇਕ ਦਿੱਤੀ, ਲੰਮਾ ਸਾਹ ਲਿਆ, ਪਾਣੀ ਦਾ ਇਕ ਗਲਾਸ ਪੀਤਾ ਅਤੇ ਫਿਰ ਇਕ ਹੋਰ ਪੀ ਲਿਆ। ਸ਼ਾਂਤ ਹੋਣ ਦੇ ਯਤਨਾਂ ਵਿੱਚ ਪਲੰਘ 'ਤੇ ਬੈਠ ਗਈ ਅਤੇ ਫੋਨ ਨੂੰ ਫਰੋਲ ਕੇ ਦੇਖਿਆ, ਕੋਈ ਅਣਜਾਣ ਨੰਬਰ ਸੀ, ਉਸ ਦਾ ਨਹੀਂ, ਜਿਸ ਦਾ ਇੰਤਜ਼ਾਰ ਸੀ। ਬਿਨਾਂ ਸੋਚੇ ਸਮਝੇ ਮੈਂ ਉਹੀ ਨੰਬਰ ਡਾਇਲ ਕਰ ਦਿੱਤਾ। ਘੰਟੀ ਵੱਜੀ, ਵੱਜਦੀ ਰਹੀ ਅਤੇ ਫਿਰ ਬੰਦ ਹੋ ਗਈ। ਮੇਰਾ ਡਰ ਮੈਨੂੰ ਸਹਿਮ ਜਾਣ ਵਿੱਚ ਸ਼ਹਿ ਦੇ ਰਿਹਾ ਸੀ, ਮੇਰੇ ਹੱਥ ਪੈਰ ਠੰਢੇ ਹੋ ਰਹੇ ਸਨ। ਇਕ ਕੰਬਣੀ ਜਿਹੀ ਬਿਜਲੀ ਵਾਂਗ ਅੰਦਰ ਫੈਲਣ ਲੱਗੀ। ਮੈਂ ਬਟਨ ਫਿਰ ਦੱਬਿਆ, ਘੰਟੀ ਵੱਜੀ, ਕਿਸੇ ਨੇ ਚੁੱਕਿਆ ਅਤੇ ਫਿਰ ਰੱਖ ਦਿੱਤਾ। ਮੇਰੀ ਪ੍ਰੇਸ਼ਾਨੀ ਦਾ ਹੋਰ ਵਧ ਜਾਣਾ ਜਾਇਜ਼ ਸੀ। ਰਾਤ ਦਾ ਸਮਾਂ, ਬੇਸਬਰੀ ਨਾਲ ਉਸ ਦਾ ਇੰਤਜ਼ਾਰ ਤੇ ਗੱਲਬਾਤ ਦਾ ਸਿਲਸਿਲਾ ਬੰਦ, ਜਿਵੇਂ ਹਰ ਪਾਸੇ ਕਰਫਿਊ ਲੱਗਿਆ ਹੋਵੇ।

ਆਖਰ ਫੋਨ ਦੀ ਘੰਟੀ ਵੱਜੀ, ਇਕ ਦੋ ਤਿੰਨ ਵਾਰ..! ਮੈਂ ਬਹੁਤ ਸਾਵਧਾਨੀ ਨਾਲ ਉਸ ਨੂੰ ਚੁੱਕਿਆ, ਬਸ ਕੰਨ ਦੇ ਕੋਲ ਲਾਇਆ ਸੀ ਕਿ ਇਕ ਖਰਵੀਂ ਆਵਾਜ਼ ਕੰਨਾਂ ਨਾਲ ਟਕਰਾਈ, 'ਪਰੇਸ਼ਾਨ ਨਾ ਕਰੋ, ਅੱਜ ਉਹ ਘਰ ਮੁੜਨ ਵਾਲੀ ਨਹੀਂ। ਹੁਣੇ ਇਕ ਘੰਟੇ ਵਿੱਚ ਉਸ ਦਾ ਵਿਆਹ ਹੋ ਰਿਹਾ ਹੈ, ਡਿਸਟਰਬ ਨਹੀਂ ਕਰਨਾ।' ਬੇਰਹਿਮੀ ਨਾਲ ਕਹਿੰਦੇ ਹੋਏ ਫੋਨ ਕੱਟ ਦਿੱਤਾ ਅਤੇ ਮੈਂ ਬੇਹੋਸ਼ੀ ਦੀ ਹਾਲਤ ਵਿੱਚ ਬੁੜਬੁੜਾਈ, ਕੰਬੀ ਅਤੇ ਉਥੇ ਹੀ ਪਲੰਘ 'ਤੇ ਮੂਧੇ ਮੂੰਹ ਡਿੱਗ ਪਈ।

ਕੌਣ ਹੈ ਇਹ? ਕਿਸ ਦੀ ਆਵਾਜ਼ ਹੋ ਸਕਦੀ ਹੈ? ਕੀ ਚਾਹੁੰਦਾ ਹੈ ਇਹ, ਕਿਉਂ ਗੁੰਮਰਾਹ ਕਰ ਰਿਹਾ ਹੈ ਮੈਨੂੰ, ਮੇਰੀ ਸੋਚ ਨੂੰ ਅਤੇ ਉਸ ਦੇ ਨਾਲ ਉਸ ਨੂੰ ਵੀ, ਜਿਹੜੀ ਮੇਰੇ ਸਾਹਾਂ ਦੀ ਧੜਕਣ ਹੈ? ਉਹ ਹੀ ਤਾਂ ਮੇਰੇ ਜਿਗਰ ਦਾ ਟੁਕੜਾ ਹੈ, ਉਸ ਤੋਂ ਬਿਨਾਂ ਮੇਰੀ ਜ਼ਿੰਦਗੀ ਵੀਰਾਨ ਹੈ, ਅਧੂਰੀ ਅਤੇ ਖਾਲੀ! ਉਹ ਮੇਰੇ ਜਿਊਣ ਦਾ ਸਬੱਬ ਹੈ ਅਤੇ ਉਸ ਸਬੱਬ ਦੇ ਨਾਲ ਬੇਸਬੱਬ ਇਹ ਸਭ ਕੁਝ ਕਿਉਂ ਹੋ ਰਿਹਾ ਹੈ, ਜਿਸ ਦੀ ਕਲਪਨਾ ਕਰਕੇ ਹੀ ਮੇਰੇ ਸਰੀਰ ਵਿੱਚ ਡਰ ਅਤੇ ਨਫਰਤ ਦਾ ਜ਼ਹਿਰ ਫੈਲਦਾ ਜਾ ਰਿਹਾ ਹੈ। ਇਸ ਤਰ੍ਹਾਂ ਤਾਂ ਹੋਣਾ ਹੀ ਹੈ, ਜ਼ਰੂਰ ਹੋਵੇਗਾ, ਉਹ ਮੇਰਾ ਖ਼ੂਨ ਹੈ, ਮੇਰੇ ਵੰਸ਼ ਦੀ ਆਖਰੀ ਨਿਸ਼ਾਨੀ, ਜਿਸ ਨੂੰ ਮੈਂ ਸੀਨੇ ਨਾਲ ਲਾ ਕੇ ਪਾਲਿਆ ਹੈ, ਵੱਡਾ ਕੀਤਾ ਤੇ ਉਸ ਨੂੰ ਛਾਂ ਦਿੰਦਿਆਂ ਮੈਂ ਖੁਦ ਇਕ ਦਰੱਖਤ ਬਣ ਗਈ ਹਾਂ। ਪੁਰਾਣੇ ਗਲੇ ਸੜੇ ਸਾਰੇ ਪੱਤੇ ਝੜ ਗਏ ਅਤੇ ਕੁਦਰਤ ਦੇ ਹਰੇਕ ਹੁਲਾਰੇ ਤੋਂ ਬਚਾ ਕੇ ਜਿਸ ਨੂੰ ਮੈਂ ਆਪਣੇ ਪੱਲੇ ਦੀ ਛਾਂ ਦਿੱਤੀ, ਉਸੇ ਉਰਮਿਲਾ ਦੇ ਰੂਪ ਵਿੱਚ ਇਕ ਨਵੀਂ ਕਰੂੰਬਲ ਉਗ ਆਈ ਹੈ। ਬਾਰਾਂ ਤੋਂ ਬਾਈ ਸਾਲ ਤੱਕ ਦਾ ਅਰਸਾ ਕੋਈ ਘੱਟ ਲੰਬਾ ਤਾਂ ਨਹੀਂ ਹੁੰਦਾ।

***

## ਤੇਲਗੂ ਕਹਾਣੀ

# ਇਸ ਤਰ੍ਹਾਂ ਵੀ ਹੁੰਦਾ ਹੈ

-ਦੇਵੀ ਨਾਗਰਾਣੀ-
-ਪੰਜਾਬੀ ਰੂਪ- ਜਗਦੀਸ਼ ਰਾਏ ਕੁਲਰੀਆਂ-

ਅਚਾਨਕ ਦਰਬਾਰੀ ਬੁਰੀ ਖਬਰ ਲਿਆਇਆ, ਹਾਂ ਬਹੁਤ ਬੁਰੀ ਖਬਰ! ਮੇਰੇ ਅਭੈ ਅਤੇ ਸਵਿਤਾ ਦੇ ਅੰਤ ਦੀ ਅਤੇ ਉਨ੍ਹਾਂ ਦੀ ਆਖਰੀ ਨਿਸ਼ਾਨੀ 'ਉਰਮਿਲਾ' ਨੂੰ ਲਿਆ ਕੇ ਮੇਰੀ ਗੋਦੀ ਵਿੱਚ ਪਾ ਦਿੱਤਾ ਸੀ। ਗਿਆਰਾਂ ਮਹੀਨਿਆਂ ਦੀ ਸੀ ਉਹ ਰੇਸ਼ਮ ਦੀ ਗੁੱਡੀ, ਜਿਸ ਦੀ ਮੁਲਾਇਮ ਛੋਹ ਨਾਲ ਮਨ ਵਿੱਚ ਠੰਢ ਪੈ ਜਾਂਦੀ, ਜਿਸ ਦੀ ਗੱਲ੍ਹ ਪਲੋਸਣ ਨਾਲ ਖ਼ੂਨ ਦਾ ਸੰਚਾਰ ਵਧਦਾ, ਇਕ ਤਾਜ਼ਗੀ ਨਸਾਂ ਵਿੱਚ ਵਹਿਣ ਲੱਗਦੀ, ਉਸ ਦੀ ਕਿਲਕਾਰੀ ਸਾਹਾਂ ਨੂੰ ਮਹਿਕਾ ਦਿੰਦੀ। ਜ਼ਿੰਦਗੀ-ਜ਼ਿੰਦਗੀ ਵਾਂਗ ਲੱਗਦੀ। ਮੇਰੀਆਂ ਰਾਤਾਂ ਦਿਨਾਂ ਵਿੱਚ ਬਦਲ ਗਈਆਂ। ਕੀ ਸੌਣਾ, ਕੀ ਖਾਣਾ, ਕੀ ਹੱਸਣਾ, ਕੀ ਰੋਣਾ, ਸਾਰਾ ਕੁਝ ਉਹਦੇ ਨਾਲ ਹੀ ਹੁੰਦਾ ਰਿਹਾ। ਹਾ, ਉਰਮੀ ਦੇ ਨਾਲ। ਉਹ ਧੁੱਪ ਮੈਂ ਪਰਛਾਵਾਂ। ਉਹ ਉਠਦੀ ਤਾਂ ਮੈਂ ਉਠਦੀ। ਉਹ ਜਾਗਦੀ ਤਾਂ ਮੈਂ ਜਾਗਦੀ। ਉਹ ਸੌਂਦੀ ਤਾਂ ਮੈਂ ਸੌਂਦੀ..। ਇਕ ਚਿੱਤ, ਇਕ ਮਨ ਨਾਲ ਮੈਂ ਸਮਰਪਿਤ ਹੋ ਗਈ ਉਸ ਮਾਸੂਮ ਜਾਨ ਉਤੇ ਅਤੇ ਉਹ.. ਮੇਰੇ ਜਿਊਣ ਦਾ ਸਬੱਬ ਬਣ ਗਈ।

ਉਹ ਦੀਵਾਲੀ ਦਾ ਮਨਹੂਸ ਦਿਨ ਹੀ ਸੀ, ਜਦੋਂ ਕੁਝ ਘੰਟੇ ਪਹਿਲਾਂ ਉਰਮੀ ਨੂੰ ਗੋਦ ਵਿੱਚ ਲੈ ਕੇ ਘਰੋਂ ਗਏ ਸਨ। ਪੈਰੀਂ ਹੱਥ ਲਾਉਂਦੇ ਹੋਏ ਅਭੈ ਅਤੇ ਸਵਿਤਾ ਨੇ ਕਿਹਾ ਸੀ, 'ਮਾਂ ਦੋ ਘੰਟੇ ਵਿੱਚ ਵਾਪਸ ਆ ਜਾਵਾਂਗੇ। ਆ ਕੇ ਦੀਵਾਲੀ ਦੀ ਪੂਜਾ 'ਕੱਠੇ ਹੀ ਕਰਾਂਗੇ। ਮਿਠਾਈ ਲੈ ਕੇ ਕੁਝ ਦੋਸਤਾਂ ਨੂੰ ਮਿਲ ਆਉਂਦੇ ਹਾਂ।'

..ਅਤੇ ਜਾਣ ਵਾਲੇ ਨਾ ਮੁੜਨ ਵਾਸਤੇ ਚਲੇ ਗਏ। ਮੁੜ ਆਈ ਮੇਰੇ ਦਿਲ ਦੀ ਧੜਕਣ ਉਰਮੀ ਦੇ ਰੂਪ ਵਿੱਚ, ਸ਼ਾਇਦ ਇਸ ਕਰਕੇ ਹੀ ਮੈਂ ਜ਼ਿੰਦਾ ਹਾਂ।

ਘੰਟੀ ਫਿਰ ਵੱਜੀ। ਅਤੀਤ ਤੋਂ ਵਰਤਮਾਨ ਵਿੱਚ ਆਉਂਦੇ ਹੀ ਮੇਰੀ ਬੇਵੱਸੀ ਮੇਰੇ ਨਾਲ ਤੜਪਣ ਲੱਗੀ। ਕੀ ਕਰਾਂ? ਫੋਨ ਚੁੱਕਾਂ, ਨਾ ਚੁੱਕਾਂ? ਨਾ ਚੁੱਕਾਂ ਤਾਂ ਕਿਵੇਂ ਪਤਾ ਚੱਲੇਗਾ ਕਿ ਮੇਰੀ ਬਾਲਗ ਬੱਚੀ ਕਿੱਥੇ ਹੈ ਅਤੇ ਕਿਵੇਂ ਹੈ? ਫੋਨ ਚੁੱਕਦੇ ਹੀ ਰੱਖ ਦਿੱਤਾ ਜਿਵੇਂ ਹਜ਼ਾਰਾਂ ਬਿੱਛੂਆਂ ਦਾ ਡੰਗ ਇਕੋ ਸਮੇਂ ਲੱਗਿਆ ਹੋਵੇ, 'ਮੈਂ ਥੋੜ੍ਹੀ ਦੇਰ ਵਿੱਚ ਉਸ ਦੇ ਨਾਲ ਤੁਹਾਡੇ ਤੋਂ ਆਸ਼ੀਰਵਾਦ ਲੈਣ ਆ ਰਿਹਾ ਹਾਂ।' ਬੱਸ ਏਨਾ ਹੀ ਸੁਣ ਸਕੀ!

ਕੌਣ ਹੈ ਇਹ, ਕੀਹਦੀ ਆਵਾਜ਼ ਹੈ ਜਿਸ ਵਿੱਚ ਗੈਰਤ ਦੇ ਨਾਲ-ਨਾਲ ਆਪਣਾਪਣ ਵੀ ਹੈ। ਪਰ ਉਹ ਕਿੱਥੇ ਹੈ ਜਿਸ ਦੀ ਆਵਾਜ਼ ਸੁਣਨ ਲਈ ਮੇਰੇ ਕੰਨ ਤਰਸ ਰਹੇ ਹਨ? ਜਿਸ ਨੂੰ ਦੇਖਣ ਲਈ ਮੇਰੀਆਂ ਅੱਖਾਂ ਵਿੱਚ ਬੇਚੈਨੀ ਭਟਕ ਰਹੀ ਹੈ।

ਅਚਾਨਕ ਫੋਨ ਦੀ ਘੰਟੀ ਫਿਰ ਵੱਜੀ। ਫੋਨ ਚੁੱਕਦੇ ਹੀ ਸ਼ਿਸ਼ਟਾਚਾਰ ਦੇ ਦਾਇਰੇ ਵਿੱਚੋਂ ਬਾਹਰ ਆ ਕੇ ਮੈਂ ਭੜਕ ਪਈ, 'ਤੂੰ ਕੌਣ ਹੈ ਅਤੇ ਕਿਉਂ ਵਾਰ-ਵਾਰ ਪਰੇਸ਼ਾਨ ਕਰ ਰਿਹਾ ਹੈ? ਮੇਰੀ ਗੱਲ ਮੇਰੀ ਪੋਤੀ ਨਾਲ ਕਰਾ ਦਿਉ।'

'ਉਹ ਗ੍ਰਹਿ ਪ੍ਰਵੇਸ਼ ਕਰਕੇ ਆਪਣੇ ਸੱਸ ਸਹੁਰੇ ਦਾ ਆਸ਼ੀਰਵਾਦ ਲੈ ਰਹੀ ਹੈ। ਮੈਂ ਬਸ ਹੁਣੇ ਉਹਦੇ ਨਾਲ ਤੁਹਾਡੇ ਕੋਲ ਆ ਰਿਹਾ ਹਾਂ, ਫਿਰ ਤੁਸੀਂ ਉਸ ਨਾਲ ਜਿੰਨੀਆਂ ਮਰਜ਼ੀ ਗੱਲਾਂ ਕਰ ਲੈਣਾ।'

'ਪਰ ਤੂੰ ਹੈਂ ਕੌਣ?'

'ਤੁਹਾਡਾ ਜਵਾਈ। ਤੁਹਾਡੀ ਪੋਤੀ ਦਾ ਪਤੀ।'

'ਪਤੀ..!' ਮੈਂ ਹੈਰਾਨ, ਬਹੁਤ ਹੈਰਾਨ ਹੋਈ ਆਪਣੇ ਨੂੰ ਠੱਗਿਆ ਮਹਿਸੂਸ ਕਰਦੀ ਖੜੀ ਰਹੀ। ਰਿਸੀਵਰ ਮੇਰੇ ਹੱਥਾਂ ਵਿੱਚੋਂ ਡਿੱਗਦਾ-ਡਿੱਗਦਾ ਬਚਿਆ, ਪਰ ਲਾਈਨ ਕੱਟ ਗਈ।

ਉਸੇ ਸਮੇਂ ਦਰਵਾਜ਼ੇ ਉਤੇ ਹੋਈ ਦਸਤਕ ਨੇ ਮੈਨੂੰ ਡਰਾ ਦਿੱਤਾ। ਡਰੀ ਹੋਈ ਨੇ ਕੰਬਦੇ ਹੱਥਾਂ ਨਾਲ ਕੁੰਡਾ ਖੋਲ੍ਹਿਆ। ਸਾਹਮਣੇ ਸਜ ਧਜ ਕੇ, ਸੰਧੂਰ ਲਗਾ ਕੇ ਲਾਲ ਸਾੜ੍ਹੀ ਵਿੱਚ ਉਰਮੀ ਖੜੀ ਸੀ ਤੇ ਉਸ ਦੇ ਨਾਲ ਪ੍ਰਾਹੁਣਾ। ਉਹ ਆਪਣਾ ਮੂੰਹ ਸਿਰ 'ਤੇ ਲੱਗੀਆਂ ਸਿਹਰੇ ਦੀਆਂ ਲੜੀਆਂ ਨਾਲ ਛੁਪਾਉਣ ਵਿੱਚ ਕਾਮਯਾਬ ਰਿਹਾ।

ਮੈਂ ਸਦਮੇ ਵਿੱਚ ਸੀ। ਮਨ ਜ਼ੋਰ ਸ਼ੋਰ ਨਾਲ ਵਿਚਾਰ ਕਰਦਾ ਰਿਹਾ। ਡਰ ਦੇ ਨਾਲ ਗੁੱਸਾ ਵੀ ਮਨ ਵਿੱਚ ਆ ਗਿਆ ਸੀ। ਉਰਮੀ ਬਾਲਗ ਹੈ ਤਾਂ ਕੀ ਹੋਇਆ, ਮੈਨੂੰ ਬਿਨਾਂ ਦੱਸੇ ਕਿਸੇ ਐਰੇ ਗੈਰੇ ਨਾਲ ਵਿਆਹ ਕਰ ਲਿਆ ਤੇ ਸਾਹਮਣੇ ਆ ਕੇ ਖੜ ਗਈ ਹੈ। ਮੈਨੂੰ ਇਹ ਸਭ ਕੁਝ ਇਕ ਕਾਂਡ ਲੱਗ ਰਿਹਾ ਸੀ, ਭਿਅੰਕਰ ਕਾਂਡ! ਉਰਮੀ ਵੀ ਪੱਥਰ ਬਣੀ ਖੜੀ ਸੀ ਮੇਰੇ ਸਾਹਮਣੇ। ਉਹਦੀ ਹਾਸੀ ਜਿਹੜੀ ਉਹਦਾ ਸ਼ਿੰਗਾਰ ਹੈ, ਪਤਾ ਨਹੀਂ ਕਿੱਥੇ ਗਾਇਬ ਹੈ। ਕਹਿਣਾ ਤਾਂ ਨਹੀਂ ਚਾਹੁੰਦੀ, ਸੋਚਣਾ ਵੀ ਨਹੀਂ ਚਾਹੁੰਦੀ ਕਿ ਇਸ ਤਰ੍ਹਾਂ ਕਿਉਂ ਲੱਗ ਰਿਹਾ ਹੈ ਕਿ ਜਿਵੇਂ ਕੋਈ ਅਣਚਾਹੀ ਯੋਜਨਾ ਹੈ ਜਿਸ ਵਿੱਚ ਉਰਮੀ ਫਸੀ ਹੋਈ ਹੈ, ਇਸ ਕਰਕੇ ਤਾਂ ਉਸ ਦੀ ਹਾਸੀ 'ਤੇ ਵੀ ਕਰਫਿਊ ਲੱਗਾ ਹੈ। ਜਿੰਨਾ ਮੈਂ ਸੁਲਝੇ ਹੋਏ ਵਿਚਾਰਾਂ ਨਾਲ ਹਰ ਪਹਿਲੂ 'ਤੇ ਰੌਸ਼ਨੀ ਪਾਉਂਦੀ ਹਾਂ, ਓਨੀ ਹੀ ਮੈਂ ਉਲਝਣਾਂ ਵਿੱਚ ਉਲਝਦੀ ਜਾਂਦੀ ਹਾਂ। ਕਦੇ ਭਾਵਹੀਣ ਮੂਰਤ ਉਰਮੀ ਵੱਲ ਦੇਖਾਂ, ਜਿਹੜੀ ਆਪਣੇ ਪਤੀ ਨਾਲ ਇਉਂ ਖੜੀ ਹੈ, ਜਿਵੇਂ ਮੈਂ ਉਨ੍ਹਾਂ ਦਾ ਸਵਾਗਤ ਕਰਨ ਲਈ ਖੜੀ ਹਾਂ। ਨਾ ਸ਼ੋਰ ਸ਼ਰਾਬਾ, ਨਾ ਬੈਂਡ, ਨਾ ਵਾਜਾ, ਬਸ ਫੁੱਲ, ਫੁੱਲਾਂ ਦੀ ਮਾਲਾ, ਲਾਲ ਚਮਕਦੀ ਸਾੜ੍ਹੀ ਤੇ ਮੁੰਡੇ ਦੇ ਪਹਿਰਾਵੇ ਤੋਂ ਪ੍ਰਤੀਤ ਹੁੰਦਾ ਸੀ ਕਿ ਦੋਵੇਂ ਨਵੇਂ ਵਿਆਹੇ ਪਤੀ ਪਤਨੀ ਹਨ। ਹੋਰ ਕੁਝ ਨਹੀਂ ਸੀ, ਨਾ ਸ਼ਹਿਨਾਈ ਨਾ ਮੰਡਪ, ਨਾ ਫੇਰੇ ਨਾ ਮਹਿਮਾਨਾਂ ਦੀ ਹਲਚਲ, ਨਾ ਖਾਣਾ, ਨਾ ਪੀਣਾ। ਇਸ ਤਰ੍ਹਾਂ ਦਾ ਕੁਝ ਨਹੀਂ ਜਿਸ ਨਾਲ ਲੱਗੇ ਕਿ ਵਿਆਹ ਹੋਇਆ ਹੈ ਅਤੇ ਮੈਂ ਉਹਦੀ ਦਾਦੀ ਬੇਪਛਾਣ ਜਿਹੀ ਖੜੀ ਦੇਖ ਰਹੀ ਹਾਂ ਉਨ੍ਹਾਂ ਨੂੰ ਘਰ ਦੀ ਦਹਿਲੀਜ਼ ਦੇ ਉਸ ਪਾਸੇ ਅਤੇ ਮੈਂ ਸੋਚਾਂ ਵਿੱਚ ਡੁੱਬੀ ਹੋਈ ਹਾਂ ਇਸ ਪਾਸੇ।

'ਸਦਾ ਸੁਹਾਗਣ ਦਾ ਆਸ਼ੀਰਵਾਦ ਦਿਓ ਦਾਦੀ' ਅਚਾਨਕ ਸੋਚ ਦੀਆਂ ਲੜੀਆਂ ਟੁੱਟੀਆਂ। ਮੈਂ ਉਰਮੀ ਵੱਲ ਦੇਖਿਆ ਜਿਹੜੀਆਂ ਮਿਲੀਆਂ ਜੁਲੀਆਂ ਭਾਵਨਾਵਾਂ ਨਾਲ ਮੇਰੇ ਵੱਲ ਵੇਖੀ ਜਾ ਰਹੀ ਸੀ। ਮੈਂ ਬਿਨਾਂ ਹੱਸੇ ਸਾਰਾ ਕੁਝ ਨਜ਼ਰ ਅੰਦਾਜ਼ ਕਰਦੇ ਹੋਏ, ਲਗਭਗ ਗਰਜਦੀ ਹੋਈ ਆਵਾਜ਼ ਵਿੱਚ ਉਸ ਅਣਜਾਣ ਪ੍ਰਾਹੁਣੇ ਨੂੰ ਸੰਬੋਧਨ ਕਰਦਿਆਂ ਕਿਹਾ, 'ਕੀ ਆਪਣਾ ਮੂੰਹ ਦਿਖਾਉਣ ਲਈ ਤੈਨੂੰ ਮੂੰਹ ਦਿਖਾਈ ਦੇਣੀ ਪਵੇਗੀ?'

'ਮੇਰਾ ਹੱਕ ਤਾਂ ਬਣਦਾ ਹੈ..,' ਉਹ ਮੱਧਮ ਜਿਹੀ ਆਵਾਜ਼ 'ਚ ਬੋਲਿਆ। ਖਾਮੋਸੀ ਮਾਹੌਲ 'ਤੇ ਹਾਵੀ ਸੀ। ਪ੍ਰਾਹੁਣੇ ਦੇ ਸਰੀਰ ਵਿੱਚ ਹਰਕਤ ਹੋਈ। ਉਹ ਹੌਲੀ-ਹੌਲੀ ਪੂਰੀ ਤਰ੍ਹਾਂ ਝੁਕਿਆ ਜਿਸ ਨਾਲ ਉਸ ਦੇ ਹੱਥ ਪੈਰਾਂ ਨੂੰ ਲੱਗ ਸਕਣ। ਪਤਾ ਨਹੀਂ ਕੀ ਸੀ ਉਸ ਛੋਹ ਵਿੱਚ ਕਿ ਮੇਰੇ ਹੱਥ ਖੁਦ-ਬ-ਖੁਦ ਉਸ ਦੇ ਮੱਥੇ 'ਤੇ ਚਲੇ ਗਏ ਅਤੇ ਮੂੰਹ ਵਿੱਚੋਂ ਨਿਕ-ਲਆ 'ਸਦਾ ਖੁਸ਼ ਰਹੋ' ਅਤੇ ਮੈਂ ਖੀਵੀ ਹੋਈ ਫੁੱਲਾਂ ਗੁੰਦੇ ਸਿਹਰੇ ਦੇ ਓਹਲੇ ਆਪਣੀ ਉਰਮੀ ਦੇ ਪ੍ਰਾਹੁਣੇ ਨੂੰ ਦੇਖਣ ਦੀ ਇੱਛਾ ਨੂੰ ਰੋਕ ਨਾ ਸਕੀ। ਜਦੋਂ ਉਹ ਪੈਰੀਂ ਹੱਥ ਲੈ ਕੇ ਸਿਰ ਉਪਰ ਚੁੱਕਣ ਲੱਗਿਆ, ਮੈਂ ਉਹਦੇ ਸਿਹਰੇ ਨਾਲ ਲਟਕਦੀਆਂ ਫੁੱਲਾਂ ਅਤੇ ਮੋਤੀਆਂ ਦੀਆਂ ਲੜੀਆਂ ਨੂੰ ਪਰ੍ਹੇ ਕੀਤਾ ਤਾਂ ਇਕ ਖੂਬਸੂਰਤ ਮੁਸਕਾਨ ਨਾਲ ਸਾਹਮਣਾ ਹੋਇਆ। ਦੇਖਿਆ ਸਾਹਮਣੇ ਸੁੰਦਰ ਨੈਣ ਨਕਸ਼, ਚਮਕਦੀਆਂ ਅੱਖਾਂ, ਮਨਮੋਹਣੀ ਮੁਸਕਾਨ ਦੇ ਨਾਲ ਦੋਵੇਂ ਹੱਥ ਜੋੜ ਕੇ ਖੜਾ ਸੀ ਸੁਜਾਨ।

ਮੈਂ ਖੁਦ ਨੂੰ ਸੰਭਾਲਦੇ ਹੋਏ ਦੋਵਾਂ ਨੂੰ ਗਲ ਨਾਲ ਲਾਇਆ, ਆਰਤੀ ਟਿੱਕਾ ਕਰਕੇ ਘਰ ਅੰਦਰ ਲੰਘਾਇਆ। ਮਨ ਵਿੱਚੋਂ ਡਰ ਤੇ ਹਉਕੇ ਦੀ ਧੁੰਦ ਉਤਰ ਗਈ ਸੀ। ਆਪਣੇਪਣ ਦੀ ਰੌਸ਼ਨੀ ਵਿੱਚ ਬੇਗਾਨਗੀ ਦਾ ਹਨੇਰਾ ਗੁੰਮ ਹੋ ਗਿਆ। ਮਨ ਦੇ ਸਾਰੇ ਵਹਿਮ ਰਫੂਚੱਕਰ ਹੋ ਗਏ। ਮਨਮੋਹਣੀ ਮੁਸਕਾਨ ਦਾ ਮਾਲਕ ਸੁਜਾਨ, ਮੇਰੀ ਨੂੰਹ ਸਵਿਤਾ ਦਾ ਛੋਟਾ ਭਾਈ, ਅੱਜ ਮੇਰੀ ਉਰਮੀ ਦੇ ਪਤੀ ਦੇ ਰੂਪ ਵਿੱਚ ਸਾਹਮਣੇ ਸੀ। ਮੈਂ ਰਸੋਈ ਘਰ ਵੱਲ ਭੱਜੀ ਜਿਥੇ ਮੂੰਹ ਮਿੱਠਾ ਕਰਾਉਣ ਲਈ ਹੋਰ ਕੁਝ ਨਾ ਲੱਭਣ ਕਾਰਨ ਸ਼ੱਕਰ ਦਾ ਡੱਬਾ ਹੀ ਲਿਆਈ। ਵਾਰੀ-ਵਾਰੀ ਦੋਵਾਂ ਨੂੰ ਚੂੰਢੀ ਭਰ ਖੁਆਈ ਅਤੇ ਪਾਣੀ ਪਿਲਾਇਆ। ਘਰ ਵਿੱਚ ਸਾਦਗੀ ਨਾਲ ਸ਼ੁਭ ਦਾਖਲਾ ਤਾਂ ਹੋਇਆ, ਪਰ ਮਨ ਵਿੱਚ ਇਕ ਅਣਸੁਲਝੀ ਗੁੰਝਲ ਪਰੇਸ਼ਾਨ ਕਰ ਰਹੀ ਸੀ।

'ਦਾਦੀ ਤੁਸੀਂ ਬੈਠੋ, ਜ਼ਿਆਦਾ ਪਰੇਸ਼ਾਨ ਨਾ ਹੋਵੋ।'

ਮੈਂ ਉਨ੍ਹਾਂ ਦੀ ਇਕ ਨਾ ਸੁਣੀ, ਫੋਨ ਚੁੱਕਿਆ ਤੇ ਉਰਮੀ ਦੀ ਨਾਨੀ ਨੂੰ ਮਿਲ-ਾਇਆ!

'ਵਧਾਈ ਹੋਵੇ ਦਾਦੀ ਜੀ,' ਉਧਰੋਂ ਪਹਿਲ ਹੋਈ।

'ਤੁਹਾਨੂੰ ਵੀ ਨਾਨੀ ਜੀ, ਪਰ ਇਸ ਤਰ੍ਹਾਂ ਲੁਕ ਛਿਪ ਕੇ ਇਹ ਸਭ ਕੁਝ..?'

'ਕਿਉਂ ਅਤੇ ਕਿਵੇਂ, ਤੁਸੀਂ ਇਹ ਸਾਰਾ ਕੁਝ ਜਾਣਨ ਲਈ ਕਾਹਲੇ ਹੋ ਸਾਨੂੰ ਇਸ ਦਾ ਅਹਿਸਾਸ ਹੈ। ਤੁਹਾਨੂੰ ਪਤਾ ਹੀ ਹੋਣਾ, ਜਦੋ ਦੋਹਤੀ ਆਪਣੇ ਮਾਮੇ ਨਾਲ ਵਿਆਹ ਕਰਦੀ ਹੈ ਤਾਂ ਚੋਰੀ ਛਿਪੇ ਸਿਰਫ ਲੜਕੇ ਦੇ ਪਰਵਾਰ ਵਿੱਚ ਹੀ ਕੀਤਾ ਜਾਂਦਾ ਹੈ। ਅੱਜ ਜੇ ਸਵਿਤਾ ਹੁੰਦੀ ਤਾਂ ਉਹ ਵੀ ਸ਼ਾਮਲ ਨਾ ਹੁੰਦੀ। ਅਸੀਂ ਹੁਣੇ ਤੁਹਾਡੇ ਕੋਲ ਪੰਜ ਸੱਤ ਮਿੰਟ ਵਿੱਚ ਪਹੁੰਚ ਰਹੇ ਹਾਂ।' ਅਤੇ ਫੋਨ ਕੱਟ ਗਿਆ।

ਉਰਮੀ ਦੇ ਨਾਨਾ-ਨਾਨੀ ਆ ਰਹੇ ਹਨ, ਯਾਨੀ ਮੇਰੇ ਕੁੜਮ ਕੁੜਮਣੀ ਤਾਂ ਉਹ ਸਨ, ਰਿਸ਼ਤਾ ਹੋਰ ਗੂੜ੍ਹਾ ਹੋਇਆ ਹੈ ਅਤੇ ਮੇਰੀ ਹਰ ਚਿੰਤਾ ਦਾ ਹੱਲ ਹੋ ਗਿਆ ਹੈ। ਉਸੇ ਸਮੇਂ ਦਰਵਾਜ਼ੇ 'ਤੇ ਫਿਰ ਦਸਤਕ ਹੋਈ। ਰਸੋਈ ਤੋਂ ਬਾਹਰ ਨਿਕਲਦੇ ਹੀ ਦੇਖਿਆ ਕਿ ਉਰਮੀ ਨੇ ਦਰਵਾਜ਼ਾ ਖੋਲ੍ਹਣ ਦੀ ਪਹਿਲ ਕੀਤੀ ਸੀ। ਉਹ ਆਪਣੀ ਨਾਨੀ ਭਾਵ ਸੁਜਾਨ ਦੀ ਮਾਂ ਨੂੰ ਸੱਸ ਦਾ ਦਰਜਾ ਦਿੰਦੇ ਹੋਏ ਪੈਰੀਂ ਹੱਥ ਲਾ ਰਹੀ ਸੀ। ਫਿਜ਼ਾ ਵਿੱਚ ਖੁਸ਼ੀਆਂ ਘੁਲ ਮਿਲ ਗਈਆਂ। ਵਧਾਈਆਂ ਦੀ ਆਦਾਨ ਪ੍ਰਦਾਨ ਹੋਇਆ, ਮੂੰਹ ਮਿੱਠਾ ਕੀਤਾ ਤੇ ਮਿਲ ਕੇ ਚਾਹ ਨਾਸ਼ਤੇ ਦੇ ਨਾਲ ਹੀ ਗੱਲਾਂ ਵੀ ਹੁੰਦੀਆਂ ਰਹੀਆਂ। ਕੁਝ ਕਹੀਆਂ ਜਾ ਰਹੀਆਂ ਸਨ ਕੁਝ ਸੁਣੀਆਂ ਜਾ ਰਹੀਆਂ ਸਨ, ਪਰ ਸਾਰੀਆਂ ਦੀਆਂ ਸਾਰੀਆਂ ਸੁੱਖ ਅਤੇ ਖੁਸ਼ੀਆਂ ਨਾਲ ਭਰਪੂਰ ਸਨ।

ਗੱਲਾਂ-ਗੱਲਾਂ ਵਿੱਚ ਕਈ ਅਣਜਾਣੀਆਂ ਗੱਲਾਂ ਤੋਂ ਪਰਦਾ ਉਠ ਗਿਆ ਕਿ ਉਸ ਰਾਤ ਉਰਮੀ ਅਤੇ ਸੁਜਾਨ ਨੇ ਪੂਰੇ ਧਾਰਮਿਕ ਰੀਤੀ ਰਿਵਾਜਾਂ ਨਾਲ ਮੰਦਰ ਵਿੱਚ ਆਪਣੇ ਮਾਤਾ ਪਿਤਾ ਦੇ ਸਾਹਮਣੇ ਵਿਆਹ ਕੀਤਾ ਅਤੇ ਉਹ ਦਾਦੀ ਨੂੰ ਸਰਪਰਾਈਜ਼ ਦੇਣਾ ਚਾਹੁੰਦੇ ਸੀ। ਅਸਲ ਵਿੱਚ ਦਾਦੀ ਨੂੰ ਇਹ ਪਤਾ ਸੀ ਕਿ ਆਂਧਰਾ ਪ੍ਰਦੇਸ਼ ਦੇ ਕੁਝ ਖਾਸ ਪਰਵਾਰਾਂ ਵਿੱਚ ਇਹ ਪ੍ਰਥਾ ਸੀ ਕਿ ਭੈਣ ਦੀ ਲੜਕੀ ਦਾ ਵਿਆਹ ਭੇਦ ਭਰੇ ਢੰਗ ਨਾਲ ਮਾਮੇ ਨਾਲ ਕਰਵਾ ਦਿੱਤਾ ਜਾਂਦਾ ਹੈ ਅਤੇ ਉਸ ਪਿੱਛੋਂ ਮਾਂ ਅਤੇ ਧੀ ਕੁੜਮਣੀਆਂ ਬਣ ਜਾਂਦੀਆਂ ਹਨ। ਭਾਈ, ਭੈਣ ਦਾ ਜਵਾਈ ਬਣ ਜਾਂਦੀ ਹੈ ਅਤੇ ਧੀ ਆਪਣੀ ਨਾਨੀ ਦੀ ਨੂੰਹ।

ਦਾਦੀ ਅੱਜ ਸਵਿਤਾ ਦੀ ਥਾਂ 'ਤੇ ਖੜ ਕੇ ਸਾਰੇ ਰਿਸ਼ਤੇ ਸਵੀਕਾਰ ਕਰੇਕ ਨੂੰਹ ਦੀ ਯਾਦ ਵਿੱਚ ਰੋ ਪਈ। ਇਸ ਵਿੱਚ ਇਕ ਖੁਸ਼ੀ ਵੀ ਸ਼ਾਮਲ ਸੀ ਕਿ ਉਸ ਨੂੰ ਉਰਮੀ ਲਈ ਉਸ ਦਾ ਮਾਤਾ, ਪਤੀ ਦੇ ਰੂਪ ਵਿੱਚ ਇਕ ਵਰਦਾਨ ਵਾਂਗ ਮਿਲਿਆ, ਇਕ ਰੱਖਿਅਕ, ਇਕ ਕਵਚ ਬਣ ਕੇ। ਫੋਨ 'ਤੇ ਆਖੇ ਗਏ ਉਹ ਸ਼ਬਦ 'ਪ੍ਰੇਸ਼ਾਨ ਨਾ ਕਰੋ, ਇਕ ਘੰਟੇ ਵਿੱਚ ਉਸ ਦਾ ਵਿਆਹ ਹੋ ਰਿਹਾ ਹੈ..' ਹੁਣ ਇਕ ਸੁਖਦ ਯਾਦਗਾਰ ਬਣ ਗਏ।

'ਦਾਦੀ, ਅਸੀਂ ਸਾਰਿਆਂ ਨੇ ਤੈਅ ਕੀਤਾ ਕਿ ਇਹ ਵਿਆਹ ਭੇਤ ਭਰੇ ਢੰਗ ਨਾਲ ਪੂਰਾ ਕਰਕੇ ਅਸੀਂ ਤੁਹ-ਾਡੇ ਕੋਲ ਆਸ਼ੀਰਵਾਦ ਲੈਣ ਆਈਏ। ਸਾਨੂੰ ਪਤਾ ਹੈ ਕਿ ਤੁਸੀਂ ਉਰਮੀ ਨੂੰ ਖੁਦ ਨਾਲੋਂ ਵੱਖ ਕਰਕੇ ਸਾਡੇ ਘਰ ਦੀ ਨੂੰਹ ਬਣਾਉਣ ਲਈ ਰਾਜ਼ੀ ਨਹੀਂ ਹੋਵੋਗੇ।' ਕਹਿੰਦੇ ਹੋਏ ਉਰਮੀ ਦੀ ਨਾਨੀ ਨੇ ਖੜੀ ਹੋ ਕੇ ਦਾਦੀ ਨੂੰ ਗਲ ਨਾਲ ਲਾਇਆ ਅਤੇ ਉਨ੍ਹਾਂ ਦੇ ਹੰਝੂ ਪੂੰਝੇ। ਸਾਰਿਆਂ ਦਾ ਦਰਦ ਸਾਂਝਾ ਸੀ, ਸਾਰਿਆਂ ਦੀਆਂ ਖੁਸ਼ੀਆਂ ਸਾਂਝੀਆਂ ਸਨ।

ਅੱਖਾਂ ਵਿੱਚ ਇਕ ਦ੍ਰਿਸ਼ ਉਭਰ ਕੇ ਆਇਆ, ਬਾਰਾਂ ਮਹੀਨੇ ਦੀ ਨੰਨ੍ਹੀ ਉਰਮੀ ਤੇ ਬਾਈ ਸਾਲ ਦੀ ਨੌਜਵਾਨ ਉਰਮੀ ਆਪਣੀ ਹੀ ਨਾਨੀ ਦੀ ਨੂੰਹ ਬਣੀ, ਆਪਣੀ ਮਾਂ ਦੀ ਇੱਛਾ ਪੂਰੀ ਕੀਤੀ ਅਤੇ ਭਾਵਭਿੰਨੀ ਜਿਹੀ ਦਾਦੀ ਦੇ ਪੈਰਾਂ ਵੱਲ ਝੁਕੀ ਤਾਂ ਦਾਦੀ ਨੇ ਉਠ ਕੇ ਉਸ ਨੂੰ ਸੀਨੇ ਨਾਲ ਲਾ ਲਿਆ।

ਕੱਲ੍ਹ ਰਾਤ ਅਤੇ ਅੱਜ ਸਵੇਰੇ ਦੇ ਵਿਚਕਾਰਲਾ ਹਉਕਿਆਂ ਭਰਿਆਂ ਸਮਾਂ ਹੁਣ ਖੁਸ਼ੀਆਂ ਦੀ ਲਹਿਰ ਵਿੱਚ ਬਦਲ ਗਿਆ। ਅੱਜ ਦਾਦੀ ਨੇ ਮਹਿਸੂਸ ਕੀਤਾ ਕਿ ਦੋ ਪੀੜ੍ਹੀਆਂ ਨੂੰ ਪਾੜਨ ਵਾਲਾ ਪਿਆਰ ਇਸ ਤਰ੍ਹਾਂ ਵੀ ਹੁੰਦਾ ਹੈ।

ਫੈਨਸਾਂ ਜਾਂ ਘਰਾਂ ਦਾ ਰੰਗ ਕਰਨ ਲਈ,
8 ਸਾਲਾਂ ਦਾ ਤਜ਼ਰਬਾ, ਵਾਜਿਬ ਰੇਟ ਤੇ ਸਮੇ ਸਿਰ ਕੰਮ
647 202 7902 ਜਾਂ 647 794 6514
ਰੇਟ: $16/ਘੰਟਾ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

You can
Place Your Business Here
To Reach Wider Audience
For more info Call 905-793-2202 or e-mail ads@punjabipost.ca

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
Local City Drivers @ 22/hr
For Canada To US Runs
For Owner Operator upto $1.62/mile
USA Driver $0.60/mile | Canada wide $0.50/mile
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਦਵਾਈ ਬਨਾਮ ਹਥੌਲਾ

-ਹਰਬੰਸ ਸਿੰਘ ਬੰਸੀ ਲੰਭਵਾਲੀ-



ਇੱਕ ਦਿਨ ਮੈਨੂੰ ਇੱਕ ਬਿਰਧ ਔਰਤ ਨੇ ਆਵਾਜ਼ ਮਾਰ ਕੇ ਕਿਹਾ ਵੇ ਬੰਸਿਆ! ਜੇ ਮੇਰਾ ਪੁੰਨ ਖੱਟ ਲਵੇਂ। ਪਹਿਲਾਂ ਮੈਂ ਸੋਚਿਆ; ਪਤਾ ਨਹੀਂ ਮਾਈ ਕੀ ਸਵਾਲ ਪਾਏਗੀ। ਉਂਝ, ਰਿਸ਼ਤੇ ਵਿੱਚੋਂ ਉਹ ਮੇਰੀ ਭਰਜਾਈ ਸੀ, ਪਰ ਉਮਰ ਵੱਡੀ ਹੋਣ ਕਰ ਕੇ ਮੈਂ ਉਸ ਨੂੰ ਆਪਣੀ ਮਾਤਾ ਸਮਾਨ ਸਮਝਦਾ ਸੀ। ਮੈਂ ਪੁੱਛਿਆ, ''ਭਾਬੀ, ਕੀ ਗੱਲ ਸੁੱਖ ਹੈ।'' ਮੁਖਤਿਆਰੋ ਭਾਬੀ ਦਾ ਦਮ ਪੁੱਟਿਆ ਹੋਇਆ ਸੀ। ਉਹ ਕਹਿਣ ਲੱਗੀ, ''ਮੈਨੂੰ ਕਈ ਦਿਨਾਂ ਤੋਂ ਬੁਖਾਰ ਚੜ੍ਹਦੈ। ਨਿਕਾਲ ਬਣ ਗਿਆ। ਮੈਨੂੰ ਦੱਸ ਤੇਰਾ ਮੋਟਰ ਸਾਈਕਲ ਘਰੇ ਆ?'' ਮੈਂ ਕਿਹਾ, ''ਮੋਟਰ ਸਾਈਕਲ ਤਾਂ ਮੇਰਾ ਪੁੱਤਰ ਲੈ ਕੇ ਕਿਸੇ ਰਿਸ਼ਤੇਦਾਰੀ 'ਚ ਗਿਐ, ਪਰ ਸਕੂਟਰ ਘਰੇ ਐ।'' ਮੈਂ ਕਿਹਾ, ''ਭਾਬੀ, ਕੋਈ ਦਵਾਈ ਮੰਗਾਉਣੀ ਐ ਤਾਂ ਲਿਆ ਦਿੰਦਾ ਹਾਂ।'' ਕਹਿੰਦੀ, ''ਕਾਹਨੂੰ ਮੇਰੇ ਤਾਂ ਥੌਲਾ (ਹਥੌਲਾ) ਪੁਆ ਕੇ ਲਿਆ ਬਾਬੇ ਤੋਂ। ਦਵਾਈ ਚੰਦਰੀ ਨੇ ਕੀ ਕਰਨਾ ਹੈ, ਨਿਕਾਲ ਵਿਗੜ ਗਿਆ ਹੈ। ਪਹਿਲਾਂ ਮੁੰਡਿਆਂ ਨੇ ਦਵਾਈ ਦੁਆਈ ਨੀਂ। ਵੱਡਾ ਤਾਂ ਵਿਚਾਰਾ ਮਿੱਟੀ ਨਾਲ ਮਿੱਟੀ ਹੋਇਆ ਰਹਿੰਦੈ। ਛੋਟੇ ਦਾ ਤੈਨੂੰ ਕੀ ਦੱਸਾਂ ! ਨਸ਼ਿਆਂ ਵਿੱਚ ਪੈ ਗਿਆ। ਜੇ ਕਿਸੇ ਹਮਾਤੜ ਤੋਂ ਮੋਟਰ ਸਾਈਕਲ ਮੰਗ ਲਿਆ ਤਾਂ ਡਰਦੀ ਹਾਂ ਕਿ ਨਸ਼ੇ ਵਿੱਚ ਕਿਸੇ ਦੇ ਵਿੱਚ ਨਾ ਮਾਰੇ। ਨਾਲੇ ਅਗਲੇ ਦੀ ਮਸ਼ੀਨਰੀ ਦਾ ਉਲਾਂਭਾ ਤੇ ਨਾਲੇ ਮੇਰੇ ਬੁੱਢੇ ਹੱਡ ਤੋੜ ਦੇਵੇਗਾ।''

ਮੈਂ ਕਿਹਾ, ''ਭਾਬੀ, ਬਾਬਿਆਂ ਕੋਲ ਕੁਝ ਨੀਂ ਪਿਆ। ਤੈਨੂੰ ਦਵਾਈ ਦਿਵਾ ਲਿਆਉਂਦਾ ਹਾਂ।''

ਦਰਅਸਲ ਮੈਂ ਬਚਪਨ ਤੋਂ ਹੀ ਕਿਸੇ ਬਾਬੇ ਜਾਂ ਦੇਹਧਾਰੀ ਨੂੰ ਗੁਰੂ ਨਹੀਂ ਮੰਨਦਾ ਸੀ। ਭਾਬੀ ਦਾ ਪਤਾ ਨਹੀਂ ਕਿਉਂ ਹਥੌਲੇ ਵਾਲੇ ਬਾਬੇ 'ਤੇ ਵਿਸ਼ਵਾਸ ਬੱਝਿਆ ਹੋਇਆ ਸੀ। ਕਹਿੰਦੀ, ''ਭਾਈ, ਤੇਰੇ ਸਕੂਟਰ 'ਚ ਮੈਂ ਤੇਲ ਪਵਾਊਂ। ਮੈਥੋਂ ਪੈਸੇ ਲੈ ਲਈਂ। ਮੈਂ ਤੇਰਾ ਖਰਚਾ ਨ੍ਹੀਂ ਕਰਾਉਂਦੀ।'' ਮੈਂ ਸੋਚਿਆ ਕਿ ਭਾਬੀ ਵਹਿਮ ਕਾਰਨ ਮੇਰੀ ਗੱਲ ਨਹੀਂ ਮੰਨੇਗੀ, ਪਹਿਲਾਂ ਬਾਬੇ ਕੋਲ ਲੈ ਜਾਂਦਾ ਹਾਂ, ਬਾਅਦ ਵਿੱਚ ਦਵਾਈ ਦਿਵਾ ਦਿਆਂਗਾ। ਮੈਂ ਸਕੂਟਰ 'ਤੇ ਉਸ ਨੂੰ ਬਿਠਾ ਕੇ ਚੱਲ ਪਿਆ। ਬਾਬੇ ਦਾ ਅੱਡਾ ਸਾਡੇ ਪਿੰਡੋਂ ਕਾਫੀ ਦੂਰ ਸੀ। ਰਸਤੇ ਵਿੱਚ ਪੈਟਰੋਲ ਪਾਉਣ ਲੱਗੇ ਤਾਂ ਭਾਬੀ ਨੇ ਸੌ ਦਾ ਨੋਟ ਕੱਢਿਆ ਤੇ ਕਹਿਣ ਲੱਗੀ, ''ਭਾਈ, ਪੰਜਾਹ ਦਾ ਤੇਲ ਪਵਾ ਲੈ ਤੇ ਪੰਜਾਹ ਰੁਪਏ ਮੈਂ ਬਾਬੇ ਦੇ ਮੱਥੇ ਟੇਕਾਂਗੀ।'' ਮੈਂ ਕਿਹਾ, ''ਨਹੀਂ ਭਾਬੀ, ਤੇਲ ਮੈਂ ਆਪੇ ਪਵਾ ਲਵਾਂਗਾ।'' ਪੈਟਰੋਲ ਪਵਾ ਕੇ ਅਸੀਂ ਆਪਣੀ ਮੰਜ਼ਿਲ ਵੱਲ ਚੱਲ ਪਏ।

ਤਕਰੀਬਨ ਚਾਲੀ ਕਿਲੋਮੀਟਰ ਦਾ ਸਫਰ ਤੈਅ ਕਰ ਕੇ ਉਥੇ ਪੁੱਜੇ ਤਾਂ ਬਾਬੇ ਦੇ ਅੱਗੇ ਲੱਗੀ ਕਤਾਰ ਸਿਲੰਡਰ ਲੈਣ ਲਈ ਲੱਗੀ ਕਤਾਰ ਨਾਲੋਂ ਲੰਮੀ ਸੀ। ਹਰੇਕ ਦੇ ਹੱਥ ਵਿੱਚ ਪਾਣੀ ਵਾਲੀ ਬੋਤਲ ਨਾਲ ਦਸ, ਵੀਹ ਜਾਂ ਪੰਜਾਹ ਰੁਪਏ ਦੇ ਨੋਟ ਬਾਬੇ ਨੂੰ ਮੱਥਾ ਟੇਕਣ ਲਈ ਫੜੇ ਹੋਏਸਨ। ਬਾਬਾ ਮੂੰਹ ਵਿੱਚ ਕੋਈ ਮੰਤਰ ਪੜ੍ਹਦਾ ਸੀ। ਉਹ ਆਪਣੇ ਹੱਥ ਵਿੱਚ ਫੜਿਆ ਖੰਭ ਤਿਨ ਚਾਰ ਮਰੀਜ਼ਾਂ ਉਪਰ ਘੁਮਾ ਕੇ ਉਠਾ ਦਿੰਦਾ। ਲੋਕ ਆਪਣੀ ਵਾਰੀ ਆਉਣ 'ਤੇ ਦਕਸ਼ਣਾ ਵਜੋਂ ਆਪਣੇ ਹੱਥ ਵਾਲਾ ਨੋਟ ਬਾਬੇ ਦੀ ਮੁੱਠੀ ਵਿੱਚ ਫੜਾ ਦਿੰਦੇ। ਮੁਖਤਿਆਰੋ ਭਾਬੀ ਦੀ ਵਾਰੀ ਆਉਣ ਤੋਂ ਪਹਿਲਾਂ ਸੱਤ ਅੱਠ ਮਰੀਜ਼ ਅੱਗੇ ਸਨ ਤਾਂ ਬਾਬੇ ਦਾ ਰੋਟੀ ਖਾਣ ਦਾ ਸਮਾਂ ਹੋ ਗਿਆ। ਫਿਰ ਕੁਝ ਚਲਾਕ ਔਰਤਾਂ ਪਾਸੇ ਦੀ ਹੋ ਕੇ ਮੁਖਤਿਆਰੋ ਤੋਂ ਅੱਗੇ ਜਾ ਖੜ੍ਹੀਆਂ ਤਾਂ ਉਹ ਵਿਚਾਰੀ ਫਿਰ ਵੀਹਵੇਂ ਪੱਚੀਵੇਂ ਥਾਂ ਹੋ ਗਈ।

ਮੈਂ ਧੁੱਪੇ ਖੜ੍ਹੀ ਭਾਬੀ ਨੂੰ ਪਾਣੀ ਲਿਆ ਕੇ ਪਿਆਇਆ। ਮੈਂ ਸੋਚ ਰਿਹਾ ਸੀ ਕਿ ਭਾਬੀ ਗਰਮੀ ਵਿੱਚ ਹਾਲੋਂ ਬੇਹਾਲ ਹੋ ਗਈ ਹੈ, ਫਿਰ ਵੀ ਬਾਬੇ 'ਤੇ ਕਿੰਨਾ ਵਿਸ਼ਵਾਸ ਹੈ। ਇੰਨੀ ਦੇਰ ਨੂੰ ਬਾਬਾ ਮੁੜ ਆਇਆ ਤੇ ਫਿਰ ਹਥੌਲੇ ਦਾ ਕੰਮ ਸ਼ੁਰੂ ਹੋ ਗਿਆ। ਮੈਂ ਪ੍ਰਬੰਧਕਾਂ ਨੂੰ ਕਹਿ ਦਿੱਤਾ ਕਿ ਮਰਿਆਦਾ ਤੋੜ ਕੇ ਅੱਗੇ ਗਈਆਂ ਤੇ ਮਰੀਜ਼ਾਂ ਨਾਲ ਹੇਰਾਫੇਰੀ ਕਰ ਕੇ ਉਨ੍ਹਾਂ ਨੂੰ ਪਿਛਾਂਹ ਕਰਨ ਵਾਲੀਆਂ ਔਰਤਾਂ 'ਤੇ ਵੀ ਹਥੌਲਾ ਓਨਾ ਹੀ ਕੰਮ ਕਰੇਗਾ? ਪ੍ਰਬੰਧਕ ਕਹਿਣ ਲੱਗੇ ਕਿ ਬਾਬਿਆਂ ਦੀ ਸਭ 'ਤੇ ਕ੍ਰਿਪਾ ਹੋਵੇਗੀ।

ਕੁਝ ਦੇਰ ਬਾਅਦ ਇੱਕ ਪੜ੍ਹਿਆ ਲਿਖਿਆ ਪਰਵਾਸੀ ਨੌਜਵਾਨ ਬਾਬੇ ਕੋਲ ਆ ਗਿਆ। ਉਸ ਨੇ ਬਾਬੇ ਨੂੰ ਆਪਣਾ ਮੋਬਾਈਲ ਫੜਾ ਕੇ ਕਿਹਾ, ''ਬਾਬਾ ਜੀ, ਇਸ ਮੋਬਾਈਲ ਰਾਹੀਂ ਮੇਰੀ ਵਿਦੇਸ਼ ਬੈਠੀ ਪਤਨੀ ਨੂੰ ਹਥੌਲਾ ਪਾ ਦਿਓ।'' ਇਹ ਸੁਣ ਕੇ ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਬਾਬੇ ਨੇ ਮੋਬਾਈਲ ਫੜ ਕੇ ਮੂੰਹ ਵਿੱਚ ਕੋਈ ਮੰਤਰ ਪੜ੍ਹਿਆ ਤੇ ਉਸ ਨੌਜਵਾਨ ਨੇ ਆਪਣੀ ਪਤਨੀ ਦੀ ਫੋਟੋ ਜੇਬ ਵਿੱਚੋਂ ਕੱਢ ਕੇ ਆਪਣੇ ਹੱਥ ਵਿੱਚ ਫੜ ਲਈ। ਬਾਬੇ ਨੇ ਆਪਣੇ ਖੰਭ ਜਿਹਾ ਚਾਰ ਪੰਜ ਵਾਰ ਫੋਟੋ ਉਪਰ ਦੀ ਘੁਮਾਇਆ। ਫਿਰ ਨੌਜਵਾਨ ਨੇ ਸੌ ਦਾ ਨੋਟ ਬਾਬੇ ਦੀ ਮੁੱਠੀ ਵਿੱਚ ਫੜਾਇਆ ਅਤੇ ਪਾਣੀ ਦੀ ਬੋਤਲ ਲੈ ਕੇ ਚਲਾ ਗਿਆ। ਮਨੈਂ ਸੋਚ ਰਿਹਾ ਸੀ ਕਿ ਫੋਟੋ 'ਤੇ ਫੇਰਿਆ ਖੰਭ ਵਿਦੇਸ਼ ਬੈਠੀ ਉਸ ਦੀ ਪਤਨੀ 'ਤੇ ਕਿਵੇਂ ਫਿਰੇਗਾ। ਬੋਤਲ ਵਾਲਾ ਜਲ ਉਹ ਵਿਦੇਸ਼ ਬੈਠੀ ਕਿਵੇਂ ਵਰਤੇਗੀ।

ਸੂਰਜ ਨੂੰ ਪਾਣੀ ਦਿੰਦੇ ਲੋਕਾਂ ਨੂੰ ਤਾਂ ਗੁਰੂ ਨਾਨਕ ਦੇਵ ਜੀ ਨੇ ਅੰਧ-ਵਿਸ਼ਵਾਸ ਵਿੱਚੋਂ ਕੱਢਿਆ ਸੀ। ਇਨ੍ਹਾਂ ਲੋਕਾਂ ਨੂੰ ਅੰਧ-ਵਿਸ਼ਵਾਸ 'ਚੋਂ ਕੌਣ ਕੱਢੇਗਾ। ਮੈਂ ਇਹ ਸਭ ਸੋਚਦਾ ਭਾਬੀ ਨੂੰ ਸਕੂਟਰ 'ਤੇ ਬਿਠਾ ਕੇ ਘਰ ਲੈ ਆਇਆ। ਅਗਲੇ ਦਿਨ ਮੈਂ ਵੇਖਿਆ ਤਾਂ ਉਸੇ ਨੂੰ ਪਹਿਲਾਂ ਨਾਲੋਂ ਵੱਧ ਬੁਖਾਰ ਹੋਇਆ ਪਿਆ ਸੀ। ਮੈਂ ਡਾਕਟਰ ਨੂੰ ਬੁਲਾਇਆ। ਡਾਕਟਰ ਨੇ ਟੀਕਾ ਲਾਇਆ ਤੇ ਟਾਈਫਾਈਡ ਦੀ ਦਵਾਈ ਦਿੱਤੀ। ਦਵਾਈਆਂ ਲੈਣ ਨਾਲ ਉਹ ਤਿੰਨ ਚਾਰ ਦਿਨਾਂ ਵਿੱਚ ਠੀਕ ਹੋ ਗਈ। ਫਿਰ ਮੈਂ ਪੁੱਛਿਆ, ''ਭਾਬੀ, ਹਥੌਲੇ ਨੇ ਕੰਮ ਕੀਤਾ ਜਾਂ ਦਵਾਈ ਨੇ?'' ਉਹ ਕਹਿਣ ਲੱਗੀ, ''ਮੈਨੂੰ ਗੁਆਂਢਣ ਨੇ ਪੁੱਠੇ ਰਾਹ ਪਾ ਦਿੱਤਾ ਸੀ, ਕਹਿੰਦੀ ਦਵਾਈ ਨਾਲ ਨਕਾਲ ਵਧ ਜਾਂਦੈ ਤੇ ਬਾਬੇ ਦਾ ਇੱਕੋ ਹਥੌਲਾ ਠੀਕ ਕਰ ਦਿੰਦੈ। ਜਿਊਂਦਾ ਰਹਿ ਬੰਸੇ ਤੂੰ ਤਾਂ ਮੈਨੂੰ ਬਚਾ ਲਿਆ। ਬੇਬੇ ਹਰਨਾਮੀ ਕਹਿੰਦੀ ਸੀ ਕਿਸੇ ਸਿਆਣੇ ਤੋਂ ਪੁੱਛ ਲੈ ਆ, ਕਿਸੇ ਨੇ ਕੋਈ ਟੂਣਾ ਨਾ ਕਰ ਦਿੱਤਾ ਹੋਵੇ।'' ਮੈਂ ਉਸ ਨੂੰ ਸਮਝਾਇਆ, ''ਭਾਬੀ, ਅਜਿਹਾ ਕੁਝ ਨਹੀਂ ਹੁੰਦਾ। ਹਰ ਬਿਮਾਰੀ ਦੀ ਦਵਾਈ ਲੈਣੀ ਚਾਹੀਦੀ ਹੈ ਤੇ ਉਸ ਪਰਮਾਤਮਾ ਦਾ ਸ਼ੁਕਰਾਨਾ ਕਰਨਾ ਅਤੇ ਪਰਮਾਤਮਾ ਨਾਲ ਜੁੜਨਾ ਚਾਹੀਦਾ ਹੈ।'' ਉਸ ਦਿਨ ਤੋਂ ਭਾਬੀ ਮੁਖਤਿਆਰੋ ਹਰ ਰੋਜ਼ ਗੁਰਦੁਆਰੇ ਜਾਣ ਲੱਗੀ ਅਤੇ ਵਹਿਮਾ-ਭਰਮਾਂ ਦੇ ਜਾਲ ਵਿੱਚੋਂ ਬਾਹਰ ਨਿਕਲ ਗਈ।

# ਆਸਾਂ ਦੀ ਡੋਰ ਨਾਲ ਬੱਝੀ ਜ਼ਿੰਦਗੀ

-ਪ੍ਰੋ. ਧਰਮਵੀਰ ਸਿੰਘ ਮਾਨ



ਆਪਣੀ ਤੇਜ਼ ਬੁੱਧੀ ਸਦਕਾ ਇਨਸਾਨ ਨੇ ਜ਼ਿੰਦਗੀ ਦੇ ਹਰ ਗੁੱਝੇ ਭੇਤ ਨੂੰ ਫਰੋਲ ਕੇ ਉਸ ਦੇ ਅੰਦਰ ਦੀ ਸੱਚਾਈ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਹੈ। ਇਸ ਵਿੱਚ ਉਹ ਕਾਫੀ ਹੱਦ ਤੱਕ ਕਾਮਯਾਬ ਵੀ ਹੋਇਆ ਹੈ, ਪਰ ਭਵਿੱਖ ਨੂੰ ਜਾਣਨ ਦਾ ਭੇਤ ਉਸ ਲਈ ਅਜੇ ਤੱਕ ਬੁਝਾਰਤ ਬਣਿਆ ਹੋਇਆ ਹੈ। ਬੀਤੇ ਸਮੇਂ ਦਾ ਤਜਰਬਾ ਅਤੇ ਵਰਤਮਾਨ ਸਮੇਂ ਦੀ ਸੱਚਾਈ ਜ਼ਿੰਦਗੀ ਬਤੀਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਭਵਿੱਖ ਦੀ ਸਫਲਤਾ ਉਮੀਦ ਅਤੇ ਵਿਸ਼ਵਾਸ 'ਤੇ ਟਿਕੀ ਹੋਣ ਕਰਕੇ ਇਨਸਾਨ ਹਮੇਸ਼ਾਂ ਆਸਵੰਦ ਰਹਿੰਦਾ ਹੈ।

ਉਮੀਦ ਅਤੇ ਵਿਸ਼ਵਾਸ ਇਨਸਾਨ ਨੂੰ ਜ਼ਿੰਦਗੀ ਪ੍ਰਤੀ ਸਾਕਾਰਾਤਮਕ ਰੱਖਦੇ ਹਨ। ਰੋਜ਼ਾਨਾ ਸਵੇਰ ਦਾ ਸੂਰਜ ਇਕ ਨਵੀਂ ਆਸ ਲੈ ਕੇ ਆਉਂਦਾ ਹੈ। ਪੂਰੇ ਦਿਨ ਦਾ ਥੱਕਿਆ ਟੁੱਟਿਆ ਇਨਸਾਨ ਰਾਤ ਨੂੰ ਮੰਜੇ ਉਤੇ ਪੈ ਕੇ ਪੂਰੇ ਦਿਨ ਦਾ ਜੋੜ ਘਟਾਓ ਕਰਨ ਤੋਂ ਬਾਅਦ ਅਗਲੇ ਦਿਨ ਕੁਝ ਚੰਗਾ ਹੋਣ ਦੀ ਆਸ ਲੈ ਕੇ ਸੌਂਦਾ ਹੈ। ਕੁਝ ਚੰਗਾ ਹੋਣਾ ਹੈ ਜਾਂ ਨਹੀਂ ਇਹ ਤਾਂ ਪਤਾ ਨਹੀਂ, ਪਰ ਭਵਿੱਖ ਵਿੱਚ ਚੰਗਾ ਹੋਣ ਦੀ ਆਸ ਅਤੇ ਵਿਸ਼ਵਾਸ ਨੇ ਅਗਲੇ ਦਿਨ ਜ਼ਿੰਦਾ ਦਿਲ ਹੋ ਕੇ ਜਿਊਣ ਦੀ ਆਸ ਜ਼ਰੂਰ ਜਗਾ ਦਿੱਤੀ ਹੈ। ਇਹੀ ਜ਼ਿੰਦਗੀ ਦੀ ਡੋਰ ਹੈ ਜੋ ਲਗਾਤਾਰ ਇਸ ਮਨੁੱਖ ਨੂੰ ਚੱਲਦਾ ਤੇ ਜਿਊਂਦਾ ਰੱਖਦੀ ਹੈ। ਬੇਆਸ ਮਨ ਜਿਥੇ ਸਰੀਰ ਨੂੰ ਨਿਰਜ਼ਿੰਦ ਕਰ ਦਿੰਦਾ ਹੈ, ਉਥੇ ਚੰਗੇ ਨਤੀਜਿਆਂ ਦੇ ਆਉਣ ਦੀ ਉਮੀਦ ਅਤੇ ਵਿਸ਼ਵਾਸ ਇਨਸਾਨ ਨੂੰ ਹਮੇਸ਼ਾ ਅੱਗੇ ਵਧਦੇ ਰਹਿਣ ਦਾ ਸਬਕ ਦਿੰਦੇ ਹਨ।

ਗੰਭੀਰ ਬਿਮਾਰੀ ਦੇ ਸ਼ਿਕਾਰ ਇਕ ਨੌਜਵਾਨ ਨੂੰ ਡਾਕਟਰਾਂ ਨੇ ਇਹ ਕਹਿ ਕੇ ਘਰ ਮੋੜ ਦਿੱਤਾ ਕਿ ਬਿਮਾਰੀ ਲਾ ਇਲਾਜ ਪੱਧਰ 'ਤੇ ਪਹੁੰਚੀ ਹੋਣ ਕਰਕੇ ਇਲਾਜ ਕਰਨਾ ਸੰਭਵ ਨਹੀਂ, ਇਸ ਲਈ ਜਿੰਨਾ ਕੁ ਸਮਾਂ ਹੈ, ਘਰ ਲਿਜਾ ਕੇ ਸੇਵਾ ਕਰ ਲਈ ਜਾਵੇ। ਥੋੜ੍ਹਾ ਬਹੁਤਾ ਤੁਰਨ ਦੀ ਹਿੰਮਤ ਰੱਖਦੇ ਨੌਜਵਾਨ ਨੇ ਆਪਣੇ ਜ਼ਿੰਦਗੀ ਦੇ ਸਫਰ ਦਾ ਅੰਤ ਹੁੰਦਾ ਦੇਖ ਕੇ ਕੁਝ ਜ਼ਰੂਰੀ ਕੰਮ ਕਾਰ ਨਿਪਟਾਉਣੇ ਸ਼ੁਰੂ ਕਰ ਦਿੱਤੇ। ਦਿਨ ਗੁਜ਼ਰਦੇ ਗਏ, ਨੌਜਵਾਨ ਬਿਮਾਰੀ ਦੇ ਦਰਦ ਨੂੰ ਵਿਸਾਰ ਕੇ ਆਪਣੇ ਕੰਮਾਂ ਨੂੰ ਜ਼ਰੂਰਤ ਮੁਤਾਬਕ ਨਿਪਟਾਉਂਦਾ ਗਿਆ। ਡਾਕਟਰਾਂ ਵੱਲੋਂ ਦਿੱਤਾ ਆਖਰੀ ਵਕਤ ਲੰਘ ਗਿਆ, ਨੌਜਵਾਨ ਜ਼ਿੰਦਗੀ ਨੂੰ ਰੋਜ਼ਾਨਾ ਅਗਲੇ ਦਿਨ ਦੀ ਆਸ ਅਤੇ ਵਿਸ਼ਵਾਸ ਮੁਤਾਬਕ ਜਿਊਂਦਾ ਚੱਲਿਆ ਗਿਆ। ਬੇਸ਼ੱਕ ਬਿਮਾਰੀ ਸਰੀਰ ਵਿੱਚੋਂ ਖਤਮ ਨਹੀਂ ਹੋਈ, ਪਰ ਉਮੀਦ ਅਤੇ ਵਿਸ਼ਵਾਸ ਦੇ ਸਹਾਰੇ ਜ਼ਿੰਦਗੀ ਜਿਊਣ ਦੀ ਸੱਚਾਈ ਨੇ ਨਿਰਜ਼ਿੰਦ ਸਰੀਰ ਨੂੰ ਸੁਰਜੀਤ ਕਰ ਦਿੱਤਾ। ਇਹ ਉਮੀਦ ਤੇ ਵਿਸ਼ਵਾਸ ਦੀ ਤਾਕਤ ਹੈ। ਬੇਆਸ ਮਨੁੱਖ ਜ਼ਿੰਦਗੀ ਦੀ ਖੂਬਸੂਰਤੀ ਨੂੰ ਮਾਣਨ ਤੋਂ ਅਸਮਰੱਥ ਹੋ ਜਾਂਦਾ ਹੈ। ਉਮੀਦ ਅਤੇ ਵਿਸ਼ਵਾਸ ਦੇ ਸਹਾਰੇ ਟਿਕੀ ਜ਼ਿੰਦਗੀ ਦੇ ਰਹੱਸ ਨੂੰ ਬੁੱਝਣਾ ਬੇਸ਼ੱਕ ਨਾ ਮੁਮਕਿਨ ਹੈ, ਪਰ ਇਹ ਉਮੀਦ ਹੀ ਹੈ ਜਿਸ ਦੇ ਸਹਾਰੇ ਜ਼ਿੰਦਗੀ ਦਾ ਪੂਰਾ ਆਨੰਦ ਲਿਆ ਜਾ ਸਕਦਾ ਹੈ।

ਉਮੀਦ ਤੇ ਵਿਸ਼ਵਾਸ ਬਰਕਰਾਰ ਹੈ ਤਾਂ ਮੰਜ਼ਿਲ ਵੱਲ ਕਦਮ ਆਪ ਮੁਹਾਰੇ ਹੀ ਵੱਧਦੇ ਜਾਣਗੇ। ਵੱਡੀਆਂ-ਵੱਡੀਆਂ ਮੁਸੀਬਤਾਂ ਦਾ ਝੰਬਿਆ ਇਨਸਾਨ ਉਮੀਦ ਤੇ ਵਿਸ਼ਵਾਸ ਦੇ ਸਹਾਰੇ ਆਪਣੇ ਯਤਨਾਂ ਨੂੰ ਲਗਾਤਾਰ ਜਾਰੀ ਰੱਖਦਾ ਹੈ। ਮੰਜ਼ਿਲ ਮਿਲਣ ਦੀ ਆਸ ਇਨਸਾਨ ਦੀਆਂ ਥੱਕੀਆਂ ਲੱਤਾਂ ਨੂੰ ਲੰਬਾ ਪੈਂਡਾ ਤੈਅ ਕਰਨ ਦੀ ਤਾਕਤ ਦਿੰਦੀ ਹੈ। ਉਮੀਦ ਤੋਂ ਉਪਜਿਆ ਆਤਮ ਬਲ ਔਖੀਆਂ ਘੜੀਆਂ ਨੂੰ ਸੁਖਾਲਾ ਕਰ ਦਿੰਦਾ ਹੈ। ਜਿਵੇਂ ਬੁਝਦੀ ਅੱਗ ਦਾ ਇਕ ਚੰਗਿਆੜਾ ਵੱਡੇ-ਵੱਡੇ ਭਾਂਬੜਾਂ ਦਾ ਕਾਰਨ ਬਣ ਜਾਂਦਾ ਹੈ, ਠੀਕ ਉਸੇ ਤਰ੍ਹਾਂ ਦਿਲ ਦੇ ਕਿਸੇ ਖੂੰਜੇ ਵਿੱਚ ਪਿਆ ਆਸਵੰਦ ਵਿਚਾਰ ਬੁਝੀ ਹੋਈ ਜ਼ਿੰਦਗੀ ਨੂੰ ਦੁਬਾਰਾ ਰੌਸ਼ਨ ਕਰ ਦਿੰਦਾ ਹੈ। ਮੁਸ਼ਕਿਲ ਹਾਲਤ ਵਿੱਚ ਆਸ ਅਤੇ ਵਿਸ਼ਵਾਸ ਹੀ ਟੁੱਟਦੇ ਹੌਸਲਿਆਂ ਨੂੰ ਥੰਮਦੇ ਹਨ। ਇਹ ਉਮੀਦ ਅਤੇ ਵਿਸ਼ਵਾਸ ਹੀ ਹਨ, ਜੋ ਇਨਸਾਨ ਨੂੰ ਜ਼ਿੰਦਗੀ ਦੇ ਵੱਖ-ਵੱਖ ਰਸਤਿਆਂ ਤੋਂ ਵਾਕਫ ਕਰਾਉਂਦੇ ਅਤੇ ਆਪਣੀ ਪਸੰਦ ਦਾ ਰਸਤਾ ਚੁਣਨ ਲਈ ਰਾਹ ਦਸੇਰਾ ਬਣਦੇ ਹਨ।

ਉਮੀਦ ਤੇ ਵਿਸ਼ਵਾਸ ਦਾ ਆਪਸ ਵਿੱਚ ਕਰੀਬੀ ਰਿਸ਼ਤਾ ਹੈ। ਔਖੇ ਸਮੇਂ ਇਹ ਇਨਸਾਨ ਲਈ ਸੰਜੀਵਨੀ ਦਾ ਕੰਮ ਕਰਦੇ ਹਨ। ਜ਼ਿੰਦਗੀ ਪ੍ਰਤੀ ਆਸਵੰਦ ਰਵੱਈਆ ਹੋਰਾਂ ਲਈ ਹੌਸਲੇ ਨਾਲ ਜ਼ਿੰਦਗੀ ਜਿਊਣ ਦੀ ਮਿਸਾਲ ਬਣਦਾ ਹੈ। ਹਰ ਮਨੁੱਖ ਵਿੱਚ ਇਕ ਦੂਜੇ ਨੂੰ ਸਾਕ-ਾਰਾਤਮਕ ਢੰਗ ਨਾਲ ਪ੍ਰਭਾਵਿਤ ਕਰਨ ਦਾ ਹੁਨਰ ਹੈ। ਮੁਸ਼ਕਿਲ ਦਾ ਸਾਹਮਣਾ ਕਰਦੇ ਸਮੇਂ ਸਾਡਾ ਆਸਵੰਦ ਸੁਭਾਅ ਕਿਸੇ ਹੋਰ ਲਈ ਪ੍ਰੇਰਨਾ ਦਾ ਸਰੋਤ ਬਣ ਸਕਦਾ ਹੈ। ਕਿਸੇ ਨੇ ਠੀਕ ਕਿਹਾ ਹੈ, 'ਜਿਥੇ ਉਮੀਦ ਹੈ, ਉਥੇ ਜ਼ਿੰਦਗੀ ਹੈ।' ਆਓ ਇਕ ਆਸ ਤੇ ਵਿਸ਼ਵਾਸ 'ਤੇ ਆਧਾਰਿਤ ਜ਼ਿੰਦਗੀ ਜੀਅ ਕੇ ਹੋਰਾਂ ਲਈ ਮਿਸਾਲ ਕਾਇਮ ਕਰੀਏ।

# ਪਰਵਾਸ: ਮਨੁੱਖੀ ਹੁਨਰ ਤੇ ਆਰਥਿਕ ਸੰਕਟ ਦੀ ਚਿਤਾਵਨੀ

-ਬਿੰਦਰ ਸਿੰਘ ਖੁੱਡੀ ਕਲਾਂ-



ਪੰਜਾਬੀਆਂ ਵੱਲੋਂ ਪਰਵਾਸ ਕੀਤੇ ਜਾਣ ਦਾ ਸਿਲਸਿਲਾ ਬੇਸ਼ੱਕ ਕਾਫੀ ਪੁਰਾਣਾ ਹੈ, ਪਰ ਇਨ੍ਹੀਂ ਦਿਨੀਂ ਪਰਵਾਸ ਦੇ ਵਧੇ ਰੁਝਾਨ ਵਿੱਚ ਪੁਰ-ਾਣੇ ਸਮਿਆਂ ਦੇ ਪਰਵਾਸ ਨਾਲੋਂ ਜ਼ਮੀਨ ਅਸਮਾਨ ਦਾ ਫਰਕ ਹੈ।

ਪਹਿਲੇ ਸਮਿਆਂ ਵਿੱਚ ਪਰਵਾਰ ਦੇ ਇਕ ਦੋ ਜੀਅ ਵਿਦੇਸ਼ਾਂ ਵਿੱਚ ਕਮਾਈ ਕਰਨ ਦੇ ਉਦੇਸ਼ ਨਾਲ ਜਾਂਦੇ ਸਨ, ਜੋ ਬਹੁਤ ਪੜ੍ਹੇ ਲਿਖੇ ਨਹੀਂ ਸੀ ਹੁੰਦੇ, ਪਰ ਮਿਹਨਤੀ ਹੁੰਦੇ ਸਨ। ਵਿਦਸ਼ੀ ਧਰਤੀ 'ਤੇ ਰਹਿੰਦਿਆਂ ਉਹ ਹੱਡ ਭੰਨਵੀਂ ਮਿਹਨਤ ਕਰਦੇ ਅਤੇ ਕਮਾਇਆ ਧਨ ਆਪਣੇ ਪਰਵਾਰਾਂ ਨੂੰ ਭੇਜਦੇ ਸਨ। ਬਾਹਰੋਂ ਕਮਾਏ ਡਾਲਰ ਤੇ ਪੌਂਡ ਜਦੋਂ ਦੇਸ਼ੀ ਕਰੰਸੀ ਵਿੱਚ ਤਬਦੀਲ ਹੁੰਦੇ ਤਾਂ ਪਿੱਛੇ ਰਹਿੰਦੇ ਪਰਵਾਰ ਦੀ ਕਾਇਆ ਕਲਪ ਹੋ ਜਾਂਦੀ ਅਤੇ ਵਿਦੇਸ਼ ਗਏ ਮੈਂਬਰ ਦੀ ਕਮਾਈ ਦੀਆਂ ਗੱਲਾਂ ਸਾਰੇ ਪਿੰਡ ਸ਼ਹਿਰ ਦੀ ਜ਼ੁਬਾਨ 'ਤੇ ਹੁੰਦੀਆਂ ਸਨ। ਇਹ ਪਰਵਾਸੀ ਲੋਕ ਕਮਾਈ ਕਰਨ ਮਗਰੋਂ ਪਰਤ ਆਉਂਦੇ ਸਨ। ਵਿਦੇਸ਼ੀ ਧਰਤੀ 'ਤੇ ਪੱਕੇ ਤੌਰ 'ਤੇ ਵਸਣ ਦਾ ਕਦੇ ਉਨ੍ਹਾਂ ਨੇ ਸੁਪਨਾ ਵੀ ਨਹੀਂ ਵੇਖਿਆ ਸੀ। ਉਦੋਂ ਪਰਵਾਸ ਸਾਡੇ ਮੁਲਕ ਅਤੇ ਸੂਬੇ ਲਈ ਵਰਦਾਨ ਸੀ, ਕਿਉਂਕਿ ਵਿਦੇਸ਼ ਗਏ ਮੈਂਬਰ ਬਾਹਰਲੀ ਕਰੰਸੀ ਆਪਣੇ ਮੁਲਕ ਵਿੱਚ ਭੇਜਦੇ ਸਨ।

ਅੱਜ ਕੱਲ੍ਹ ਪਰਵਾਸ ਦੇ ਮਾਮਲੇ ਵਿੱਚ ਉਲਟੀ ਗੰਗਾ ਵਗਦੀ ਹੈ। ਸਾਡੇ ਜ਼ਮਾਨੇ ਦੇ ਸਾਡੇ ਪੜ੍ਹੇ ਲਿਖੇ ਮੁੰਡੇ ਕੁੜੀਆਂ ਨੂੰ ਜਿਵੇਂ ਆਪਣੇ ਮੁਲਕ ਅਤੇ ਸੂਬੇ ਤੋਂ ਨਫਰਤ ਹੋ ਗਈ ਹੈ। ਪੜ੍ਹਾਈ ਵਿੱਚ ਹੁਸ਼ਿਆਰ ਤੇ ਅੰਗਰੇਜ਼ੀ ਵਿਸ਼ੇ ਵਿੱਚ ਮੁਹਾਰਤ ਰੱਖਣ ਵਾਲਾ ਹਰ ਨੌਜਵਾਨ ਬਾਰ੍ਹਵੀਂ ਜਮਾਤ ਪਾਸ ਕਰਨ ਮਗਰੋਂ ਵਿਦੇਸ਼ ਜਾਣ ਲਈ ਉਤਾਵਲਾ ਵਿਖਾਈ ਦਿੰਦਾ ਹੈ। ਕਈ ਵਰ੍ਹੇ ਪਹਿਲਾਂ ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ ਜਾਣ ਦੀ ਥਾਂ ਇੱਧਰ ਹੀ ਕੋਈ ਰੁਜ਼ਗਾਰ ਭਾਲਣ ਲਈ ਮਜਬੂਰ ਕਰਦੇ ਸਨ, ਪਰ ਅੱਜ ਮਾਪੇ ਵੀ ਬੱਚਿਆਂ ਦੀ ਵਿਦੇਸ਼ ਜਾਣ ਦੀ ਇੱਛਾ ਨਾਲ ਇਕ ਸੁਰ ਹੋ ਰਹੇ ਹਨ।

ਵਰਨਣ ਯੋਗ ਹੈ ਕਿ ਪਰਵਾਸ ਕਰਨ ਵਾਲੇ ਹੁਸ਼ਿਆਰ ਅਤੇ ਲਾਇਕ ਨੌਜਵਾਨ ਸਿਰਫ ਕਮਾਈ ਕਰਨ ਦੇ ਉਦੇਸ਼ ਨਾਲ ਵਿਦੇਸ਼ ਨਹੀਂ ਜਾ ਰਹੇ, ਉਹ ਪੱਕੇ ਤੌਰ 'ਤੇ ਆਪਣੇ ਵਤਨ ਨੂੰ ਅਲਵਿਦਾ ਕਹਿ ਰਹੇ ਹਨ। ਵਾਪਸ ਪਰਤਣ ਦੀ ਉਨ੍ਹਾਂ ਦੇ ਮਨਾਂ ਵਿੱਚ ਭੋਰਾ ਵੀ ਇੱਛਾ ਨਹੀਂ। ਪਰਵਾਸ ਬਾਰੇ ਇਸ ਮਾਨਸਿਕ ਤਬਦੀਲੀ ਨੇ ਮੁਲਕ ਅਤੇ ਸੂਬੇ ਦੀ ਆਰਥਿਕਤਾ ਨੂੰ ਪੁੱਠਾ ਗੇੜਾ ਦੇਣਾ ਸ਼ੁਰੂ ਕਰ ਦਿੱਤਾ ਹੈ। ਸਾਡਾ ਮਨੁੱਖੀ ਤੇ ਮਾਲੀ ਸਰਮ-ਾਇਆ ਲਗਾਤਾਰ ਸਾਡੇ ਹੱਥੋਂ ਖੁੱਸ ਰਿਹਾ ਹੈ। ਵਿਦੇਸ਼ਾਂ ਵਿੱਚ ਪੜ੍ਹਾਈ ਲਈ ਜਾ ਰਹੇ ਨੌਜਵਾਨ ਮਹਿੰਗੀਆਂ ਫੀਸਾਂ ਨਾਲ ਵਿਦੇਸ਼ੀ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਖੀਸੇ ਭਰ ਰਹੇ ਹਨ। ਇਕ ਤਰ੍ਹਾਂ ਨਾਲ ਵਿਦੇਸ਼ ਕਾਲਜਾਂ ਦੇ ਵਾਰੇ ਨਿਆਰੇ ਹੋਏ ਪਏ ਹਨ। ਸਾਡੇ ਕਾਲਜਾਂ ਨੂੰ ਦਾਖਲਿਆਂ ਦੇ ਲਾਲੇ ਪੈ ਗਏ ਹਨ। ਪਿਛਲੇ ਦਿਨੀਂ ਪ੍ਰਕਾਸ਼ਿਤ ਅਖਬਾਰਾਂ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਦੇ ਕਾਲਜਾਂ ਵਿੱਚ ਵੱਡੀ ਗਿਣਤੀ ਵਿੱਚ ਸੀਟਾਂ ਖਾਲੀ ਰਹਿਣ ਲੱਗੀਆਂ ਹਨ। ਸਾਡੀਆਂ ਯੂਨੀਵਰਸਿਟੀਆਂ ਅਤੇ ਕਾਲਜ ਲਗਾਤਾਰ ਵੀਰਾਨ ਹੋ ਰਹੇ ਹਨ।

ਪਰਵਾਸ ਕਰਨ ਵਾਲੇ ਇਨ੍ਹਾਂ ਨੌਜਵਾਨਾਂ ਨੇ ਕਦੇ ਵਾਪਸ ਨਹੀਂ ਪਰਤਣਾ ਤੇ ਇਨ੍ਹਾਂ ਨੇ ਵਿਦੇਸ਼ ਦੀ ਤਰੱਕੀ ਲਈ ਹੀ ਕੰਮ ਕਰਨਾ ਹੈ। ਇਕ ਨਾ ਇਕ ਦਿਨ ਇਨ੍ਹਾਂ ਨੌਜਵਾਨਾਂ ਦੇ ਮਾਪਿਆਂ ਨੇ ਵੀ ਪਰਵਾਸ ਕਰਕੇ ਆਪਣੇ ਪੁੱਤਾਂ ਧੀਆਂ ਕੋਲ ਜਾਣ ਲਈ ਵਤਨ ਨੂੰ ਅਲਵਿਦਾ ਕਹਿ ਜਾਣਾ ਹੈ। ਜਿਹੜੇ ਮਾਪਿਆਂ ਦੇ ਬੱਚੇ ਪਰਵਾਸ ਕਰ ਰਹੇ ਹਨ, ਉਹ ਇਧਰ ਪੂੰਜੀ ਨਿਵੇਸ਼ ਕਰਨੋਂ ਹਟ ਹੀ ਨਹੀਂ ਰਹੇ, ਸਗੋਂ ਇਧਰਲੀਆਂ ਜਾਇਦਾਦਾਂ ਵੇਚਣ ਲੱਗੇ ਹਨ। ਕਿਸਾਨ ਪਰਵਾਰ ਜ਼ਮੀਨਾਂ ਵੇਚ ਕੇ ਵਿਦੇਸ਼ਾਂ ਵਿੱਚ ਆਪਣੇ ਬੱਚਿਆਂ ਦੀ ਆਰਥਿਕ ਮਦਦ ਕਰਨ ਲੱਗੇ ਹਨ।

ਪਰਵਾਸ ਦੇ ਮਾਮਲੇ ਵਿੱਚ ਆਈ ਤੇਜ਼ੀ ਅਤੇ ਉਲਟ ਵਰਤਾਰੇ ਦੇ ਮਾਮਲੇ ਵਿੱਚ ਸਰਕਾਰਾਂ ਨੇ ਚੁੱਪ ਵੱਟੀ ਹੋਈ ਹੈ। ਤੇਜ਼ੀ ਨਾਲ ਬਾਹਰ ਜਾ ਰਹੇ ਮਨੁੱਖੀ ਅਤੇ ਮਾਲੀ ਸਰਮਾਏ ਦਾ ਸਰਕਾਰਾਂ ਨੂੰ ਕੋਈ ਫਿਕਰ ਨਹੀਂ ਜਾਪਦਾ। ਸਾਡੇ ਮੁਲਕ ਅਤੇ ਸੂਬੇ ਵਿੱਚੋਂ ਹੁਨਰ ਬਾਹਰ ਜਾ ਰਿਹਾ ਹੈ। ਹਰ ਵਰ੍ਹੇ ਹੋਣ ਵਾਲੇ ਪਰਵਾਸ ਦੀ ਗਿਣਤੀ ਲੱਖਾਂ ਵਿੱਚ ਪੁੱਜ ਗਈ ਹੈ। ਪਰਵਾਸ ਦੇ ਇਸ ਵਰਤਾਰੇ ਨੇ ਸਾਡੇ ਮੁਲਕ ਅਤੇ ਸੂਬੇ ਦੀ ਆਰਥਿਕਤਾ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ ਹੈ। ਘਰਾਂ ਦੇ ਘਰ ਖਾਲੀ ਹੋ ਰਹੇ ਹਨ। ਪਰਵਾਸ ਦਾ ਰੁਝਾਨ ਠੱਲ੍ਹਣ ਲਈ ਸਰਕਾਰਾਂ ਨੂੰ ਵਿਸ਼ੇਸ਼ ਕਦਮ ਚੁੱਕਣ ਪੈਣਗੇ। ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਉਪਲਬਧ ਕਰਵਾਉਣੇ ਪੈਣਗੇ। ਨੌਕਰੀ ਦਾ ਵਧੀਆ ਮਾਹੌਲ ਅਤੇ ਚੰਗੀ ਤਨਖਾਹ ਦੇਣੀ ਹੋਵੇਗੀ। ਨੌਕਰੀ ਵੇਲੇ ਕੀਤਾ ਜਾ ਰਿਹਾ ਆਰਥਿਕ ਸ਼ੋਸ਼ਣ ਵੀ ਰੋਕਣਾ ਹੋਵੇਗਾ। ਜੇ ਸਰਕਾਰਾਂ ਨੇ ਸਮੇਂ ਸਿਰ ਨੌਜਵਾਨਾਂ ਦੇ ਪਰਵਾਸ ਬਾਰੇ ਗੰਭੀਰਤਾ ਨਾ ਵਿਖਾਈ ਤਾਂ ਆਉਂਦੇ ਕੁਝ ਹੀ ਵਰ੍ਹਿਆਂ ਵਿੱਚ ਪੰਜਾਬ ਆਰਥਿਕ ਅਤੇ ਮਨੁੱਖੀ ਹੁਨਰ ਦੇ ਗੰਭੀਰ ਸੰਕਟ ਵਿੱਚ ਹੋਵੇਗਾ।

## ਮਿੰਨੀ ਕਹਾਣੀ

# ਪਛਤਾਵਾ ਕੌੜਾ ਪਾਣੀ ਪਿਆਉਣ ਦਾ

-ਜੁਝਾਰ ਸਿੰਘ ਖੁਸ਼ਦਿਲ

ਤਾਰੀ ਆਪਣੇ ਬਾਪੂ ਨਾਲ ਖੇਤ 'ਚ ਸਵੇਰ ਤੋਂ ਕੰਮ ਕਰਵਾ ਰਿਹਾ ਸੀ। ਝੋਨੇ ਦੀ ਲਵਾਈ ਚੱਲ ਰਹੀ ਸੀ। ਪੰਜ ਕੁ ਵਜਦੇ ਸਾਰ ਤਾਰੀ ਦੇ ਬਾਪੂ ਨੇਕ ਸਿੰਘ ਨੂੰ ਦਾਰੂ ਦੀ ਤਲਬ ਉਠੀ। ਉਸ ਨੇ ਤਾਰੀ ਨੂੰ ਪੈਸੇ ਦਿੰਦਿਆਂ ਕਿਹਾ, ''ਜਾਹ ਤਾਰੀ ਠੇਕੇ ਤੋਂ ਬੋਤਲ ਲੈ ਕੇ ਆ।''

ਤਾਰੀ ਨੂੰ ਸ਼ਰਾਬ ਤੋਂ ਨਫਰਤ ਸੀ। ਉਹ ਆਪਣੇ ਤਾਏ ਨੂੰ ਦਾਰੂ ਪੀ ਕੇ ਕਈ ਵਾਰ ਲੜਦੇ ਤੇ ਗਾਲਾਂ ਕੱਢਦੇ ਵੇਖ ਚੁੱਕਾ ਸੀ। ਤਾਰੀ ਨੇ ਸ਼ਰਾਬ ਲਿਆਉਣ ਤੋਂ ਇਨਕਾਰ ਕਰ ਦਿੱਤਾ। ਬਾਪੂ ਨੇ ਰੋਅਬ ਮਾਰਿਆ ਅਤੇ ਪੰਜ ਸੌ ਦਾ ਨੋਟ ਫੜਾ ਦਿੱਤਾ। ਤਾਰੀ ਪਹਿਲਾਂ ਕਦੇ ਠੇਕੇ ਨਹੀਂ ਸੀ ਗਿਆ। ਉਹ ਅੱਠਵੀਂ ਜਮਾਤ ਵਿੱਚ ਪੜ੍ਹਦਾ ਸੀ ਠੇਕੇ ਜਾਣ ਤੋਂ ਸ਼ਰਮ ਮੰਨਦਾ ਸੀ। ਬਾਪੂ ਦੇ ਡਰ ਦੇ ਮਾਰੇ ਉਸ ਨੇ ਸ਼ਰਾਬ ਲਿਆ ਦਿੱਤੀ। ਤਾਰੀ ਦੇ ਬਾਪੂ ਨੇ ਸਟੀਲ ਦੇ ਗਲਾਸ ਵਿੱਚ ਮੋਟਾ ਜਿਹਾ ਪੈੱਗ ਪਾਇਆ ਤੇ ਇੱਕੋ ਸਾਹੇ ਪੀ ਗਿਆ। ਬੁੜਬੜਾਉਂਦਾ ਬੋਲਣ ਲੱਗਾ, 'ਓਏ ਤਾਰੀ ਅੱਜ ਖੇਤ ਤੇਰਾ ਤਾਇਆ 'ਨੀਂ ਆਇਆ।''

ਰੋਜ਼ ਤਾਰੀ ਦਾ ਤਾਇਆ ਅਤੇ ਬਾਪੂ ਇਕੱਠੇ ਪੀਂਦੇ ਸਨ। ਤਾਰੀ ਨੇ ਕਿਹਾ, ''ਉਹ ਸ਼ਹਿਰ ਗਿਐ।''

ਤਾਰੀ ਦਾ ਬਾਪੂ ਫਿਰ ਬੁੜਬੜਾਉਂਦਾ ਇਕੱਲਾ ਬੋਲ ਰਿਹਾ ਸੀ, ''ਮੈਨੂੰ ਤਾਂ ਅੱਜ ਇਕੱਲੇ ਪੀਂਦੇ ਨੂੰ ਨਾ ਨਸ਼ਾ ਹੁੰਦੈ ਨਾ ਹੀ ਕੋਈ ਸੁਆਦ। ਦੋ-ਚਾਰ ਬੰਦਿਆਂ ਬਿਨਾਂ ਪੀਣ ਦਾ ਸੁਆਦ ਹੀ ਨਹੀਂ ਆਉਂਦਾ।'' ਉਸ ਨੇ ਤਾਰੀ ਨੂੰ ਕੋਲ ਬੁਲਾਇਆ ਤੇ ਸਟੀਲ ਦੇ ਗਲਾਸ ਵਿੱਚ ਥੋੜ੍ਹੀ ਜਿਹੀ ਦਾਰੂ ਪਾ ਕੇ ਕਿਹਾ, ''ਲੈ ਸ਼ੇਰਾ ਅੱਜ ਕੌੜਾ ਪਾਣੀ ਪੀ ਕੇ ਵੇਖ।''

ਤਾਰੀ ਨੂੰ ਸ਼ਰਾਬ ਤੋਂ ਬਦਬੂ ਆਉਂਦੀ ਸੀ। ਉਸ ਨੇ ਪੀਣ ਤੋਂ ਇਨਕਾਰ ਕਰ ਦਿੱਤਾ, ਪਰ ਬਾਪੂ ਨੇਕ ਸਿੰਘ ਨੇ ਧੱਕੇ ਨਾਲ ਪੈਗ ਲਗਵਾ ਦਿੱਤਾ। ਨਸ਼ਾ ਚੜ੍ਹਨ ਦੀ ਦੇਰ ਸੀ ਕਿ ਤਾਰੀ ਨੇ ਦੂਜਾ ਪੈਗ ਖੁਦ ਪਾ ਲਿਆ। ਘਰ ਆਉਣ ਤੇ ਮਾਂ ਨੇ ਖੂਬ ਗਾਲਾਂ ਦਿੱਤੀਆਂ, ਨਾਲ ਸਾਰੀ ਰਾਤ ਰੋਂਦੀ ਰਹੀ। ਅਗਲੇ ਦਿਨ ਤਾਰੀ ਸਕੂਲ ਜਾਣ ਦੀ ਥਾਂ ਸਵੇਰੇ ਹੀ ਖੇਤ ਚਲਿਆ ਗਿਆ। ਸ਼ਾਮ ਹੋਈ। ਤਾਰੀ ਸੋਚ ਰਿਹਾ ਸੀ ਕਿ ਬਾਪੂ ਜੇ ਅੱਜ ਫਿਰ ਬੋਤਲ ਮੰਗਵਾਵੇ ਤਾਂ ਗੱਲ ਬਣ ਜਾਵੇ। ਅੱਜ ਨੇਕ ਸਿੰਘ ਸਵੇਰੇ ਹੀ ਬੋਤਲ ਖੇਤ ਲੈ ਗਿਆ ਸੀ। ਤਾਰੀ ਤਲਾਬ ਵਿੱਚ ਟਿਊਬਵੈੱਲ ਵਾਲੇ ਕੋਠੇ ਵਿੱਚ ਜਾ ਵੜਿਆ। ਉਸ ਦੀ ਨਜ਼ਰ ਬਾਪੂ ਦੀ ਰੱਖੀ ਬੋਤਲ ਉੱਤੇ ਪੈ ਗਈ। ਉਸ ਨੇ ਸਟੀਲ ਦਾ ਗਲਾਸ ਅੱਧਾ ਕੀਤਾ ਤੇ ਪੀ ਗਿਆ। ਬੋਤਲ ਵਿੱਚ ਪਾਣੀ ਪਾ ਦਿੱਤਾ, ਅੱਠ-ਨੌਂ ਦਿਨ ਇਸੇ ਤਰ੍ਹਾਂ ਹੁੰਦਾ ਰਿਹਾ। ਨੇਕ ਸਿੰਘ ਨੂੰ ਸ਼ੱਕ ਹੋ ਗਿਆ ਕਿ ਨਸ਼ਾ ਕਿਉਂ ਨਹੀਂ ਹੁੰਦਾ। ਤਾਰੀ ਤੇ ਸ਼ੱਕ ਹੋਣ ਕਰ ਕੇ ਉਸ ਉੱਤੇ ਨਜ਼ਰ ਰੱਖੀ ਤੇ ਉਹ ਫੜਿਆ ਗਿਆ। ਉਸ ਦਿਨ ਬਾਪੂ ਨੇ ਤਾਰੀ ਨੂੰ ਬਹੁਤ ਕੁੱਟਿਆ ਤੇ ਉਹ ਘਰੋਂ ਚਲਾ ਗਿਆ।

ਤਾਰੀ ਦੀ ਮਾਂ ਉਸ ਦੇ ਪਿਓ ਨੂੰ ਕੋਸਣ ਲੱਗੀ, ''ਮੁੰਡੇ ਨੂੰ ਕਹਿੰਦਾ ਸੀ ਅਫਸਰ ਬਣਾਊਂ, ਸ਼ਰਾਬੀ ਬਣਾ 'ਤਾ ਮੇਰਾ ਪੁੱਤਰ। ਪਤਾ 'ਨੀਂ ਕਿੱਥੇ ਹਊ ਮੇਰਾ ਲਾਲ।'' ਕਈ ਦਿਨਾਂ ਬਾਅਦ ਪਿੰਡ ਦੇ ਕਿਸੇ ਬੰਦੇ ਤੋਂ ਸੂਹ ਮਿਲੀ, ਘਰ ਵਾਲੇ ਜਾ ਕੇ ਲੈ ਆਏ। ਤਾਰੀ ਦੇ ਬਾਪੂ ਨੇ ਸ਼ਰਾਬ ਪੀਣੀ ਛੱਡ ਦਿੱਤੀ। ਉਸ ਸਮੇਂ ਤੇ ਪਛਤਾਵਾ ਕਰ ਰਿਹਾ ਸੀ, ਜਦ ਤਾਰੀ ਨੂੰ ਲਾਡ-ਲਾਡ ਵਿੱਚ ਸ਼ਰਾਬ ਪਿਲਾਈ ਸੀ।


ੴ
ਧੰਨ ਧੰਨ ਰਾਜਾ ਸਾਹਿਬ ਜੀ

ਪਿੰਡ ਰਾਜਾ ਸਾਹਿਬ ਜੀ ਮਜ਼ਾਰੇ ਅਤੇ ਸਮੂਹ ਇਲਾਕਾ ਨਿਵਾਸੀਆਂ ਵਲੋਂ ਬੇਨਤੀ ਹੈ ਕਿ ਧੰਨ-ਧੰਨ ਰਾਜਾ ਸਾਹਿਬ ਜੀ ਦੀ ਯਾਦ ਵਿੱਚ ਗੁਰਦੁਆਰਾ ਸ੍ਰੀ ਉਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਵਿਖੇ ਸ੍ਰੀ ਆਖੰਡਪਾਠ ਸਾਹਿਬ ਕਰਵਾਏ ਜਾ ਰਹੇ ਹਨ।

❀❀❀ ਪ੍ਰੋਗਰਾਮ ❀❀❀

ਅਰੰਭ ਸ੍ਰੀ ਅਖੰਡਪਾਠ ਸਾਹਿਬ 13 ਸਤੰਬਰ, ਸਵੇਰੇ 10 ਵਜੇ ਹਾਲ ਨੂੰ 307
ਭੋਗ ਸ੍ਰੀ ਅਖੰਡਪਾਠ ਸਾਹਿਬ 15 ਸਤੰਬਰ 2019 ਨੂੰ ਸਵੇਰੇ 9 ਤੋਂ 10 ਵਜੇ

ਭੋਗ ਉਪਰੰਤ ਮੇਨ ਹਾਲ ਵਿੱਚ ਰਾਗੀ ਅਤੇ ਢਾਡੀ ਜੱਥੇ ਰਸਭੀਨਾ ਕੀਰਤਨ ਅਤੇ ਵਾਰਾਂ ਨਾਲ ਸੰਗਤਾਂ ਨਿਹਾਲ ਕਰਨਗੇ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਆਪ ਸਭ ਇਲਾਕਾ ਨਿਵਾਸੀਆਂ ਨੂੰ ਹੁੰਮ ਹੁਮਾਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਹਰਦੇਵ ਸਿੰਘ ਸ਼ੇਰਗਿੱਲ: 647-710-0735
ਕਸ਼ਮੀਰ ਸਿੰਘ ਘੁੰਮਣ: 416-319-0401
ਜੋਗਾ ਸਿੰਘ ਭੋਗਲ: 647-927-4234

ਗੁਰਦੁਆਰਾ ਸ੍ਰੀ ਉਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ
7080 Dixie Rd, Mississauga, ON L5S187

# NEED A LAWYER ??

# KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Tri-City Professional Realty Inc., Brokerage.
Number 1 Tri-City agent in Canada on basis of sales volume 2015

## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8

Avtar Singh Tiwana
Sales Rep.



FOR SALE
$1,279,900
**Mcvean / Castlemore**
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage.
$129,900
**Darcel/Brandon Gate**
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।



FOR SALE
$3,249,000
**Niagara Falls Ontario**
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

ਕੈਨੇਡੀਅਨ ਪੰਜਾਬੀ ਪੋਸਟ
Canadian Punjabi Post
CP A CP Media Group Publication

# NOW HIRING!
# SALES EXECUTIVES

The Sales Account Executive reports directly to the Sales Manager and is responsible for maximizing revenues by negotiating a broad range of advertising deals. Primary responsibilities include building, maintaining, and managing agency and corporate relationships, contract negotiations and implementation, performance evaluation, and maintenance of agreements with key customer interfaces.

Send your resume
at: balwinder@punjabipost.ca

Call: 416 970 5005
226 700 1300

# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

***VEGETARIAN FOOD***
***HEALTHY EATING***



## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109

www.BramptonTopRelator.com

**JAG AUJLA** REAL ESTATE BROKER

DIR: 416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD

Other Realtors only Promise
But JAG AUJLA SOLD YOUR HOME WITH
**GUARANTEE**
**OR HE'LL BUY IT!**

Top 1 Ranked in Broker

Call For a Quick & Free Home Evaluation
www.BramptonQuickHomeEvaluation.com

Urgently Need New Listing in Brampton/ GTA Call Jag Today To Sell Your Property For Top $$$ & Accurate Price

**CALEDON**
**ਕੈਨੇਡੀ / ਡੋਗੱਲ**
ਬਹੁਤ ਹੀ ਵਧੀਆ, ਸਾਫ ਸੁਥਰਾ ਡੀਟੈਚਡ ਘਰ, 2014 ਵਿੱਚ ਬਣਿਆ 4+2 ਬੈਡਰੂਮ ,5 ਵਾਸ਼ਰੂਮ ਅਤੇ ਫਿਨੀਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, ਮੈਨ ਫਲੋਰ 9 ਫੁੱਟ ਸਿਲਿੰਗ, ਸਟੈਨਡ ਓਕ ਸਟੇਅਰਕੇਸ, ਸਟੈਨਡ ਹਾਰਡਵੂਡ ਫਲੋਰ, 2 ਮਾਸਟਰ ਬੈਡਰੂਮ। ਬਹੁਤ ਸੋਹਣੀ ਇਟ ਇਨ ਕਿਚਨ , ਸਟੇਨਲੈਸ ਸਟੀਲ ਅਪਲਾਈਨਸੈਸ ।

**BRAMPTON**
**ਕੰਟਰੀਸਾਈਡ / ਮੇਅਫਿਲਡ**
ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 5 ਵਾਸ਼ਰੂਮ ਦਾ 2016 ਵਿੱਚ ਪ੍ਰੀਮੀਅਮ ਲਾਟ ਤੇ ਬਣਿਆ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ, ਮੇਨ ਫਲੋਰ 10 ਫੁੱਟ ਸਿਲਿੰਗ ਅਤੇ ਦੂਜੇ ਫਲੋਰ ਤੇ'9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਹੋਰ ਬਹੁਤ ਸਾਰੀਆਂ ਅਪਗ੍ਰੇਡਜ ਕੀਤੇ ਹਨ।

**BRAMPTON**
**ਬੋਵੇਰਡ/ਚਿੰਗੂਜੀ**
ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ, ਐਂਡ ਯੂਨੀਟ ਫਰੀਹੋਲਡ ਟਾਊਨ ਹਾਊਸ, ਸੇਮੀ ਵਰਗਾ ਜਿਸ ਵਿੱਚ 3 ਬੈਡਰੂਮ +ਕੰਪਿਊਟਰ ਲਾਫਟ+2 ਵਾਸ਼ਰੂਮ, ਫਿਨੀਸ਼ਡ ਬੇਸਮੈਂਟ ਅਤੇ ਵਾਕ ਆਊਟ ਬੈਕ ਯਾਰਡ, ਲੇਮੀਨੈਟ ਫਲੋਰ,ਕਰਾਊਨ ਮੋਲਡਿੰਗ, ਪੋਟ ਲਾਈਟ ਅਤੇ ਬਹੁਤ ਹੀ ਸੋਹਣੀ ਇਟ ਇਨ ਕਿਚਨ ਹੈ।

**BRAMPTON**
**ਵੈਨਲੈਸ/ ਮੇਕਲਾਗਲਿਨ**
ਸ਼ਾਨਦਾਰ ਤੇ ਸਾਫ ਸੁਥਰਾ 4+1 ਬੈਡਰੂਮ +4 ਵਾਸ਼ਰੂਮ ਦਾ ਸੈਮੀ-ਡਿਟੈਚ ਡਬਲ ਸਟੋਰੀ ਘਰ ਪਰੀਮੀਅਮ ਲਾਟ ਤੇ ਜਿਸ ਨੂੰ ਕਿ ਫਿਨੀਸ਼ਡ ਬੇਸਮੈਂਟ & ਸੇਪਰੇਟ ਏਂਟਰੈਂਸ, ਓਕ ਸੇਟਅਰਸ, ਲੇਮੀਨੇਟਡ ਫਲੋਰ, ਮਾਸਟਰ ਬੈਡਰੂਮ ਨੂੰ 6 ਪੀਸ ਇਨ-ਸੂਟ, SS ਅਪਲਾਇੰਸਸ ਤੇ ਹੋਰ ਵੀ ਬਹੁਤ ਕੁਝ;

**CALEDON**
**ਕਨੇਡੀ/ਡੋਗਲ/ਲੀਅਰਮੋਂਟ**
ਬਹੁਤ ਹੀ ਸ਼ਾਨਦਾਰ ਤੇ 5 ਸਾਲ ਨਵਾਂ 4 + 2 ਬੈਡਰੂਮ + 5 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ, ਜਿਸ ਨੂੰ ਕਿ ਫਿਨੀਸ਼ਡ ਬੇਸਮੈਂਟ। ਸੋਹਣੇ ਤੇ ਚਮਕਦਾਰ ਹਾਰਡਵੂਡ ਫਲੋਰ, ਸਟੇਨਡ ਓਕ ਸਟੇਅਰਸ, ਬਹੇਤ ਹੀ ਸੋਹਣੀ ਕਿਚਨ ਨੂੰ ਗਰੇਨਾਇਟ ਕਾਊਂਟਰਟਾਪ, ss ਅਪਲਾਇੰਸਸ ਤੇ ਹੋਰ ਵੀ ਬਹੁਤ ਕੁਝ;

**BRAMPTON**
**ਕੰਟਰੀ ਸਾਇਡ/ਗੋਰਡਨ ਰੈਂਡਲ**
ਸੋਹਣਾ ਤੇ ਸਾਫ ਸੁਥਰਾ ਡਿਟੈਚ ਡਬਲ ਸਟੋਰੀ, 2016 ਵਿੱਚ ਬਣਿਆ, 4 + 2 ਬੈਡਰੂਮ + 5 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਪਰੀਮੀਅਮ ਲਾਟ ਤੇ ਘਰ, ਜਿਸ ਨੂੰ ਕਿ ਫਿਨੀਸ਼ਡ ਬੇਸਮੈਂਟ। ਬਹੇਤ ਹੀ ਸੋਹਣੀ ਤੇ ਅਪਗ੍ਰੇਡਡ ਕਿਚਨ, ss ਅਪਲਾਇੰਸਸ, ਸਟੇਨੰਡ ਓਕ ਸਟੇਅਰਕੇਸ ਤੇ ਹੋਰ ਵੀ ਬਹੁਤ ਕੁਝ;



# Grand Upholstery Ltd
**Sofa Company** Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

**Tel: 905.791.2888 Cell: 647.293.3212**
2053 Williams Pkwy, Unit -45, Brampton | Email: grandupholstery@gmail.com



NU WAY TOUR & TRAVELS INC.

## ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Call Us For Guaranteed Lowest Airfare
ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



# REXDALE BODY SHOP
USED CAR SALE

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM

CHEEMA
LOWEST PRICE IN TOWN
Call Rick or Manminder Cheema: 416.749.9596 / 416.951.6431

Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com



# BEST CANADIAN RIDE SERVICE

ਜੇ ਤੁਸੀ Toronto ਤੋਂ Montreal ਜਾਂ Montreal ਤੋਂ Toronto ਜਾਣਾ/Move ਹੋਣਾ ਹੈ ਤਾਂ ਘਬਰਾਓ ਨਾ ਸਾਨੂੰ ਕਾਲ ਕਰੋ

We Deliver any Parcel or Document

• ਕਾਲ ਕਰੋ: 514-560-6613 •



# IFS INTERSTATE FREIGHT SYSTEMS INC.

## A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

**Also Hiring Owner Operators for local work & US**

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677



# TechSpirit
Consultation, Installation & Servicing

Specialized in:
- Analog & IP security cameras
- Installation & Maintenance Upgrade
- Video Doorbell Installation

1080p HD ਦੇ 4 ਸਿਕਊਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਹੋਰ ਸੇਵਾਵਾਂ:
Speaker/Soundbar Mount
Home Office Products
Small Kitchen Appliances
Media Box/Setup Box
Cell Phone Accessories
Car Accessories
DVD Shelves, Projector
Mount &Monitor Mount

LG UHD TV $350 $400 $480
ONKAGE FORTE SERIES HOME THEATRE SYSTEM
TV WALL MOUNTS STARTING FROM $9.99

For online shopping visit www.techspirit.ca
– SAME DAY SHIPPING – 100% SECURE PAYMENT

T.V WALL MOUNT ਵੀ ਇੰਸਟਾਲ ਕਰਦੇ ਹਨ

Call: 905-621-4100
7-8770 The Gore Road, Brampton, ON L6P 0B1

Opening Times
Mon - Sat 10 AM - 8 PM
Sunday 10 AM - 6 PM